R.N.I Regd. No. PUNPUN/2023/88634
ਫ਼ੋਨ -01633-358364 (ਮੋ. 62803-56564)
ਵੀਰਵਾਰ 28 ਨਵੰਬਰ - 2024 ਸ੍ਰੀ ਮੁਕਤਸਰ ਸਾਹਿਬ
ਸਾਲ (Year) : 01
ਮੁੱਲ (Rate) : 04 ਰੁ.
ਪੰਨੇ (Pages) : 8

# ਪੰਜਾਬ ਦਾ ਖੁਲਾਸਾ

ਮੁੱਖ ਸੰਪਾਦਕ : ਮਨਪ੍ਰੀਤ ਸਿੰਘ    ਸ੍ਰੀ ਮੁਕਤਸਰ ਸਾਹਿਬ    Weekly PUNJAB DA KHULASA

www.punjabdakhulasa.in    ww. facbook.com/punjabdakhulasa    E.mail.punjabdakhulasa1313@gmail.com

**ਪੱਤਰਕਾਰਾਂ ਦੀ ਲੋੜ**
40 ਮੁਕਤਿਆਂ ਦੀ ਪਵਿੱਤਰ ਧਰਤੀ ਸ੍ਰੀ ਮੁਕਤਸਰ ਸਾਹਿਬ ਤੋਂ ਪ੍ਰਕਾਸ਼ਿਤ ਹੋਏ ਨਵੇਂ ਅਖ਼ਬਾਰ
**ਪੰਜਾਬ ਦਾ ਖੁਲਾਸਾ**
ਨੂੰ ਵੱਖ-ਵੱਖ ਜ਼ਿਲ੍ਹਿਆਂ ਵਿਚੋਂ ਜ਼ਿਲ੍ਹਾ ਇੰਚਾਰਜ ਅਤੇ ਪੱਤਰਕਾਰਾਂ ਦੀ ਲੋੜ ਹੈ
ਸੰਪਰਕ
62803-56564
ਸੰਪਾਦਕ :
ਅਸ਼ੋਕ ਭਾਰਦਵਾਜ

## ਪੰਜਾਬ 'ਚ ਖ਼ੌਫ਼ਨਾਕ ਵਾਰਦਾਤ, ਬੱਚੇ ਦਾ ਬੇਰਹਿਮੀ ਨਾਲ ਕਤਲ, ਭਿਆਨਕ ਹਾਲਾਤ 'ਚ ਮਿਲੀ ਲਾਸ਼

ਪੰਜਾਬ ਦਾ ਖੁਲਾਸਾ




**ਭੁਲੱਥ, 27 ਨਵੰਬਰ** – ਕਸਬਾ ਭੁਲੱਥ ਵਿਖੇ ਪ੍ਰਵਾਸੀ ਪਰਿਵਾਰ ਦੇ 9 ਸਾਲਾ ਬੱਚੇ ਦਾ ਬੇਰਹਿਮੀ ਨਾਲ ਕਤਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਫਿਲਹਾਲ ਪੁਲਸ ਦੇ ਹੱਥ ਕਾਤਲਾਂ ਬਾਰੇ ਕੋਈ ਸੁਰਾਗ ਨਹੀਂ ਲੱਗਾ। ਇਥੇ ਇਹ ਦੱਸਣਯੋਗ ਹੈ ਕਿ ਕਤਲ ਕੀਤਾ ਗਿਆ ਬੱਚਾ ਹਫ਼ਤਾ ਪਹਿਲਾਂ ਸ਼ਾਮ ਸਮੇਂ ਗਾਇਬ ਹੋ ਗਿਆ ਸੀ। ਜਿਸ ਦੀ ਲਾਸ਼ ਹੁਣ ਤਰਸਯੋਗ ਹਾਲਾਤ ਵਿਚ ਮਿਲੀ ਹੈ। ਇਕੱਤਰ ਜਾਣਕਾਰੀ ਅਨੁਸਾਰ ਵਿਨੋਦ ਕੁਮਾਰ ਪੁੱਤਰ ਪੰਧਾਰੀ ਵਾਸੀ ਬਹਾਰਪੁਰ, ਥਾਣਾ ਰੋਹਾਨੀਆ ਜ਼ਿਲ੍ਹਾ ਵਾਰਾਨਸੀ, ਉੱਤਰ ਪ੍ਰਦੇਸ਼ ਹਾਲ ਵਾਸੀ ਨੇੜੇ ਮਹਾਰਾਜਾ ਪੈਲੇਸ ਭੁਲੱਥ ਨੇ ਥਾਣਾ ਭੁਲੱਥ ਦੀ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਦੱਸਿਆ ਕਿ ਉਸ ਦਾ ਲੜਕਾ ਗੋਲੂ (9 ਸਾਲ) 20 ਨਵੰਬਰ ਨੂੰ ਸ਼ਾਮ ਦੇ ਕਰੀਬ 7 ਵਜੇ ਭੁਲੱਥ ਦੇ ਬਾਜ਼ਾਰ ਵਿਚ ਮਿਰਚਾ ਲੈਣ ਲਈ ਗਿਆ ਸੀ, ਜੋ ਵਾਪਸ ਨਹੀਂ ਆਇਆ। ਉਸ ਦੀ ਭਾਲ ਉਹ ਹੁਣ ਤੱਕ ਆਪਣੇ ਤੌਰ 'ਤੇ ਕਰਦਾ ਰਿਹਾ ਹੈ ਪਰ ਕੋਈ ਪਤਾ ਨਹੀ ਲੱਗਾ ਸੀ। ਅੱਜ ਉਸ ਨੂੰ ਪਤਾ ਲੱਗਾ ਕਿ ਸਾਡੀਆਂ ਝੁੱਗੀਆਂ ਨੇੜੇ ਬਣੇ ਸਰਕਾਰੀ ਕਾਲਜ ਭੁਲੱਥ ਦੀ ਬੈਕਸਾਈਡ ਖੇਤਾਂ ਵਿਚ ਮੋਟਰ ਦੀ ਛੱਤ 'ਤੇ ਕਿਸੇ ਬੱਚੇ ਦੀ ਲਾਸ਼ ਪਈ ਹੈ। ਉਸ ਨੇ ਆਪਣੀ ਪਤਨੀ ਪੂਜਾ ਨੂੰ ਨਾਲ ਲੈ ਕੇ ਮੋਟਰ ਦੀ ਛੱਤ 'ਤੇ ਜਾ ਕੇ ਵੇਖਿਆ ਤਾਂ ਛੱਤ 'ਤੇ ਪਈ ਬੱਚੇ ਦੀ ਲਾਸ਼ ਉਸ ਦੇ ਲੜਕੇ ਗੋਲੂ ਦੀ ਸੀ, ਜਿਸ ਦੀ ਜੀਭ ਬਾਹਰ ਆਈ ਹੋਈ ਸੀ ਅਤੇ ਦੋਵੇਂ ਅੱਖਾਂ ਵੀ ਬਾਹਰ ਆਈਆਂ ਹੋਈਆਂ ਸਨ। ਬੱਚੇ ਦੇ ਦੋਵਾਂ ਪੈਰਾਂ ਦੇ ਗਿੱਟਿਆਂ ਨੂੰ ਅਸਮਾਨੀ ਰੰਗ ਦੇ ਪਾਇਪ ਨਾਲ ਬੰਨ੍ਹਿਆ ਹੋਇਆ ਸੀ ਅਤੇ ਗਰਦਨ 'ਤੇ ਕੀੜੇ ਚੱਲ ਰਹੇ ਸਨ ਅਤੇ ਉਸ ਦੇ ਨਿੱਕਰ ਵੀ ਨਹੀਂ ਸੀ। ਉਸ ਦੇ ਲੜਕੇ ਗੋਲੂ ਦੀ ਲਾਸ਼ ਨੂੰ ਵੇਖਣ ਤੋਂ ਲੱਗਦਾ ਹੈ ਕਿ ਕਿਸੇ ਨਾ ਮਾਲੂਮ ਵਿਅਕਤੀਆ ਨੇ ਗਲਾ ਘੁੱਟ ਕੇ ਉਸ ਦੇ ਲੜਕੇ ਨੂੰ ਮਾਰ ਦਿੱਤਾ ਹੈ, ਜਿਸ 'ਤੇ ਮੁਕੱਦਮਾ ਦਰਜ ਕੀਤਾ ਗਿਆ। ਦੂਜੇ ਪਾਸੇ ਇਸ ਸਬੰਧੀ ਥਾਣਾ ਭੁਲੱਥ ਦੇ ਐੱਸ. ਐੱਚ. ਓ. ਹਰਜਿੰਦਰ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਸਬੰਧੀ ਨਾ-ਮਾਲੂਮ ਵਿਅਕਤੀਆ ਖ਼ਿਲਾਫ਼ ਕਤਲ ਕੇਸ ਦਰਜ ਕੀਤਾ ਗਿਆ ਹੈ। ਬੱਚੇ ਦੀ ਲਾਸ਼ ਦਾ ਪੋਸਟਮਾਰਟਮ ਕਰਵਾ ਕੇ ਲਾਸ਼ ਨੂੰ ਵਾਰਿਸਾਂ ਦੇ ਹਵਾਲੇ ਕੀਤਾ ਗਿਆ ਹੈ।

## ਪਹਾੜਾਂ ਤੋਂ ਬਰ.ਫ ਖੋਹ ਰਿਹੈ ਜਲਵਾਯੂ ਪਰਿਵਰਤਨ, ਕਸ਼ਮੀਰ 'ਚ ਸੈਲਾਨੀਆਂ ਦੀ ਆਮਦ ਘਟੀ

ਪੰਜਾਬ ਦਾ ਖੁਲਾਸਾ

**ਸ੍ਰੀਨਗਰ, 27 ਨਵੰਬਰ** : ਸਰਦੀਆਂ ਸ਼ੁਰੂ ਹੁੰਦੇ ਹੀ ਕਸ਼ਮੀਰ ਦੇ ਪਹਾੜਾਂ 'ਤੇ ਬਰਫ਼ਬਾਰੀ ਸ਼ੁਰੂ ਹੋ ਗਈ ਅਤੇ ਨਵੰਬਰ ਤੱਕ ਪਹਾੜ ਬਰਫ ਦੀ ਮੋਟੀ ਚਾਦਰ ਨਾਲ ਢੱਕ ਗਏ। ਗੁਲਮਰਗ, ਸੋਨਮਰਗ, ਯੁਸਮਰਗ ਜਾਂ ਪਹਿਲਗਾਮ, ਸਾਰੇ ਟੂਰਿਸਟ ਸਥਾਨ ਬਰਫ ਨਾਲ ਢੱਕੇ ਹੋਏ ਸਨ। ਸਮੁੰਦਰ ਤਲ ਤੋਂ 13 ਹਜ਼ਾਰ ਮੀਟਰ ਦੀ ਉਚਾਈ 'ਤੇ ਹਿਮਾਲੀਅਨ ਪਰਬਤ ਲੜੀ ਵਿਚ ਗੁਲਮਰਗ ਦੀਆਂ ਘਾਟੀਆਂ ਸੈਲਾਨੀਆਂ ਨੂੰ ਦਿਲਾਸਾ ਦਿੰਦੀਆਂ ਸਨ। ਪਹਿਲਾਂ ਇੱਥੇ ਸਕੀਇੰਗ, ਆਈਸ ਸਾਈਕਲਿੰਗ ਆਦਿ ਦੇ ਬਹੁਤ ਸ਼ੌਕੀਨ ਲੋਕ ਹੁੰਦੇ ਸਨ ਪਰ ਇਸ ਵਾਰ ਪਹਾੜ ਉਦਾਸ ਨਜ਼ਰ ਆ ਰਹੇ ਹਨ। ਨਵੰਬਰ ਖ਼ਤਮ ਹੋਣ ਜਾ ਰਿਹਾ ਹੈ ਪਰ ਦਿਲ ਨੂੰ ਸਕੂਨ ਦੇਣ ਵਾਲੀ ਬਰਫ਼ ਗੁਲਮਰਗ ਵਿੱਚ ਨਹੀਂ ਡਿੱਗੀ ਹੈ। ਇਸੇ ਕਰਕੇ ਇੱਥੇ ਘਾਟੀ ਵੀਰਾਨ ਦਿਖਾਈ ਦਿੰਦੀ ਹੈ। ਅਫ਼ਰਾਵਾਤ ਸਮੇਤ ਉੱਚੀਆਂ ਚੋਟੀਆਂ 'ਤੇ ਕੁਝ ਥਾਵਾਂ 'ਤੇ ਬਰਫ਼ ਦੀ ਥੋੜ੍ਹੀ ਜਿਹੀ ਪਰਤ ਦਿਖਾਈ ਦਿੰਦੀ ਹੈ। ਇਸ ਸਮੇਂ ਕਸ਼ਮੀਰ ਸਮੇਤ ਪੂਰੇ ਸੂਬੇ 'ਚ ਮੌਸਮ ਖੁਸ਼ਕ ਹੈ ਅਤੇ ਮੌਸਮ ਵਿਭਾਗ ਮੁਤਾਬਕ 5 ਦਸੰਬਰ ਤੱਕ ਬਰਫ਼ਬਾਰੀ ਦੀ ਕੋਈ ਸੰਭਾਵਨਾ ਨਹੀਂ ਹੈ। ਮੌਸਮ ਵਿਗਿਆਨੀ ਇਸ ਦਾ ਕਾਰਨ ਜਲਵਾਯੂ ਤਬਦੀਲੀ ਅਤੇ ਗਲੋਬਲ ਵਾਰਮਿੰਗ ਦਾ ਹਵਾਲਾ ਦੇ ਰਹੇ ਹਨ। ਫਿਲਹਾਲ ਬਰਫ਼ ਦੇਖਣ ਦੇ ਚਾਹਵਾਨ ਸੈਲਾਨੀ ਜਿਵੇਂ ਹੀ ਗੁਲਮਰਗ 'ਚ ਦਾਖਲ ਹੁੰਦੇ ਹਨ ਤਾਂ ਖੁਸ਼ਕ ਘਾਟੀਆਂ ਉਨ੍ਹਾਂ ਦਾ ਸਵਾਗਤ ਕਰਦੀਆਂ ਹਨ। ਸੋਨਮਰਗ, ਯੂਸਮਰਗ, ਪਹਿਲਗਾਮ ਅਤੇ ਦੁੱਧਪਥਰੀ ਵਿੱਚ ਵੀ ਇਹੀ ਸਥਿਤੀ ਹੈ। ਇਸ ਸਥਿਤੀ ਵਿੱਚ ਸੈਰ ਸਪਾਟਾ ਉਦਯੋਗ ਨਾਲ ਜੁੜੇ ਲੋਕ ਸਦਮੇ ਵਿੱਚ ਹਨ।



ਗੁਲਮਰਗ 'ਚ ਐਡਵੈਂਚਰ ਯੂਨਿਟ ਚਲਾਉਣ ਵਾਲਾ ਮੁਬਾਸ਼ੀਰ ਅਹਿਮਦ 20 ਸਾਲਾਂ ਤੋਂ ਇਸ ਕੰਮ ਨਾਲ ਜੁੜਿਆ ਹੋਇਆ ਹੈ। ਆਮ ਹਾਲਤਾਂ ਵਿਚ ਅਕਤੂਬਰ ਤੋਂ ਪਹਿਲਾਂ ਇੱਥੇ ਬੁਕਿੰਗ ਸ਼ੁਰੂ ਹੋ ਜਾਂਦੀ ਹੈ ਪਰ ਇਸ ਸਾਲ ਕੁਝ ਹੀ ਬੁਕਿੰਗਾਂ ਹੋਈਆਂ ਹਨ। ਬਰਫ਼ ਨਾ ਹੋਣ ਕਾਰਨ ਸਕੀਇੰਗ ਦਾ ਸਾਮਾਨ ਇਸ ਤਰ੍ਹਾਂ ਪਿਆ ਹੈ ਤਾਂ ਖਿਡਾਰੀ ਸਕੀਇੰਗ ਕਿੱਥੇ ਕਰਨਗੇ ?

ਗੁਲਮਰਗ ਵਿੱਚ ਇੱਕ ਰੈਸਟੋਰੈਂਟ ਚਲਾਉਣ ਵਾਲੇ ਸ਼ੌਕਤ ਅਹਿਮਦ ਵਾਜ਼ਾ ਨੇ ਦੱਸਿਆ ਕਿ ਸਰਦੀਆਂ ਵਿੱਚ ਸੈਲਾਨੀ ਇੱਥੇ ਬਰਫ਼ ਦੇਖਣ ਆਉਂਦੇ ਹਨ ਜਦੋਂਕਿ ਖਿਡਾਰੀ ਇੱਥੇ ਸਕੀਇੰਗ ਅਤੇ ਹੋਰ ਦਿਲਚਸਪ ਖੇਡਾਂ ਲਈ ਆਉਂਦੇ ਹਨ। ਬਰਫ਼ਬਾਰੀ ਨਾ ਹੋਣ ਕਾਰਨ ਸੈਲਾਨੀਆਂ ਦੀ ਆਮਦ ਘਟ ਗਈ ਹੈ। ਇਹ ਗਲੋਬਲ ਵਾਰਮਿੰਗ ਅਤੇ ਜਲਵਾਯੂ ਤਬਦੀਲੀ ਦਾ ਪ੍ਰਭਾਵ ਹੈ। ਦੁਨੀਆ ਦੇ ਬਾਕੀ ਦੇਸ਼ਾਂ ਵਾਂਗ ਘਾਟੀ ਵੀ ਪ੍ਰਭਾਵਿਤ ਹੋਈ ਹੈ। ਗਲੋਬਲ ਵਾਰਮਿੰਗ ਦੇ ਪ੍ਰਭਾਵਾਂ ਨੂੰ ਰੋਕਣਾ ਇੰਨਾ ਆਸਾਨ ਨਹੀਂ ਹੈ। ਇਹ ਬਹੁਤ ਵੱਡਾ ਮੁੱਦਾ ਹੈ ਅਤੇ ਜਦੋਂ ਤੱਕ ਦੁਨੀਆ ਦੇ ਸਾਰੇ ਦੇਸ਼ ਇਕੱਠੇ ਹੋ ਕੇ ਕੋਈ ਠੋਸ ਨੀਤੀ ਨਹੀਂ ਅਪਣਾਉਂਦੇ, ਉਦੋਂ ਤੱਕ ਇਸ 'ਤੇ ਕਾਬੂ ਨਹੀਂ ਪਾਇਆ ਜਾ ਸਕਦਾ।

ਗੁਲਮਰਗ ਵਿੱਚ ਹਰ ਸਾਲ ਵਿੰਟਰ ਸਪੋਰਟਸ ਕਰਵਾਈਆਂ ਜਾਂਦੀਆਂ ਹਨ। ਇਸ ਸਾਲ ਲੋੜੀਂਦੀ ਬਰਫ਼ਬਾਰੀ ਨਾ ਹੋਣ ਕਾਰਨ ਇਨ੍ਹਾਂ ਦੇ ਮੁਲਤਵੀ ਹੋਣ ਦੀ ਸੰਭਾਵਨਾ ਵਧ ਗਈ ਹੈ। ਹਾਲਾਂਕਿ ਸੈਰ ਸਪਾਟਾ ਵਿਭਾਗ ਦਾ ਕਹਿਣਾ ਹੈ ਕਿ ਸਰਦ ਰੁੱਤ ਦੀਆਂ ਖੇਡਾਂ ਕਰਵਾਉਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਵਿਭਾਗ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਇਹ ਸੱਚ ਹੈ ਕਿ ਗੁਲਮਰਗ ਵਿੱਚ ਓਨੀ ਬਰਫ਼ਬਾਰੀ ਨਹੀਂ ਹੋਈ ਜਿੰਨੀ ਅਕਤੂਬਰ-ਨਵੰਬਰ ਵਿੱਚ ਹੁੰਦੀ ਸੀ।

## ਵਿਜ਼ਡਮ ਵਰਲਡ ਸਕੂਲ ਚੁਣਿਆ ਗਿਆ ਮੁਕਤਸਰ ਦਾ ਬੈਸਟ ਸਕੂਲ

ਪੰਜਾਬ ਦਾ ਖੁਲਾਸਾ






**ਸ਼੍ਰੀ ਮੁਕਤਸਰ ਸਾਹਿਬ, 27 ਨਵੰਬਰ (ਮਨਪ੍ਰੀਤ ਮੋਨੂੰ )** 25, 26, 27 ਨਵੰਬਰ 2024 ਨੂੰ ਮੁੰਬਈ ਵਿਖੇ ਹੋਏ ਸਟਾਰ ਐਜੂਕੇਸ਼ਨ ਅਵਾਰਡ 2024 ਸੈਰੇਮਨੀ ਹੋਈ।ਜਿੱਥੇ ਪੂਰੇ ਭਾਰਤ ਵਿੱਚੋਂ ਸਕੂਲਾਂ ਨੂੰ ਮੈਰਿਟ ਦੇ ਆਧਾਰ ਤੇ ਚੁਣਿਆ ਗਿਆ। ਵਿਜ਼ਡਮ ਵਰਲਡ ਸਕੂਲ ਦੇ ਚੇਅਰਮੈਨ ਸਰਦਾਰ ਜਸਵਿੰਦਰ ਸਿੰਘ ਜੀ ਨੇ ਇਸ ਗੱਲ ਦੀ ਖੁਸ਼ੀ ਜਤਾਉਂਦੇ ਹੋਏ ਦੱਸਿਆ ਕਿ ਵਿਜ਼ਡਮ ਵਰਲਡ ਸਕੂਲ ਬੈਸਟ ਸਕੂਲ ਕੈਟਾਗਰੀ ਦੇ ਅਧੀਨ ਮੁਕਤਸਰ ਦਾ ਬੈਸਟ ਸਕੂਲ ਚੁਣਿਆ ਗਿਆ ਹੈ ਅਤੇ ਇਹ ਵੀ ਕਿਹਾ ਕਿ ਇਹ ਸਕੂਲ ਨਵਾਂ ਹੋਣ ਦੇ ਬਾਵਜੂਦ ਲਗਾਤਾਰ ਵੱਡੀਆਂ ਪ੍ਰਾਪਤੀਆਂ ਕਰ ਰਿਹਾ ਹੈ। ਇਸ ਅਵਾਰਡ ਨੂੰ ਪ੍ਰਾਪਤ ਕਰਨ ਲਈ ਡਾ. ਦਲਜੀਤ ਸਿੰਘ ਉਚੇਚੇ ਤੌਰ ਤੇ BKC, MMRDA ਗਰਾਉਂਡ ਮੁੰਬਈ ਪਹੁੰਚੇ। ਉਹਨਾਂ ਦੱਸਿਆ ਕਿ ਇਸ ਸਟਾਰ ਐਜੂਕੇਸ਼ਨ ਅਵਾਰਡ ਦਾ ਆਯੋਜਨ ਐਜੂਕੇਸ਼ਨ ਸਪਲਾਈ ਅਤੇ ਫਰੈਂਚਾਈਜ਼ ਐਕਸਪੋ ਵੱਲੋਂ ਕੀਤਾ ਗਿਆ ਜਿੱਥੇ ਕਿ 10, 000 ਤੋਂ ਵੱਧ ਲੋਕਾਂ ਨੇ ਇਸ ਐਕਸਪੋ ਨੂੰ ਵਿਜਿਟ ਕੀਤਾ। ਉਨ੍ਹਾਂ ਇਸ ਗੱਲ ਦਾ ਮਾਨ ਮਹਿਸੂਸ ਕੀਤਾ ਕਿ ਜਿੱਥੇ ਭਾਰਤ ਦੇ ਵੱਡੇ ਵੱਡੇ ਸਕੂਲ ਜਿਵੇਂ ਕਿ ਰਿਆਨ ਸਕੂਲ, ਮੁੰਬਈ ਪੈਰਾਡਾਈਸੀ ਸਕੂਲ, ਮੋਨਟੈਸਰੀ ਸਕੂਲ ਆਦਿ ਵਰਗੇ ਸਕੂਲਾਂ ਨੂੰ ਇਹ ਸਨਮਾਨ ਨਾਲ ਸਨਮਾਨਿਤ ਕੀਤਾ, ਉਥੇ 2020 ਵਿੱਚ ਸਥਾਪਿਤ ਹੋਏ ਵਿਜ਼ਡਮ ਵਰਲਡ ਸਕੂਲ ਨੇ ਸਨਮਾਨਿਤ ਹੋ ਕੇ ਸਭ ਨੂੰ ਹੈਰਾਨ ਕਰ ਦਿੱਤਾ।

ਉਹਨਾਂ ਨੇ ਇਹ ਵੀ ਦੱਸਿਆ ਕਿ ਇਹ ਇਸ ਸੈਰਾਮਨੀ ਦਾ Dth ਐਡੀਸ਼ਨ ਸੀ ਅਤੇ ਇਹ ਸਨਮਾਨ ਹਾਸਿਲ ਕਰਨ ਲਈ ਸਕੂਲ ਦੀ ਪੜ੍ਹਾਈ ਦੇ ਸਿਸਟਮ, ਬਾਕੀ ਗਤੀਵਿਧੀਆਂ ਬਾਰੇ ਅਤੇ ਬੱਚਿਆਂ ਦੀ ਆਲ ਅਰਾਉਂਡ ਡਿਵੈਲਪਮੈਂਟ ਬਾਰੇ ਜਾਣਕਾਰੀ ਸੰਬੰਧੀ ਦਿੱਤੇ ਜਾਣ ਤੋਂ ਬਾਅਦ ਸਕੂਲ ਦੀ ਚੋਣ ਹੁੰਦੀ ਹੈ। ਇਹ ਸਨਮਾਨ ਨਾਲ ਜਿੱਥੇ ਸਾਰੇ ਸਟਾਫ ਅਤੇ ਬੱਚਿਆਂ ਦਾ ਹੌਸਲਾ ਵਧਿਆ ਹੈ ਉਥੇ ਉਹਨਾਂ ਸਾਰੇ ਅਧਿਆਪਕਾਂ ਅਤੇ ਬੱਚਿਆਂ ਨੂੰ ਇਹ ਪ੍ਰਣ ਦਵਾਇਆ ਕਿ ਅੱਗੇ ਤੋਂ ਹੋਰ ਵੀ ਜ਼ਿਆਦਾ ਮਿਹਨਤ ਕਰਨਗੇ ਤਾਂ ਜੋ ਇਸ ਤਰ੍ਹਾਂ ਦੀਆਂ ਪ੍ਰਾਪਤੀਆਂ ਹਾਸਲ ਕਰ ਭਾਰਤ ਵਿੱਚ ਹੀ ਨਹੀਂ ਸਗੋਂ ਪੂਰੇ ਵਿਸ਼ਵ ਵਿੱਚ ਅਸੀਂ ਆਪਣੇ ਨਾਮ ਰੋਸ਼ਨ ਕਰ ਸਕੀਏ । ਅੰਤ ਵਿੱਚ ਉਹਨਾਂ ਨੇ ਇਸ ਇਨਾਮ ਦੇ ਅਸਲੀ ਹੱਕਦਾਰ ਸਾਰੇ ਸਟਾਫ ਤੇ ਬੱਚਿਆਂ ਨੂੰ ਦੱਸਿਆ ਅਤੇ ਇਹ ਸਨਮਾਨ ਪ੍ਰਿੰਸੀਪਲ ਮੈਡਮ ਸੁਮਨ ਛਾਬੜਾ, ਵਾਈਸ ਪ੍ਰਿੰਸੀਪਲ ਮੈਡਮ ਸੋਨੀਆ, ਕੋਆਰਡੀਨੇਟਰ ਮੈਡਮ ਪੂਨਮ ਸ਼ਰਮਾ, ਮੈਡਮ ਅਮਨਦੀਪ ਕੌਰ, ਮੈਡਮ ਸਟੈਫੀ, ਮੈਡਮ ਏਕਤਾ ਅਤੇ ਸਰ ਕੁਲਦੀਪ ਕੁਮਾਰ ਨੂੰ ਬੱਚਿਆਂ ਦੀ ਹਾਜ਼ਰੀ ਵਿੱਚ ਸੌਂਪ ਦਿੱਤਾ।

## ਦਹਿਸ਼ਤ 'ਚ ਦਿੱਲੀ ..., ਕੇਜਰੀਵਾਲ ਦਾ ਅਮਿਤ ਸ਼ਾਹ 'ਤੇ ਵੱਡਾ ਹਮਲਾ; ਕਾਨੂੰਨ ਵਿਵਸਥਾ 'ਤੇ ਚੁੱਕੇ ਸਵਾਲ

ਪੰਜਾਬ ਦਾ ਖੁਲਾਸਾ



**ਨਵੀਂ ਦਿੱਲੀ, 27 ਨਵੰਬਰ** : ਆਮ ਆਦਮੀ ਪਾਰਟੀ ਦੇ ਕਨਵੀਨਰ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਾਨੂੰਨ ਵਿਵਸਥਾ 'ਤੇ ਸਵਾਲ ਖੜ੍ਹੇ ਕੀਤੇ ਹਨ।

ਕੇਜਰੀਵਾਲ ਨੇ ਐਕਸ 'ਤੇ ਪੋਸਟ ਕਰਦੇ ਹੋਏ ਲਿਖਿਆ ਕਿ ਦਿੱਲੀ 'ਚ ਹਰ ਪਾਸੇ ਡਰ ਅਤੇ ਅਸੁਰੱਖਿਆ ਦਾ ਮਾਹੌਲ ਹੈ। ਗਲੀਆਂ ਵਿੱਚ ਗੋਲ਼ੀਆਂ ਚਲਾਈਆਂ ਜਾ ਰਹੀਆਂ ਹਨ, ਵਪਾਰੀਆਂ ਨੂੰ ਧਮਕਾਇਆ ਜਾ ਰਿਹਾ ਹੈ, ਸ਼ਰੇਆਮ ਕਤਲ ਹੋ ਰਹੇ ਹਨ। ਕੇਜਰੀਵਾਲ ਨੇ ਲਿਖਿਆ ਕਿ ਅਮਿਤ ਸ਼ਾਹ ਨੇ ਦਿੱਲੀ ਦੀ ਕਾਨੂੰਨ ਵਿਵਸਥਾ ਦਾ ਮਜ਼ਾਕ ਉਡਾਇਆ ਹੈ। ਕੇਜਰੀਵਾਲ ਨੇ ਕਿਹਾ ਕਿ ਉਹ ਅੱਜ ਸ਼ਾਮ ਨੰਗਲੋਈ ਵਿੱਚ ਅਜਿਹੇ ਦੋ ਪਰਿਵਾਰਾਂ ਨੂੰ ਮਿਲਣ ਜਾ ਰਹੇ ਹਨ। ਦਿਨ ਦਿਹਾੜੇ ਇਕ ਪਰਿਵਾਰ ਦੀ ਦੁਕਾਨ 'ਤੇ ਗੋਲ਼ੀਆਂ ਚਲਾਈਆਂ ਗਈਆਂ। ਇਕ ਹੋਰ ਪਰਿਵਾਰ ਤੋਂ ਫੋਨ 'ਤੇ ਕਰੋੜਾਂ ਰੁਪਏ ਦੀ ਫਿਰੌਤੀ ਮੰਗੀ ਗਈ ਅਤੇ ਇਹ ਸਭ ਕੁਝ ਦਿੱਲੀ ਵਿਚ ਹੋ ਰਿਹਾ ਹੈ।

ਕੇਜਰੀਵਾਲ ਅੱਗੇ ਲਿਖਿਆ ਕਿ ਹਰ ਰੋਜ਼ ਅਖਬਾਰਾਂ ਵਿੱਚ ਖ਼ਬਰਾਂ ਛਪ ਰਹੀਆਂ ਹਨ। ਕੀ ਕਿਸੇ ਨੇ ਸੋਚਿਆ ਸੀ ਕਿ ਦਿੱਲੀ ਇੱਕ ਦਿਨ ਦੇਸ਼ ਦੀ ਲੁੱਟ ਦੀ ਰਾਜਧਾਨੀ ਬਣ ਜਾਵੇਗੀ ? ਉਨ੍ਹਾਂ ਲਿਖਿਆ ਕਿ ਇਹ ਸਭ ਕੁਝ ਅਮਿਤ ਸ਼ਾਹ ਦੇ ਘਰ ਤੋਂ ਕੁਝ ਕਿਲੋਮੀਟਰ ਦੂਰ ਹੋ ਰਿਹਾ ਹੈ। ਦਿੱਲੀ ਦੇ ਲੋਕ ਡਰ ਵਿਚ ਜੀਅ ਰਹੇ ਹਨ ਅਤੇ ਵਿਹਲੇ ਬੈਠੇ ਹਨ।

## ਪ੍ਰਾਈਵੇਟ ਬੰਦਿਆ ਦੀ ਪਨਾਹ 'ਚ ਚੱਲ ਰਿਹਾ ਤਹਿਸੀਲ ਦਫਤਰ ਫਿਰੋਜ਼ਪੁਰ

### ਇਸ ਦਫਤਰ ਦੇ ਸਰਕਾਰੀ ਅਧਿਕਾਰੀ ਤੇ ਕਰਮਚਾਰੀ ਇਹਨਾਂ ਜਰੀਏ ਕਮਾ ਰਹੇ ਨੇ ਲੱਖਾਂ

### ਰਜਿਸਟਰੀ ਲਈ ਦਿੱਤੇ ਗਏ ਦਸਤਾਵੇਜਾਂ ਦੀ ਜਾਂਚ ਪੜਤਾਲ ਤੋ ਲੈ ਕੇ ਤਹਿਸੀਲਦਾਰ ਦੀ ਮੋਜੂਦਗੀ ਚ ਹੋਣ ਵਾਲੀ ਫੋਟੋ ਦਾ ਕੰਮ ਚਲਦਾ ਇਹਨਾਂ ਜਰੀਏ।

ਪੰਜਾਬ ਦਾ ਖੁਲਾਸਾ

**ਫਿਰੋਜ਼ਪੁਰ, 27 ਨਵੰਬਰ (ਅਸ਼ੋਕ ਭਾਰਦਵਾਜ)** ਤਹਿਸੀਲ ਰੈਵੀਨਿਊ ਵਿਭਾਗ ਜੋ ਕਿ ਆਪਣੀਆਂ ਨਕਾਮੀਆਂ ਨੂੰ ਲੈ ਕੇ ਹਮੇਸ਼ਾ ਹੀ ਚਰਚਾਵਾਂ ਚ ਰਹਿੰਦਾ ਹੈ। ਜੇਕਰ ਤਹਿਸੀਲ ਦਫਤਰ ਨੂੰ ਰਿਸ਼ਵਤਖੋਰੀ ਦੀ ਹੱਬ ਕਿਹਾ ਜਾਵੇ ਤਾਂ ਇਸ ਚ ਕੋਈ ਅੱਤਕਥਨੀ ਨਹੀ ਹੋਵੇਗੀ ਕਿਉਕਿ ਤਹਿਸੀਲ ਦਾ ਕੋਈ ਵੀ ਕੰਮ ਬਿਨਾਂ ਕੁੱਝ ਲਏ ਹੁੰਦਾ ਹੀ ਨਹੀ ਜਿਸ ਤੋ ਨਿਜਾਤ ਦਿਵਾਉਣ ਲਈ ਭਗਵੰਤ ਸਿੰਘ ਮਾਨ ਹੁਰਾਂ ਦੀ ਸਰਕਾਰ ਨੇ ਡੋਰ ਟੂ ਡੋਰ ਜਾ ਕੇ ਪਿੰਡਾਂ ਦੀ ਸੱਥ ਚ ਰਜਿਸਟਰੀ ਹੋਵੇਗੀ ਇਸ ਪ੍ਰਣਾਲੀ ਨੂੰ ਪਹਿਲ ਦਿੱਤੀ ਸੀ ਜਿਸ ਦੇ ਮੱਦੇਨਜ਼ਰ ਲੋਕਾਂ ਨੂੰ ਜਾਗਰੂਕ ਕਰਨ ਲਈ ਵੱਡੀਆਂ ਵੱਡੀਆਂ ਐਡਵਰਟਾਇਸਮੈਂਟਾਂ ਵੀ ਕਰਵਾਈਆਂ ਜਾ ਰਹੀਆਂ ਹਨ ਪਰ ਜਮੀਨੀ ਪੱਧਰ ਦਾ ਬੋਲ ਬਾਲਾ ਕੁੱਝ ਹੋਰ ਹੀ ਹੈ। ਜੇਕਰ ਗੱਲ ਕੀਤੀ ਜਾਏ ਤਹਿਸੀਲ ਦਫਤਰ ਫਿਰੋਜ਼ਪੁਰ ਦੀ ਜੋ ਕਿ ਆਪਣੀਆਂ ਮਾੜੀ ਕਾਰਗੁਜਾਰੀ ਹਮੇਸ਼ਾ ਹੀ ਲੋਕਾਂ ਚ ਪਾਪੂਲਰ ਚੱਲ ਰਿਹਾ ਪਿਛਲੇ ਦਿਨੀ ਇਥੋ ਦੇ ਨਾਇਬ ਤਹਿਸੀਲਦਾਰ ਅਮਲੇ ਤੇ ਰਿਸ਼ਵਤਖੋਰੀ ਦੇ ਦੋਸ਼ ਲੱਗੇ ਸਨ ਪਰ ਪਰਨਾਲਾ ਫਿਰ ਵੀ ਉਥੇ ਦਾ ਉਥੇ ਹੀ ਚੱਲ ਰਿਹਾ ਕਿਉਕਿ ਇਸ ਦਫਤਰ ਦੇ ਰਿਸ਼ਵਤਖੋਰਾਂ ਦੀਆਂ ਜੜਾ ਪੱਕੀਆਂ ਹੋਈਆਂ ਹਨ। ਇਸ ਬਾਬਤ ਅੱਜ ਪੱਤਕਾਰਾਂ ਦੀ ਟੀਮ ਵਲੋ ਅਚਾਨਕ ਤਹਿਸੀਲ ਦਫਤਰ ਫਿਰੋਜ਼ਪੁਰ ਦਾ ਦੋਰਾ ਕੀਤਾ ਗਿਆ ਤਾਂ ਹੈਰਾਨੀ ਵਾਲੀ ਗੱਲ ਇਹ ਸਾਹਮਣੇ ਆਈ ਕਿ ਇਸ ਦਫਤਰ ਚ ਸਰਕਾਰੀ ਮੁਲਾਜਮ ਘੱਟ ਤੇ ਪ੍ਰਾਈਵੇਟ ਬੰਦੇ ਜਿਆਦਾ ਲੱਗੇ ਹੋਏ ਹਨ ਜੋ ਕਿ ਤਹਿਸੀਲਦਾਰਾਂ ਦੀ ਮੋਜੂਦਗੀ ਤੇ ਰਹਿਨੁਮਾਈ ਹੇਠ ਦੋਨਾਂ ਹੱਥਾਂ ਨਾਲ ਲੋਕਾਂ ਦੀ ਲੁੱਟ ਕਰਨ ਚ ਜੁਟੇ ਹੋਏ ਹਨ ਜਿਥੋ ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਇਹ ਦਫਤਰ ਪ੍ਰਾਈਵੇਟ ਬੰਦਿਆ ਦੀ ਭੇਟ ਚੜਿਆ ਹੋਇਆ ਹੈ ਤੇ ਇਹ ਬੰਦੇ ਆਪਣੀਆਂ ਚੰਮ ਦੀਆਂ ਚਲਾ ਕੇ ਅਫਸਰਸ਼ਾਹੀ ਦੇ ਮੋੜਿਆ ਤੇ ਮੋਜਾਂ ਮਾਨ ਰਹੇ ਹਨ ਤੇ ਇਸ ਦਫਤਰ ਦਾ ਸਰਕਾਰੀ ਅਮਲਾ ਇਹਨਾਂ ਪ੍ਰਾਈਵੇਟ ਬੰਦਿਆ ਦੀਆਂ ਬਦੋਲਤ ਆਪਣੀਆ ਜੇਬਾਂ ਗਰਮ ਕਰ ਰਹੇ ਹਨ ਤੇ ਆਪਣੀ ਹੀ ਮਰਜੀ ਨਾਲ ਦਫਤਰ ਚ ਆਉਦੇ ਜਾਂਦੇ ਹਨ। ਰਜਿਸਟਰੀ ਦੇ ਦਸਤਾਵੇਜ ਦੀ ਵੈਰੀਫਿਕੇਸ਼ਨ ਤੋ ਲੈ ਕੇ ਤਹਿਸੀਲਦਾਰ ਦੀ ਮੋਜੂਦਗੀ ਚ ਹੋਣ ਵਾਲੀ ਫੋਟੋ ਤੱਕ ਦਾ ਕੰਮ ਇਹਨਾਂ ਪ੍ਰਾਈਵੇਟ ਬੰਦਿਆ ਦੇ ਹੱਥ ਹੈ ਜੋ ਕਿ ਸਰਕਾਰੀ ਰਿਕਾਰਡ ਨਾਲ ਛੇੜਛਾੜ ਮਾਮਲਿਆ ਨੂੰ ਵੀ ਬੜਾਵਾ ਦੇ ਰਹੇ ਹਨ। ਹਜੇ ਪਿਛਲੇ ਦਿਨੀ ਰਜਿਸਟਰੀ ਤੇ ਸਾਇਨ ਅਥਾਰਟੀ ਨੂੰ ਲੈ ਕੇ ਵਿਵਾਦਾਂ ਚ ਚੱਲ ਰਹੀ ਸੀ ਤਹਿਸੀਲ ਫਿਰੋਜ਼ਪੁਰ। ਸੋ ਹੁਣ ਦੇਖਣਾ ਇਹ ਹੋਵੇਗਾ ਕਿ ਪ੍ਰਾਈਵੇਟ ਬੰਦਿਆ ਦੀ ਦਫਤਰੀ ਐਂਟਰੀ ਲਈ ਕੋਣ ਜਿੰਮੇਵਾਰੀ ਲੈਂਦਾ ਹੈ ਜਾ ਫਿਰ ਪਹਿਲਾਂ ਵਾਂਗ ਇਸ ਮਸਲੇ ਨੂੰ ਅਣਗੌਲਿਆ ਕਰਕੇ ਇਹਨਾਂ ਪ੍ਰਾਈਵੇਟ ਬੰਦਿਆ ਦੀ ਪਨਾਹ ਚ ਰਹੇਗੀ ਫਿਰੋਜ਼ਪੁਰ ਤਹਿਸੀਲ।





## ਜ਼ਮੀਨ ਦੀ ਰਜਿਸਟਰੀ ਕਰਵਾਉਣ ਬਦਲੇ 20,000 ਰੁਪਏ ਰਿਸ਼ਵਤ ਲੈਂਦਾ ਤਹਿਸੀਲਦਾਰ ਵਿਜੀਲੈਂਸ ਬਿਊਰੋ ਵੱਲੋਂ ਰੰਗੇ ਹੱਥੀਂ ਕਾਬੂ

ਪੰਜਾਬ ਦਾ ਖੁਲਾਸਾ

**ਬਰਨਾਲਾ, 27 ਨਵੰਬਰ** : ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਪੰਜਾਬ ਵਿਜੀਲੈਂਸ ਬਿਊਰੋ ਨੇ ਅੱਜ ਬੁੱਧਵਾਰ ਨੂੰ ਜ਼ਿਲ੍ਹਾ ਬਰਨਾਲਾ ਦੀ ਤਹਿਸੀਲ ਤਪਾ ਵਿਖੇ ਤਾਇਨਾਤ ਤਹਿਸੀਲਦਾਰ ਸੁਖਚਰਨ ਸਿੰਘ ਨੂੰ 20,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਅਧਿਕਾਰੀ ਨੂੰ ਅਮਰੀਕ ਸਿੰਘ ਵਾਸੀ ਪਿੰਡ ਬੀਹਲਾ, ਜ਼ਿਲ੍ਹਾ ਬਰਨਾਲਾ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੱਸਿਆ ਕਿ ਉਸ ਦੇ ਦੋਸਤ ਹਰਭਜਨ ਸਿੰਘ ਵਾਸੀ ਪਿੰਡ ਮੌੜ ਨਾਭਾ, ਜ਼ਿਲ੍ਹਾ ਬਰਨਾਲਾ ਨੇ ਉਕਤ ਤਹਿਸੀਲਦਾਰ ਤੋਂ 2 ਕਨਾਲ 4 ਮਰਲੇ ਵਾਹੀਯੋਗ ਜ਼ਮੀਨ ਦੀ ਰਜਿਸਟਰੀ ਕਰਵਾਉਣੀ ਸੀ ਪਰ ਇਸ ਦੇ ਬਦਲੇ ਉਹ ਸ਼ਿਕਾਇਤਕਰਤਾ ਤੋਂ 20,000 ਰੁਪਏ ਰਿਸ਼ਵਤ ਦੀ ਮੰਗ ਕਰ ਰਿਹਾ ਸੀ। ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਪੜਤਾਲ ਉਪਰੰਤ ਵਿਜੀਲੈਂਸ ਬਿਊਰੋ ਦੀ ਬਰਨਾਲਾ ਯੂਨਿਟ ਨੇ ਜਾਲ ਵਿਛਾ ਕੇ ਉਕਤ ਤਹਿਸੀਲਦਾਰ ਨੂੰ ਦੋ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿੱਚ ਸ਼ਿਕਾਇਤਕਰਤਾ ਤੋਂ 20,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ।

## ਵਿਰਕ ਕਲਾਂ ਬਠਿੰਡਾ ਸਿਵਲ ਏਅਰਪੋਰਟ ਤੋਂ ਜਾਂਚ ਦੌਰਾਨ ਹੱਥ ਬੈਗ ਵਿੱਚੋ 2 ਖਾਲੀ ਅਤੇ ਇੱਕ ਜਿੰਦਾ 32 ਬੋਰ ਕਾਰਤੂਸ ਬਰਾਮਦ

ਪੰਜਾਬ ਦਾ ਖੁਲਾਸਾ

**ਬਠਿੰਡਾ , 27 ਨਵੰਬਰ (ਰਾਮ ਸਿੰਘ ਕਲਿਆਣ)** ਬਠਿੰਡਾ ਨਜਦੀਕ ਪਿੰਡ ਵਿਰਕ ਕਲਾਂ ਸਥਿਤ ਸਿਵਲ ਏਅਰਪੋਰਟ ਤੋ ਸਕ੍ਰੀਨਿੰਗ ਦੌਰਾਨ ਇੱਕ ਬੈਗ ਵਿੱਚੋ ਦੋ ਖਾਲੀ ਅਤੇ ਇੱਕ ਜਿੰਦਾ ਕਾਰਤੂਸ 32 ਬੋਰ ਬਰਾਮਦ ਹੋਏ। ਹੌਲਦਾਰ ਇੰਦਰਜੀਤ ਸਿੰਘ ਨੇ ਥਾਣਾ ਸਦਰ ਬਠਿੰਡਾ ਪੁਲਿਸ ਕੋਲ ਬਿਆਨ ਦਰਜ ਕਰਵਾਏ ਹਨ ਕਿ ਪਿੰਡ ਵਿਰਕ ਕਲਾ ਸਥਿਤ ਸਿਵਲ ਏਅਰਪੋਰਟ ਬਠਿੰਡਾ ਵਿਖੇ ਸਕ੍ਰੀਨਿੰਗ ਦੌਰਾਨ ਹੱਥ ਬੈਗ ਵਿੱਚੋ 2 ਖਾਲੀ ਅਤੇ 1 ਜਿੰਦਾ 32 ਬੋਰ ਦਾ ਕਾਰਤੂਸ ਬਰਾਮਦ ਕੀਤਾ ਗਿਆ। ਹੌਲਦਾਰ ਇੰਦਰਜੀਤ ਦੇ ਬਿਆਨਾ ਦੇ ਆਧਾਰ ਤੇ ਥਾਣਾ ਸਦਰ ਵਿਖੇ ਮੁਕੱਦਮਾ ਨੰਬਰ 200 ਅਧੀਨ ਅਸਲਾ ਐਕਟ 26, 54 ,59 ਦਰਜ ਕਰਕੇ ਨਾਮਜ਼ਦ ਵਿਆਕਤੀਆ ਵਿਕਰਮਜੀਤ ਸਿੰਘ ਪੁੱਤਰ ਗੁਰਦੀਪ ਸਿੰਘ ਵਾਸੀ ਗੁੜਗਾਉ ਅਤੇ ਗੁਰਵਿੰਦਰ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਜਮਾਲਗੜ ਜਿੱਲਾ ਫਾਜਿਲਕਾ ਨੂੰ ਗ੍ਰਿਫਤਾਰ ਕਰ ਲਿਆ ਹੈ ।

## ਜਲੰਧਰ ਦੇ ਮਾਡਲ ਟਾਊਨ ਵਿੱਚ ਸੱਤਵੀਂ ਦੀ ਵਿਦਿਆਰਥਣ ਵਲੋਂ ਫਾਹਾ ਲੈ ਕੇ ਜੀਵਨ ਲੀਲਾ ਕੀਤੀ ਸਮਾਪਤ

ਪੰਜਾਬ ਦਾ ਖੁਲਾਸਾ

**ਜਲੰਧਰ, 27 ਨਵੰਬਰ (ਅਮ੍ਰਿਤਪਾਲ ਸਿੰਘ)** ਜਲੰਧਰ ਦੇ ਪੌਸ਼ ਖੇਤਰ ਮਾਡਲ ਟਾਊਨ ਦੇ ਨਾਲ ਲੱਗਦੇ ਆਬਾਦਪੁਰ 'ਚ 14 ਸਾਲਾ ਨਾਬਾਲਗ ਲੜਕੀ ਨੇ ਸ਼ੱਕੀ ਹਾਲਾਤਾਂ 'ਚ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਲੜਕੀ 7ਵੀਂ ਜਮਾਤ ਦੀ ਵਿਦਿਆਰਥਣ ਸੀ, ਜਿਸ ਦੀ ਲਾਸ਼ ਉਸ ਦੇ ਕਮਰੇ 'ਚ ਲਟਕਦੀ ਮਿਲੀ।ਥਾਣਾ ਡਵੀਜ਼ਨ ਨੰਬਰ-6 (ਮਾਡਲ ਟਾਊਨ) ਦੀ ਪੁਲੀਸ ਨੇ ਲੜਕੀ ਦੀ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਅੱਜ ਲੜਕੀ ਦਾ ਪੋਸਟਮਾਰਟਮ ਕਰਵਾਇਆ ਜਾਵੇਗਾ, ਜਿਸ ਤੋਂ ਬਾਅਦ ਲਾਸ਼ ਪਰਿਵਾਰ ਵਾਲਿਆਂ ਨੂੰ ਸੌਂਪ ਦਿੱਤੀ ਜਾਵੇਗੀ।ਘਟਨਾ ਦਾ ਪਤਾ ਉਦੋਂ ਲੱਗਾ ਜਦੋਂ ਬੱਚੀ ਦੀ ਮਾਂ ਨੇ ਘਰ ਵਾਪਸ ਆ ਕੇ ਆਪਣੀ ਬੇਟੀ ਨੂੰ ਫਾਹੇ ਨਾਲ ਲਟਕਦੀ ਦੇਖਿਆ। ਥਾਣਾ ਡਿਵੀਜ਼ਨ ਨੰਬਰ 6 ਦੇ ਐਸਐਚਓ ਸਾਹਿਲ ਚੌਧਰੀ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਆਬਾਦਪੁਰਾ ਵਿੱਚ ਇੱਕ ਨਾਬਾਲਗ ਨੇ ਆਪਣੇ ਘਰ ਵਿੱਚ ਫਾਹਾ ਲੈ ਲਿਆ ਹੈ। ਜਿਸ ਤੋਂ ਬਾਅਦ ਉਹ ਪੁਲਿਸ ਪਾਰਟੀ ਨਾਲ ਮੌਕੇ 'ਤੇ ਪਹੁੰਚੇ ਅਤੇ ਲਾਸ਼ ਨੂੰ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਭੇਜ ਦਿੱਤਾ। ਮ੍ਰਿਤਕਾ ਦੀ ਪਛਾਣ ਦਯਾਵੰਤੀ ਪੁੱਤਰੀ ਸੰਤੂ ਰਾਮ ਦੇ ਰੂਪ 'ਚ ਹੋਈ ਹੈ।ਐਸਐਚਓ ਚੌਧਰੀ ਨੇ ਦੱਸਿਆ ਕਿ ਲੜਕੀ ਸਰਕਾਰੀ ਸਕੂਲ ਵਿੱਚ ਪੜ੍ਹਦੀ ਸੀ ਅਤੇ ਮੰਗਲਵਾਰ ਨੂੰ ਸਕੂਲ ਤੋਂ ਵਾਪਸ ਆ ਕੇ ਆਪਣੇ ਕਮਰੇ ਵਿੱਚ ਚਲੀ ਗਈ। ਸ਼ਾਮ ਨੂੰ ਜਦੋਂ ਉਸ ਦੀ ਮਾਂ ਘਰ ਆਈ ਅਤੇ ਕਮਰੇ ਵਿਚ ਜਾ ਕੇ ਦੇਖਿਆ ਤਾਂ ਲੜਕੀ ਦੀ ਲਾਸ਼ ਲਟਕ ਰਹੀ ਸੀ। ਫਿਲਹਾਲ ਪਰਿਵਾਰਕ ਮੈਂਬਰਾਂ ਨੇ ਅਜੇ ਤੱਕ ਕੋਈ ਬਿਆਨ ਨਹੀਂ ਦਿੱਤਾ ਹੈ, ਜਦੋਂ ਪਰਿਵਾਰਕ ਮੈਂਬਰ ਬਿਆਨ ਦੇਣਗੇ ਤਾਂ ਉਸ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ। ਫਿਲਹਾਲ ਉਹ ਆਪਣੇ ਤੌਰ 'ਤੇ ਮਾਮਲੇ ਦੀ ਜਾਂਚ 'ਚ ਰੁੱਝੇ ਹੋਏ ਹਨ।

## ਨਵਜੋਤ ਸਿੱਧੂ ਨੂੰ ਛੱਤੀਸਗੜ੍ਹ ਸਿਵਲ ਸੁਸਾਇਟੀ ਨੇ ਭੇਜਿਆ 850 ਕਰੋੜ ਦਾ ਨੋਟਿਸ; ਕਿਹਾ- ਆਯੁਰਵੈਦ ਨਾਲ ਕੈਂਸਰ ਠੀਕ ਹੋਣ ਦੇ ਦਸਤਾਵੇਜ਼ ਭੇਜੋ ਜਾਂ ਮਾਫ਼ੀ ਮੰਗੋ

ਪੰਜਾਬ ਦਾ ਖੁਲਾਸਾ

**ਰਾਏਪੁਰ, 27 ਨਵੰਬਰ** : ਸਾਬਕਾ ਕ੍ਰਿਕਟਰ ਤੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੂੰ ਛੱਤੀਸਗੜ੍ਹ ਸਿਵਲ ਸੁਸਾਇਟੀ ਨੇ 850 ਕਰੋੜ ਰੁਪਏ ਦਾ ਕਾਨੂੰਨੀ ਨੋਟਿਸ ਜਾਰੀ ਕੀਤਾ ਹੈ। ਸੁਸਾਇਟੀ ਨੇ ਨੋਟਿਸ ਭੇਜ ਕੇ ਸੱਤ ਦਿਨਾਂ 'ਚ ਇਲਾਜ ਦੇ ਦਸਤਾਵੇਜ਼ ਪੇਸ਼ ਕਰਨ ਜਾਂ ਮਾਫੀ ਮੰਗਣ ਦੀ ਮੰਗ ਕੀਤੀ ਹੈ। ਜੇ ਅਜਿਹਾ ਨਹੀਂ ਕੀਤਾ ਗਿਆ ਤਾਂ ਨੁਕਸਾਨ ਦਾ ਦਾਅਵਾ ਕੀਤਾ ਜਾਵੇਗਾ। ਸੁਸਾਇਟੀ ਦੇ ਕਨਵੀਨਰ ਡਾ. ਕੁਲਦੀਪ ਸੋਲੰਕੀ ਦਾ ਕਹਿਣਾ ਹੈ ਕਿ ਸਿੱਧੂ ਨੇ ਪਤਨੀ ਨਵਜੋਤ ਕੌਰ ਸਿੱਧੂ ਵੱਲੋਂ ਆਯੁਰਵੇਦ ਨਾਲ ਇਲਾਜ ਕਰ ਕੇ ਕੈਂਸਰ ਦੀ ਚੌਥੀ ਸਟੇਜ ਦੀ ਬਿਮਾਰੀ ਨੂੰ 40 ਦਿਨਾਂ 'ਚ ਮਾਤ ਦੇਣ ਦਾ ਦਾਅਵਾ ਕੀਤਾ। ਦਾਅਵਾ ਕੀਤਾ ਗਿਆ ਕਿ ਬਿਨਾਂ ਐਲੋਪੈਥੀ ਦਵਾਈਆਂ ਦੇ ਹੀ ਸਿਰਫ਼ ਆਪਣੀ ਡਾਈਟ ਤੇ ਲਾਈਫਸਟਾਈਲ 'ਚ ਤਬਦੀਲੀ ਕਰ ਕੇ ਪਤਨੀ ਨੇ ਕੈਂਸਰ ਨੂੰ ਹਰਾਇਆ ਹੈ। ਸੁਸਾਇਟੀ ਦਾ ਕਹਿਣਾ ਹੈ ਕਿ ਕੈਂਸਰ ਦੇ ਮਰੀਜ਼ਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ।



ਇਸ ਨੂੰ ਸੁਣ ਕੇ ਦੇਸ਼-ਵਿਦੇਸ਼ ਦੇ ਕੈਂਸਰ ਦੇ ਮਰੀਜ਼ਾਂ 'ਚ ਭਰਮ ਤੇ ਐਲੋਪੈਥੀ ਮੈਡੀਸਨ ਤੋਂ ਉਨ੍ਹਾਂ ਦਾ ਵਿਸ਼ਵਾਸ ਉੱਠ ਰਿਹਾ ਹੈ। ਸੋਲੰਕੀ ਦਾ ਕਹਿਣਾ ਹੈ ਕਿ ਉਨ੍ਹਾਂ ਕੋਲ ਸਾਰੇ ਦਸਤਾਵੇਜ਼ ਮੌਜੂਦ ਹਨ, ਪਰ ਮਰੀਜ਼ ਦੀ ਗੁਪਤਤਾ ਨੂੰ ਧਿਆਨ 'ਚ ਰੱਖਦੇ ਹੋਏ ਇਸ ਨੂੰ ਸਾਹਮਣੇ ਨਹੀਂ ਲਿਆ ਰਹੇ ਹਨ। ਸੁਸਾਇਟੀ ਨੇ ਕਿਹਾ ਕਿ ਸਿੱਧੂ ਦੀ ਪਤਨੀ ਦੱਸਣ ਕਿ ਐਲੋਪੈਥੀ ਮੈਡੀਸਨ ਦਾ ਜੋ ਇਲਾਜ ਉਨ੍ਹਾਂ ਨੇ ਕਰਵਾਇਆ ਹੈ।

ਉਸ ਨਾਲ ਕੀ ਕੋਈ ਲਾਭ ਨਹੀਂ ਹੋਇਆ ਹੈ ? ਕੈਂਸਰ ਫ੍ਰੀ ਹੋਣ 'ਚ ਸਿਰਫ ਡਾਈਟ, ਨਿੰਬੂ ਪਾਣੀ, ਨਿੰਮ ਦੇ ਪੱਤੇ ਆਦਿ ਖਾਣ ਨਾਲ ਹੀ ਲਾਭ ਹੈ ?।



## ਲਾਰੇਂਸ ਬਿਸ਼ਨੋਈ ਗੈਂਗ ਦੇ ਦੋ ਗੁਰਗਿਆਂ ਨੂੰ ਜਲੰਧਰ ਕਮਿਸ਼ਨਰੇਟ ਪੁਲਿਸ ਨੇ ਕੀਤਾ ਗ੍ਰਿ.ਫਤਾਰ

ਪੰਜਾਬ ਦਾ ਖੁਲਾਸਾ

**ਜਲੰਧਰ, 27 ਨਵੰਬਰ (ਅਮ੍ਰਿਤਪਾਲ ਸਿੰਘ):** -ਜਲੰਧਰ ਕਮਿਸ਼ਨਰੇਟ ਪੁਲਿਸ ਵੱਲੋ ਜਲੰਧਰ ਵਿੱਚ ਵੱਡੀ ਕਾਰਵਾਈ ਕਰਦਿਆਂ ਲਾਰੇਂਸ ਬਿਸ਼ਨੋਈ ਗੈਂਗ ਦੇ ਦੋ ਸਾਥੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲੀਸ ਇਸ ਮੌਕੇ ਗੋਲੀਬਾਰੀ ਦੀ ਘਟਨਾ ਵੀ ਸਾਹਮਣੇ ਆਈ ਹੈ। ਇਸ ਸਬੰਧੀ ਪੰਜਾਬੀ ਪੁਲੀਸ ਦੇ ਡੀਜੀਪੀ ਗੌਰਵ ਯਾਦਵ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਜਾਣਕਾਰੀ ਸਾਂਝੀ ਕਰਦਿਆਂ ਲਿਖਿਆ ਕਿ ਜਲੰਧਰ ਪੁਲੀਸ ਵੱਲੋਂ ਸ਼ੱਕੀਆਂ ਦਾ ਪਿੱਛਾ ਕਰਨ ਦੌਰਾਨ ਉਨ੍ਹਾਂ ਨੇ ਪੁਲੀਸ 'ਤੇ ਗੋਲੀਬਾਰੀ ਕੀਤੀ।ਜਿਸ ਦੌਰਾਨ ਪੁਲੀਸ ਅਧਿਕਾਰੀਆਂ ਵੱਲੋਂ ਜਵਾਬੀ ਕਾਰਵਾਈ ਵਿਚ ਗੋਲੀ ਚਲਾਉਂਦਿਆਂ ਲਾਰੈਂਸ ਬਿਸ਼ਨੋਈ ਗੈਂਗ ਦੇ ਦੋ ਸਾਥੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ਅਧਿਕਾਰੀ ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਖ਼ਿਲਾਫ਼ ਜਬਰੀ ਵਸੂਲੀ, ਕਤਲ, ਆਰਮਜ਼ ਐਕਟ ਅਤੇ ਐਨਡੀਪੀਐਸ ਐਕਟ ਸਮੇਤ ਕਈ ਮਾਮਲੇ ਦਰਜ ਹਨ। ਇਸ ਤੋਂ ਇਲਾਵਾ ਮੌਕੇ ਤੋਂ 3 ਹਥਿਆਰ ਅਤੇ ਕਈ ਕਾਰਤੂਸ ਜ਼ਬਤ ਕੀਤੇ ਗਏ ਹਨ।

### ਕਪੂਰਥਲਾ 'ਚ ਬਿਹਾਰੀ ਮਜ਼ਦੂਰਾਂ ਨਾਲ ਤਾਲਿਬਾਨੀ ਸਲੂਕ ਦੇ ਮਾਮਲੇ 'ਚ ਨਵਾਂ ਮੋੜ

# ਆਲੂ ਫਾਰਮ ਹਾਊਸਾਂ ਵਿੱਚ ਕੰਮ ਕਰਦੇ ਹੋਰ ਮਜ਼ਦੂਰਾਂ ਨੇ ਵੀ ਬਿਹਾਰ ਵਿੱਚ ਬੈਠੇ ਮਜ਼ਦੂਰਾਂ ਦੇ ਦੋਸ਼ਾਂ ਨੂੰ ਬੇਬੁਨਿਆਦ ਅਤੇ ਝੂਠਾ ਕਰਾਰ ਦਿੱਤਾ

**ਮਜ਼ਦੂਰਾਂ ਨੇ ਕਿਹਾ ਕਿ ਸਾਨੂੰ ਇੱਥੇ ਕੋਈ ਪ੍ਰੇਸ਼ਾਨੀ ਨਹੀਂ, ਕਿਸੇ ਨੂੰ ਬੰਧੂਆ ਮਜ਼ਦੂਰੀ ਕਰਨ ਲਈ ਮਜਬੂਰ ਨਹੀਂ ਕੀਤਾ ਜਾਂਦਾ, ਭੋਜਨ ਸਮੇਂ ਸਿਰ ਦਿੱਤਾ ਜਾਂਦਾ ਹੈ :ਪ੍ਰਵਾਸੀ ਮਜ਼ਦੂਰ**

ਪੰਜਾਬ ਦਾ ਖੁਲਾਸਾ

**ਫੱਤੂ ਢੀਂਗਾ, 27 ਨਵਬਰ (ਅਮਨਦੀਪ ਕੌਰ)**- ਪਿਛਲੇ ਦਿਨੀਂ ਬਿਹਾਰ ਦੇ ਸੀਤਾਮੜੀ ਜ਼ਿਲ੍ਹੇ ਦੇ ਸੁਰਸਾਂਦ ਬਲਾਕ ਦੇ ਇੱਕ ਪਿੰਡ ਦੇ ਕੁਝ ਲੋਕਾਂ ਨੇ ਦੋਸ਼ ਲਾਇਆ ਸੀ ਕਿ ਪੰਜਾਬ ਦੇ ਕਪੂਰਥਲਾ ਦੇ ਪਿੰਡ ਸਿੱਧਵਾ ਦੋਨਾ ਦੇ ਵੱਖ-ਵੱਖ ਆਲੂ ਫਾਰਮ ਹਾਊਸਾਂ ਵਿੱਚ ਮਜ਼ਦੂਰਾਂ ਨੂੰ ਬੰਧਕ ਬਣਾਇਆ ਜਾ ਰਿਹਾ ਹੈ। ਇੰਨਾ ਹੀ ਨਹੀਂ, ਦੋਸ਼ ਇਹ ਵੀ ਸਨ ਕਿ ਬੱਚਿਆਂ ਨੂੰ ਬੰਧਕ ਬਣਾ ਕੇ ਉਥੇ ਕੰਮ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ ਅਤੇ ਮਜ਼ਦੂਰਾਂ ਨੂੰ ਜ਼ਿਆਦਾ ਕੰਮ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਮਜ਼ਦੂਰੀ ਵੀ ਨਹੀਂ ਦਿੱਤੀ ਜਾ ਰਹੀ ਹੈ। ਇੰਨਾ ਹੀ ਨਹੀਂ, ਸਾਨੂੰ ਦੋ ਵਕਤ ਦੀ ਰੋਟੀ ਲਈ ਵੀ ਸਹੀ ਭੋਜਨ ਨਹੀਂ ਮਿਲ ਰਿਹਾ। ਮਾਮਲਾ ਬਿਹਾਰ ਦੇ ਸੀਐਮ ਦੀ ਅਦਾਲਤ ਵਿੱਚ ਪਹੁੰਚਿਆ। ਜਿਸ ਤੋਂ ਬਾਅਦ ਬਿਹਾਰ ਦੇ ਮੁੱਖ ਮੰਤਰੀ ਨੇ ਪੰਜਾਬ ਦੇ ਮੁੱਖ ਮੰਤਰੀ ਦਫ਼ਤਰ ਨਾਲ ਗੱਲ ਕੀਤੀ ਅਤੇ ਬਾਕੀ ਵਰਕਰਾਂ ਨੂੰ ਰਿਹਾਅ ਕਰਨ ਲਈ ਕਿਹਾ।



ਜਿਸ ਤੋਂ ਬਾਅਦ ਜ਼ਿਲ੍ਹਾ ਅਤੇ ਪੁਲਿਸ ਪ੍ਰਸ਼ਾਸਨ ਨੇ ਪਿੰਡ ਸਿੱਧਵਾਂ ਦੋਨਾਂ ਨੇੜੇ ਆਲੂ ਫਾਰਮ ਹਾਊਸਾਂ 'ਤੇ ਛਾਪੇਮਾਰੀ ਕਰਕੇ ਮਜ਼ਦੂਰਾਂ ਅਤੇ ਨਾਬਾਲਗਾਂ ਨੂੰ ਠੇਕੇਦਾਰ ਦੇ ਚੁੰਗਲ 'ਚੋਂ ਛੁਡਾਉਣ ਦਾ ਦਾਅਵਾ ਕੀਤਾ ਹੈ ਅਤੇ ਉਕਤ ਠੇਕੇਦਾਰ ਖਿਲਾਫ਼ ਮਾਮਲਾ ਵੀ ਦਰਜ ਕੀਤਾ ਗਿਆ ਹੈ ? ਹਾਲਾਂਕਿ ਇਸ ਮਾਮਲੇ ਨੇ ਨਵਾਂ ਮੋੜ ਲੈ ਲਿਆ ਹੈ। ਵੱਖ-ਵੱਖ ਆਲੂ ਫਾਰਮ ਹਾਊਸਾਂ ਵਿੱਚ ਕੰਮ ਕਰਦੇ ਮਜ਼ਦੂਰਾਂ ਨੇ ਮੀਡੀਆ ਸਾਹਮਣੇ ਆ ਕੇ ਉਕਤ ਮਜ਼ਦੂਰਾਂ ਦੇ ਦੋਸ਼ਾਂ ਨੂੰ ਪੂਰੀ ਤਰ੍ਹਾਂ ਰੱਦ ਕੀਤਾ ਹੈ। ਉਸ ਦਾ ਕਹਿਣਾ ਹੈ ਕਿ ਇੱਥੇ ਨਾ ਤਾਂ ਕਿਸੇ ਨੂੰ ਬੰਧੂਆ ਮਜ਼ਦੂਰੀ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ ਅਤੇ ਨਾ ਹੀ ਕਿਸੇ ਨੂੰ ਤਸ਼ੱਦਦ ਕੀਤਾ ਜਾ ਰਿਹਾ ਹੈ। ਮਜ਼ਦੂਰਾਂ ਨੇ ਦੋਸ਼ ਲਾਇਆ ਕਿ ਉਨ੍ਹਾਂ ਦਾ ਮੁਕੇਸ਼ ਨਾਂ ਦਾ ਇਕ ਠੇਕੇਦਾਰ ਉਨ੍ਹਾਂ ਨਾਲ ਠੱਗੀ ਮਾਰ ਕੇ ਇੱਥੋਂ ਫਰਾਰ ਹੋ ਗਿਆ ਹੈ, ਜਿਸ ਨੇ ਇਹ ਸਾਰੀ ਸਾਜ਼ਿਸ਼ ਰਚ ਕੇ ਪੰਜਾਬ ਅਤੇ ਪੰਜਾਬੀਆਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਸ ਨੇ ਦੱਸਿਆ ਕਿ ਮੁਕੇਸ਼ ਨੇ ਉਸ ਦੀ ਮਿਹਨਤ ਦੇ 2 ਲੱਖ ਰੁਪਏ ਲੈ ਕੇ ਠੱਗੀ ਮਾਰੀ ਹੈ, ਤਾਂ ਜੋ ਉਸ ਨੂੰ ਇਹ ਰਕਮ ਸਾਨੂੰ ਨਾ ਦੇਣੀ ਪਵੇ, ਉਸ ਨੇ ਬੇਗਨ ਰਾਏ ਦੇ ਨਾਂ 'ਤੇ ਲੋਕਾਂ ਨੂੰ ਗੁੰਮਰਾਹ ਕੀਤਾ ਹੈ ਅਤੇ ਸਾਰੇ ਝੂਠੇ ਦੋਸ਼ ਲਗਾ ਰਿਹਾ ਹੈ। ਉਸ ਨੇ ਕਿਹਾ ਕਿ ਜਦੋਂ ਤੋਂ ਉਹ ਪੰਜਾਬ ਆਇਆ ਹੈ, ਕਿਸੇ ਨੇ ਵੀ ਉਸ ਦੀ ਕੁੱਟਮਾਰ ਨਹੀਂ ਕੀਤੀ ਅਤੇ ਨਾ ਹੀ ਉਸ ਨੂੰ ਕੋਈ ਬੰਧੂਆ ਮਜ਼ਦੂਰੀ ਕਰਵਾਉਣ ਲਈ ਮਜਬੂਰ ਕੀਤਾ ਹੈ। ਸਾਰੇ ਦੋਸ਼ ਸਹੀ ਅਰਥ ਰੱਖਦੇ ਹਨ। ਜਿਹੜੇ ਲੋਕ ਇਲਜ਼ਾਮ ਲਗਾ ਰਹੇ ਹਨ, ਉਹ ਇੱਥੇ ਬਿਲਕੁਲ ਠੀਕ-ਠਾਕ ਰਹਿ ਰਹੇ ਸਨ, ਅਸੀਂ ਨਾ ਤਾਂ ਉਨ੍ਹਾਂ ਨੂੰ ਕੁੱਟਦੇ ਦੇਖਿਆ ਅਤੇ ਨਾ ਹੀ ਉਨ੍ਹਾਂ ਨਾਲ ਕਿਸੇ ਤਰ੍ਹਾਂ ਦਾ ਦੁਰਵਿਵਹਾਰ ਹੁੰਦਾ ਦੇਖਿਆ। ਬੰਧੂਆ ਮਜ਼ਦੂਰੀ ਦੀ ਗੱਲ ਬਿਲਕੁਲ ਝੂਠ ਹੈ।

ਇਸ ਲਈ ਸਾਰਿਆਂ ਨੇ ਇਕਜੁੱਟ ਹੋ ਕੇ ਮੰਗ ਕੀਤੀ ਹੈ ਕਿ ਮੁਕੇਸ਼ ਠੇਕੇਦਾਰ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਬੇਗਨ ਰਾਏ ਵੱਲੋਂ ਦਰਜ ਕੀਤਾ ਗਿਆ ਕੇਸ ਰੱਦ ਕੀਤਾ ਜਾਵੇ ਕਿਉਂਕਿ ਉਹ ਬੇਕਸੂਰ ਹੈ।

## ਚੈਕ ਰਿਪਬਲਿਕ ਦੇ ਰਾਜਦੂਤ ਨੇ ਪੰਜਾਬ ਵਿਧਾਨ ਸਭਾ ਸਪੀਕਰ ਨਾਲ ਕੀਤੀ ਮੁਲਾਕਾਤ

ਪੰਜਾਬ ਦਾ ਖੁਲਾਸਾ



**ਕੋਟਕਪੂਰਾ, 27 ਨਵੰਬਰ (ਗੁਰਦੀਪ ਸਿੰਘ ਢਿੱਲੋਂ)** :- ਭਾਰਤ ਵਿੱਚ ਚੈਕ ਰਿਪਬਲਿਕ ਦੇ ਰਾਜਦੂਤ ਡਾ. ਏਲੀਸਕਾ ਜ਼ਿਗੋਵਾ ਨੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਦੋਵਾਂ ਆਗੂਆਂ ਨੇ ਭਾਰਤ ਅਤੇ ਚੈਕ ਰਿਪਬਲਿਕ ਦਰਮਿਆਨ ਆਪਸੀ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ 'ਤੇ ਜ਼ੋਰ ਦਿੱਤਾ। ਪੰਜਾਬ ਵਿਧਾਨ ਸਭਾ ਸਕੱਤਰੇਤ ਵਿਖੇ ਹੋਈ ਮੁਲਾਕਾਤ ਦੌਰਾਨ ਸਪੀਕਰ ਸੰਧਵਾਂ ਨੇ ਭਾਰਤ ਅਤੇ ਚੈਕ ਰਿਪਬਲਿਕ ਦਰਮਿਆਨ ਖੇਤੀਬਾੜੀ, ਇੰਡਸਟਰੀ, ਤਕਨਾਲੋਜੀ, ਫੂਡ ਪ੍ਰੋਸਿਸਿੰਗ ਤੇ ਪੈਕਜਿੰਗ ਅਤੇ ਹੋਰਨਾਂ ਖੇਤਰਾਂ ਵਿੱਚ ਠੋਸ ਸਹਿਯੋਗ 'ਤੇ ਜ਼ੋਰ ਦਿੱਤਾ। ਪੰਜਾਬ ਵਿਧਾਨ ਸਭਾ ਦੇ ਸਪੀਕਰ ਨੇ ਕਿਹਾ ਕਿ ਦੋਵੇਂ ਦੇਸ਼ ਵੱਖ-ਵੱਖ ਖੇਤਰਾਂ 'ਚ ਗਿਆਨ ਅਤੇ ਤਕਨਾਲੋਜੀ ਦੇ ਆਪਸੀ ਅਦਾਨ-ਪ੍ਰਦਾਨ ਤੋਂ ਲਾਭ ਉਠਾ ਸਕਦੇ ਹਨ। ਸ. ਸੰਧਵਾਂ ਨੇ ਡਾ. ਏਲੀਸਕਾ ਜ਼ਿਗੋਵਾ ਨੂੰ ਚੈਕ ਰਿਪਬਲਿਕ ਦੀਆਂ ਕੰਪਨੀਆਂ ਨੂੰ ਪੰਜਾਬ ਵਿੱਚ ਨਿਵੇਸ਼ ਕਰਨ ਹਿੱਤ ਪ੍ਰੇਰਿਤ ਕਰਨ ਲਈ ਵੀ ਕਿਹਾ।

ਸਪੀਕਰ ਸੰਧਵਾਂ ਨੂੰ ਚੈਕ ਗਣਰਾਜ ਦਾ ਦੌਰਾ ਕਰਨ ਦਾ ਸੱਦਾ ਦਿੰਦਿਆਂ, ਡਾ. ਏਲੀਸਕਾ ਜ਼ਿਗੋਵਾ ਨੇ ਚੈਕ ਰਿਪਬਲਿਕ ਅਤੇ ਭਾਰਤ ਦੇ ਆਪਸੀ ਸਬੰਧਾਂ ਬਾਰੇ ਚਰਚਾ ਕੀਤੀ ਅਤੇ ਦੋਵਾਂ ਦੇਸ਼ਾਂ ਦੇ ਇਤਿਹਾਸਕ ਸਬੰਧਾਂ ਨੂੰ ਯਾਦ ਕੀਤਾ। ਉਨ੍ਹਾਂ ਨੇ ਪੰਜਾਬੀਆਂ ਦੇ ਮਿਹਨਤ ਕਰਨ ਵਾਲੇ ਜਜ਼ਬੇ ਦੀ ਵੀ ਸ਼ਲਾਘਾ ਕੀਤੀ।ਡਾ. ਏਲੀਸਕਾ ਜ਼ਿਗੋਵਾ ਨੇ ਦੱਸਿਆ ਕਿ ਚੈਕ ਰਿਪਬਲਿਕ, ਭਾਰਤ ਨਾਲ ਮਜ਼ਬੂਤ ਦੁਵੱਲੇ ਸਹਿਯੋਗ ਨੂੰ ਲਗਾਤਾਰ ਹੋਰ ਅੱਗੇ ਵਧਾਉਂਦਾ ਆ ਰਿਹਾ ਹੈ, ਜਿਸ ਨਾਲ ਦੋਵਾਂ ਦੇਸ਼ਾਂ ਦੇ ਆਪਸੀ ਸਬੰਧ ਹੋਰ ਮਜ਼ਬੂਤ ਹੋਣਗੇ।

# ਗੌਰਵ ਤੂਰਾ ਨੇ ਬਤੌਰ ਐਸ.ਐਸ.ਪੀ. ਅਹੁਦਾ ਸੰਭਾਲਿਆ

**ਅਮਨ ਕਾਨੂੰਨ ਵਿਵਸਥਾ ਨੂੰ ਹੋਰ ਪੁਖ਼ਤਾ ਕਰਨਾ ਤੇ ਨਸ਼ੇ ਦੀ ਰੋਕਥਾਮ ਲਈ ਵਡੇਰੇ ਯਤਨ ਹੋਵੇਗਾ ਮੁੱਖ ਟੀਚਾ - ਗੌਰਵ, ਅਧਿਕਾਰੀਆਂ ਨੂੰ ਡਿਊਟੀ ਸਮਰਪਣ ਭਾਵਨਾ ਨਾਲ ਨਿਭਾਉਣ ਦੇ ਨਿਰਦੇਸ਼**

ਪੰਜਾਬ ਦਾ ਖੁਲਾਸਾ

**ਕਪੂਰਥਲਾ, 27 ਨਵੰਬਰ (ਕੌੜਾ)**- ਗੌਰਵ ਤੂਰਾ ਆਈ. ਪੀ. ਐਸ. ( 2014 ) ਨੇ ਬਤੌਰ ਐਸ ਐਸ ਪੀ ਕਪੂਰਥਲਾ ਆਪਣਾ ਅਹੁਦਾ ਸੰਭਾਲ ਲਿਆ ਹੈ । ਇਸ ਮੌਕੇ ਉਨ੍ਹਾਂ ਕਿਹਾ ਕਿ ਬਤੌਰ ਐਸ ਐਸ ਪੀ ਕਪੂਰਥਲਾ ਜ਼ਿਲ੍ਹੇ ਵਿੱਚ ਅਮਨ ਤੇ ਕਾਨੂੰਨ ਵਿਵਸਥਾ ਨੂੰ ਹੋਰ ਪੁਖ਼ਤਾ ਕਰਨ ਦੇ ਨਾਲ- ਨਾਲ ਨਸ਼ੇ ਦੀ ਰੋਕਥਾਮ ਲਈ ਵਡੇਰੇ ਯਤਨ ਕੀਤੇ ਜਾਣਗੇ ।



ਉਨ੍ਹਾਂ ਕਿਹਾ ਕਿ ਨਸ਼ਾ ਤਸਕਰਾਂ ਵਿਰੁੱਧ ਪੂਰੀ ਸਖਤੀ ਨਾਲ ਪੇਸ਼ ਆਇਆ ਜਾਵੇਗਾ ਜਦਕਿ ਨਸ਼ੇ ਦੇ ਮਾੜੇ ਪ੍ਰਭਾਵਾਂ ਬਾਰੇ ਜਾਣੂੰ ਕਰਵਾਉਣ ਲਈ ਵਿਦਿਅਕ ਸੰਸਥਾਵਾਂ ਵਿੱਚ ਜਾਗਰੂਕਤਾ ਸੈਮੀਨਾਰ ਵੀ ਲਗਾਏ ਜਾਣਗੇ ਤਾਂ ਜੋ ਨਸ਼ਿਆਂ ਦੀ ਰੋਕਥਾਮ ਲਈ ਲੋਕ ਲਹਿਰ ਖੜ੍ਹੀ ਕੀਤੀ ਜਾ ਸਕੇ । ਇਸ ਤੋਂ ਪਹਿਲਾਂ ਪੰਜਾਬ ਪੁਲਿਸ ਦੀ ਇੱਕ ਟੁਕੜੀ ਵਲੋਂ ਉਨ੍ਹਾਂ ਨੂੰ ਸਲਾਮੀ ਦਿੱਤੀ ਗਈ ਤੇ ਸਮੂਹ ਐਸ . ਪੀਜ , ਡੀ ਐਸ ਪੀਜ ਤੇ ਹੋਰਨਾਂ ਅਧਿਕਾਰੀਆਂ ਨੇ ਸ੍ਰੀ ਤੂਰਾ ਦਾ ਸਵਾਗਤ ਕੀਤਾ। ਸ੍ਰੀ ਤੂਰਾ ਨੇ ਸੀਨੀਅਰ ਅਧਿਕਾਰੀਆਂ ਨਾਲ ਪਲੇਠੀ ਮੀਟਿੰਗ ਵੀ ਕੀਤੀ ਤੇ ਜ਼ਿਲ੍ਹੇ ਬਾਰੇ ਜਾਣਕਾਰੀ ਇਕੱਤਰ ਕਰਨ ਦੇ ਨਾਲ-ਨਾਲ ਅਧਿਕਾਰੀਆਂ ਨੂੰ ਡਿਊਟੀ ਪੂਰੀ ਸਮਰਪਣ ਭਾਵਨਾ ਨਾਲ ਨਿਭਾਉਣ ਲਈ ਕਿਹਾ ਗਿਆ । ਇਸ ਮੌਕੇ ਐਸ ਪੀ ਸਰਬਜੀਤ ਰਾਏ , ਐਸ ਪੀ ਗੁਰਪ੍ਰੀਤ ਸਿੰਘ , ਸਮੂਹ ਡੀ ਐਸ ਪੀਜ ਤੇ ਹੋਰ ਅਧਿਕਾਰੀ ਹਾਜਰ ਸਨ ।

# ਵਿਧਾਇਕ ਗੁਰਲਾਲ ਘਨੌਰ ਨੇ 17.43 ਕਰੋੜ ਦੀ ਲਾਗਤ ਵਾਲੇ ਵਾਟਰ ਟ੍ਰੀਟਮੈਂਟ ਪਲਾਂਟ ਦਾ ਕੀਤਾ ਉਦਘਾਟਨ

**ਘਨੌਰ ਸ਼ਹਿਰ 'ਚ ਵਾਟਰ ਟ੍ਰੀਟਮੈਂਟ ਪਲਾਂਟ ਅਤੇ ਪਾਣੀ ਦੀ ਪਾਈਪ ਲਾਈਨਾਂ ਵਿਛਾਉਣ ਦੇ ਕੰਮਾਂ ਦਾ ਵਿਧਾਇਕ ਗੁਰਲਾਲ ਘਨੌਰ ਨੇ ਕੀਤਾ ਉਦਘਾਟਨ**

ਪੰਜਾਬ ਦਾ ਖੁਲਾਸਾ



**ਘਨੌਰ, 27 ਨਵੰਬਰ (ਅਭਿਸ਼ੇਕ ਸੂਦ)**: ਮੁੱਖ ਮੰਤਰੀ ਪੰਜਾਬ ਸ੍ਰ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਡਾ. ਰਵਜੋਤ ਸਿੰਘ ਸਥਾਨਕ ਸਰਕਾਰਾਂ ਅਤੇ ਸੰਸਦੀ ਮਾਮਲੇ ਵਿਭਾਗ ਮੰਤਰੀ ਪੰਜਾਬ ਦੀ ਰਹਿਨੁਮਾਈ ਹੇਠ ਪੰਜਾਬ ਸਰਕਾਰ ਵੱਲੋਂ ਸ਼ਹਿਰਾਂ ਵਿੱਚ ਸੀਵਰੇਜ ਟਰੀਟਮੈਂਟ ਪਲਾਂਟ ਸਥਾਪਤ ਕਰਨ ਦੀ ਲੜੀ ਤਹਿਤ ਵਿਧਾਇਕ ਗੁਰਲਾਲ ਘਨੌਰ ਨੇ ਦਹਾਕਿਆਂ ਤੋਂ ਲਟਕਦੀ ਘਨੌਰ ਸ਼ਹਿਰ ਦੇ ਵਾਸੀਆਂ ਦੀ ਮੰਗ ਨੂੰ ਪੂਰਾ ਕਰਦੇ ਹੋਏ ਕਰੀਬ 17.43 ਕਰੌੜ ਰੁਪਏ ਦੀ ਲਾਗਤ ਨਾਲ ਪਾਣੀ ਦੀ ਪਾਈਪ ਲਾਈਨ ਅਤੇ ਵਾਟਰ ਟਰੀਟਮੈਂਟ ਪਲਾਂਟ 2 ਐਮ.ਐਲ.ਡੀ. ਬਣਾਉਣ ਦੇ ਕੰਮਾ ਦਾ ਨੀਂਹ ਪੱਥਰ ਰੱਖਿਆ।ਇਸ ਮੌਕੇ ਕਬੱਡੀ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਵਿਧਾਇਕ ਗੁਰਲਾਲ ਘਨੌਰ ਨੇ ਸ਼ਹਿਰ ਵਾਸੀਆਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ੍ਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਰਾਜ ਸਰਕਾਰ ਜਿਥੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦੇਣ ਲਈ ਵਚਨਬੱਧ ਹੈ, ਉਥੇ ਧਰਤੀ ਹੇਠਲੇ ਪਾਣੀ ਦੇ ਪੱਧਰ ਦੀ ਗਿਰਾਵਟ ਨੂੰ ਰੋਕਣ ਲਈ ਇਸ ਤਰ੍ਹਾਂ ਦੇ ਬਦਲਵੇਂ ਸਰੋਤਾਂ ਨੂੰ ਵਿਕਸਿਤ ਕਰਨ ਤੇ ਜ਼ੋਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਉਕਤ ਪ੍ਰੋਜੈਕਟ ਦੀ ਕੁਲ ਲਾਗਤ 17.43 ਕਰੋੜ ਰੁਪਏ ਹੋਵੇਗੀ । ਜਿਸ ਵਿੱਚ ਪਾਣੀ ਦੀ ਪਾਈਪ ਲਾਈਨ ਦਾ ਕੰਮ ਲਗਭਗ 3.50 ਕਰੋੜ ਰੁਪਏ ਦਾ ਹੋਵੇਗਾ ਅਤੇ ਇਸ ਦੀ ਟੈਂਡਰ ਪ੍ਰੀਕ੍ਰਿਆ ਵੀ ਮੁਕੰਮਲ ਹੋ ਚੁੱਕੀ ਹੈ ਅਤੇ ਮੌਕੇ ਉੱਪਰ ਟੱਕ ਲਗਾ ਕੇ ਕੰਮ ਦੀ ਸ਼ੁਰੂਆਤ ਕਰ ਦਿੱਤੀ ਗਈ ਹੈ।ਵਿਧਾਇਕ ਗੁਰਲਾਲ ਘਨੌਰ ਨੇ ਦੱਸਿਆ ਕਿ ਇਸ ਸਾਰੇ ਪ੍ਰੋਜੈਕਟ ਨੂੰ ਮੁਕੰਮਲ ਕਰਨ ਦਾ ਸਮਾਂ ਲਗਭਗ 02 ਸਾਲ ਦਾ ਹੋਵੇਗਾ।ਜਿਸ ਨਾਲ ਘਨੌਰ ਸ਼ਹਿਰ ਵਿੱਚ ਧਰਤੀ ਹੇਠਲੇ ਪਾਣੀ ਦੀ ਜਗ੍ਹਾ ਤੇ ਜਿਥੇ ਨਹਿਰੀ ਪਾਣੀ ਦਾ ਸ਼ੁੱਧੀਕਰਨ ਕਰਕੇ ਇਸਤੇਮਾਲ ਕੀਤਾ ਜਾਵੇਗਾ,ਉਥੇ ਪੁਰਾਣੀਆਂ ਪਈਆਂ ਪਾਈਪਾਂ ਦੀ ਜਗ੍ਹਾ ਤੇ ਨਵੀਂਆਂ ਪਾਈਪਾਂ ਪਾਉਣ ਨਾਲ ਸ਼ਹਿਰ ਵਿੱਚ ਗੰਦਲੇ ਪਾਣੀ ਦੀ ਆ ਰਹੀ ਸਮੱਸਿਆ ਤੋਂ ਵੀ ਸਹਿਰ ਵਾਸੀਆਂ ਨੂੰ ਨਿਜਾਤ ਮਿਲੇਗੀ।ਉਨ੍ਹਾਂ ਕਿਹਾ ਕਿ ਉਕਤ ਪ੍ਰੋਜੈਕਟ ਦੇ ਨਿਰਮਾਣ ਦੇ ਚਲਦਿਆਂ ਕਿਸੇ ਵੀ ਸ਼ਹਿਰ ਵਾਸੀ ਨੂੰ ਕੋਈ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ।ਇਸ ਮੌਕੇ ਵਿਕਾਸ਼ ਧਵਨ ਐਕਸਨ ਸੀਵਰੇਜ ਬੋਰਡ, ਹਨੀਸ ਮਿੱਤਲ ਐਸਡੀਓ ਸੀਵਰੇਜ ਬੋਰਡ, ਰਵੀ ਨਰੋਲਾ ਜੇ ਈ ਸੀਵਰੇਜ ਬੋਰਡ,ਠੇਕੇਦਾਰ ਸੀਵਰੇਜ ਬੋਰਡ ਭਾਰਤ ਭੂਸ਼ਣ, ਕਾਰਜ ਸਾਧਕ ਅਫਸਰ ਨਗਰ ਪੰਚਾਇਤ ਘਨੌਰ ਚੇਤਨ ਸ਼ਰਮਾ, ਨਾਈਬ ਤਹਿਸੀਲਦਾਰ ਹਰੀਸ਼ ਕੁਮਾਰ, ਸਰਪੰਚ ਦਵਿੰਦਰ ਸਿੰਘ ਭੰਗੂ ਕੁੱਥਾਖੇੜੀ, ਭੁਪਿੰਦਰ ਸਿੰਘ ਭੰਗੂ,ਕਬੱਡੀ ਖਿਡਾਰੀ ਅਸ਼ਵਨੀ ਕੁਮਾਰ ਸ਼ਰਮਾ, ਇੰਦਰਜੀਤ ਸਿੰਘ ਸਿਆਲੂ, ਪਰਮਿੰਦਰ ਸਿੰਘ ਪੰਮਾ ਘਨੌਰ, ਸਰਪੰਚ ਪਿੰਦਰ ਬਘੌਰਾ, ਗੁਰਪ੍ਰੀਤ ਸਿੰਘ ਮੰਨਣ, ਦਵਿੰਦਰ ਸਿੰਘ ਸੋਨੂੰ ਅਲੀਮਾਜਰਾ, ਅਮਰਜੀਤ ਸਿੰਘ ਕਾਮੀ ਕਲਾ, ਗੁਰਨਾਮ ਸਿੰਘ ਚੰਮਲ , ਗੁਰਮੀਤ ਸਿੰਘ ਢੰਡਾ ਸਰਪੰਚ ਰੁੜਕਾ, ਸੋਨੂ ਬਘੋਰਾ, ਮੱਖਣ ਖਾਨ ਘਨੌਰ, ਚਾਚਾ ਸੁਰਿੰਦਰ ਤੁਲੀ, ਮਨਜੀਤ ਸਿੰਘ ਘਨੌਰ, ਸਰਪੰਚ ਜੋਧਵੀਰ ਘੜਾਮਾ, ਗੁਰਵਿੰਦਰ ਕਾਲਾ ਘਨੌਰ, ਕਰਮਜੀਤ ਵਿਰਕ ਰਸੂਲਪੁਰ, ਪ੍ਰਗਟ ਸਿੰਘ ਸਰਪੰਚ ਰਾਜਗੜ੍ਹ,ਜੈ ਸਿੰਘ ਫਰੀਦਪੁਰ ,ਹਰਦੀਪ ਸਿੰਘ ਗੁਰਾਇਆ, ਠੇਕੇਦਾਰ ਮਨਜੀਤ ਸਿੰਘ ਹੰਜਰਾ ,ਦਲਜੀਤ ਸਿੰਘ ਗੁਰਾਇਆ, ਸੁਰਿੰਦਰ ,ਗੱਬਰ ਸਿੰਘ ਘਨੌਰ, ਮਲਕੀਤ ਸਿੰਘ ਗੁਰਾਇਆ, ਸ਼੍ਰੀ ਕ੍ਰਿਸ਼ਨ ਗਊਸ਼ਾਲਾ ਦੇ ਪ੍ਰਧਾਨ ਗੁਲਸ਼ਨ ਕੁਮਾਰ ਅਤੇ ਗਊ ਸੇਵਾਦਾਰਾ ਸਮੇਤ ਐੱਸ ਐਚ ਓ ਘਨੌਰ ਸਾਹਿਬ ਸਿੰਘ ਵਿਰਕ ਸਮੇਤ ਘਨੌਰ ਸ਼ਹਿਰ ਦੀ ਹੋਰ ਵੀ ਪ੍ਰਮੁੱਖ ਸਖਸ਼ੀਅਤਾਂ ਅਤੇ ਪਾਰਟੀ ਵਰਕਰ ਮੌਜੂਦ ਸਨ।

# ਪਸ਼ੂ ਪਾਲਣ ਵਿਭਾਗ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵੱਲੋਂ ਮੂੰਹ-ਖੁਰ ਬਿਮਾਰੀ ਤੋਂ ਬਚਾਓ ਦੇ ਲਈ ਟੀਕਾਕਰਨ ਮੁਹਿੰਮ ਅੰਤਿਮ ਪੜਾਅ 'ਤੇ - ਡਿਪਟੀ ਡਾਇਰੈਕਟਰ

ਪੰਜਾਬ ਦਾ ਖੁਲਾਸਾ

**ਫਤਹਿਗੜ੍ਹ ਸਾਹਿਬ, 27 ਨਵੰਬਰ (ਜੇ ਐਸ ਖੰਨਾ)** ਪਸ਼ੂ ਪਾਲਣ ਵਿਭਾਗ ਅਤੇ ਡੇਅਰੀ ਵਿਕਾਸ ਵਿਭਾਗ ਦੇ ਕੈਬਨਿਟ ਮੰਤਰੀ ਮਾਨਯੋਗ ਗੁਰਮੀਤ ਸਿੰਘ ਖੁੱਡੀਆਂ ਜੀ ਦੇ ਹੁਕਮਾਂ ਤਹਿਤ ਪਸ਼ੂ ਪਾਲਣ ਵਿਭਾਗ ਦੇ ਡਾਇਰੈਕਟਰ ਡਾ. ਗੁਰਸ਼ਰਨਜੀਤ ਸਿੰਘ ਬੇਦੀ ਜੀ ਦੇ ਦਿਸ਼ਾਂ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਡਿਪਟੀ ਡਾਇਰੈਕਟਰ ਡਾ. ਰਵਿੰਦਰ ਸਿੰਘ ਦੀ ਅਗਵਾਈ ਵਿੱਚ ਪਸ਼ੂ ਪਾਲਣ ਵਿਭਾਗ ਵੱਲੋਂ ਮੂੰਹ-ਖੁਰ ਦੀ ਬਿਮਾਰੀ ਤੋਂ ਰੋਕਥਾਮ ਲਈ 21 ਅਕਤੂਬਰ 2024 ਤੋਂ ਪਸ਼ੂਆਂ ਵਿੱਚ ਟੀਕਾਕਰਨ ਮੁਹਿੰਮ ਸ਼ੁਰੂ ਕੀਤੀ ਗਈ ਸੀ ਜੋ ਕਿ 30 ਨਵੰਬਰ 24 ਤੱਕ ਚੱਲੇਗੀ। ਇਸ ਸਬੰਧੀ ਪਸ਼ੂ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ. ਰਵਿੰਦਰ ਸਿੰਘ ਨੇ ਦੱਸਿਆ ਕਿ ਇਸ ਮੁਹਿੰਮ ਲਈ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿੱਚ ਕੁੱਲ ਇਕ ਲੱਖ ਬਿਆਸੀ ਹਜ਼ਾਰ ਮੂੰਹ ਖੁਰ ਵੈਕਸੀਨ ਦੀਆਂ ਖੁਰਾਕਾਂ ਪ੍ਰਾਪਤ ਹੋਈਆਂ ਸਨ। ਉਹਨਾਂ ਕਿਹਾ ਕਿ ਜ਼ਿਲ੍ਹੇ ਦੀਆਂ ਸਮੁੱਚੀਆਂ ਮੱਝਾਂ ਅਤੇ ਗਾਵਾਂ ਦੇ ਇਹ ਟੀਕਾ ਪਸ਼ੂ ਪਾਲਣ ਵਿਭਾਗ ਦੇ ਸਟਾਫ ਵੱਲੋਂ ਘਰ ਘਰ ਜਾ ਕੇ ਮੁੱਫਤ ਲਗਾਇਆ ਗਿਆ ਹੈ ਤਾਂ ਜੋ ਇਸ ਭਿਆਨਕ ਬਿਮਾਰੀ ਤੋਂ ਜਿਲ੍ਹੇ ਦੇ ਸਾਰੇ ਪਸ਼ੂਆਂ ਨੂੰ ਬਚਾਇਆ ਜਾ ਸਕੇ। ਡਾ. ਰਵਿੰਦਰ ਸਿੰਘ ਨੇ ਦੱਸਿਆ ਕਿ ਪਸ਼ੂ ਪਾਲਕਾਂ ਦੇ ਆਰਥਿਕ ਨੁਕਸਾਨ ਨੂੰ ਅਗਾਊਂ ਟੀਕਾ ਕਰਨ ਕਰਵਾ ਕੇ ਹੀ ਰੋਕਿਆ ਜਾ ਸਕਦਾ ਹੈ। ਉਹਨਾਂ ਕਿਹਾ ਕਿ ਸਮੁੱਚੇ ਜਿਲ੍ਹਾ ਫਤਹਿਗੜ੍ਹ ਸਾਹਿਬ ਦੇ 90% ਪਸ਼ੂ ਧਨ ਨੂੰ ਵਿਭਾਗ ਦੇ ਸਟਾਫ ਵੱਲੋਂ ਘਰ ਘਰ ਜਾ ਕੇ ਟੀਕਾਕਰਨ ਕੀਤਾ ਜਾ ਚੁੱਕਾ ਹੈ ਅਤੇ ਇਸ ਸਮੁੱਚੀ ਟੀਕਾਕਰਨ ਮੁਹਿੰਮ ਦੀ ਦੇਖ ਰੇਖ ਪਸ਼ੂ ਪਾਲਣ ਵਿਭਾਗ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਸਹਾਇਕ ਡਾਇਰੈਕਟਰ ਡਾ. ਗੁਲਜਾਰ ਮੁਹੰਮਦ ਅਤੇ ਡਾ. ਨਵਦੀਪ ਸ਼ਰਮਾ ਦੁਆਰਾ ਕੀਤੀ ਗਈ।ਉਹਨਾਂ ਦੱਸਿਆ ਕਿ ਜਿਹੜੇ ਵੀ ਪਸ਼ੂ ਪਾਲਕਾਂ ਦੇ ਪਸ਼ੂਆਂ ਨੂੰ ਅਜੇ ਤੱਕ ਟੀਕਾਕਰਨ ਨਹੀਂ ਹੋਇਆ ਜਦੋਂ ਵੀ ਪਸ਼ੂ ਪਾਲਣ ਵਿਭਾਗ ਦਾ ਸਟਾਫ ਉਹਨਾਂ ਦੇ ਘਰ ਟੀਕਾ ਕਰਨ ਲਈ ਆਉਂਦਾ ਹੈ ਤਾਂ ਆਪਣੇ ਪਸ਼ੂਆਂ ਨੂੰ ਮੂੰਹ-ਖੁਰ ਵੈਕਸੀਨ ਜ਼ਰੂਰ ਲਗਵਾਈ ਜਾਵੇ ਤਾਂ ਜੋ ਵਿਭਾਗ ਵੱਲੋਂ ਮਿਥਿਆ ਵੈਕਸੀਨੇਸ਼ਨ ਦਾ ਕਾਰਜ ਨਿਰਧਾਰਤ ਸਮੇਂ ਵਿੱਚ ਨੇਪਰੇ ਚਾੜ੍ਹਿਆ ਜਾ ਸਕੇ ਅਤੇ ਪਸ਼ੂ ਪਾਲਕਾਂ ਦੇ ਕੀਮਤੀ ਪਸ਼ੂ ਧਨ ਦੀ ਰਖਵਾਲੀ ਹੋ ਸਕੇ। ਉਹਨਾਂ ਦੱਸਿਆ ਕਿ ਇਹ ਮੂੰਹ ਖੁਰ ਵੈਕਸੀਨ ਦੇ ਟੀਕੇ ਗੱਭਣ ਪਸ਼ੂਆਂ ਨੂੰ ਵੀ ਲਗਾਏ ਜਾ ਸਕਦੇ ਹਨ। ਡਿਪਟੀ ਡਾਇਰੈਕਟਰ ਡਾ. ਰਵਿੰਦਰ ਸਿੰਘ ਨੇ ਪਸ਼ੂ ਪਾਲਕਾਂ ਨੂੰ ਜਾਗਰੂਕ ਕਰਦੇ ਹੋਏ ਕਿਹਾ ਕਿ ਪਸ਼ੂਆਂ ਦੇ ਮੂੰਹ-ਖੁਰ ਦੀ ਵੈਕਸੀਨ ਲਗਵਾਉਣ ਨਾਲ ਨਾ ਤਾਂ ਪਸ਼ੂ ਦਾ ਦੁੱਧ ਘਟਦਾ ਹੈ ਅਤੇ ਨਾ ਹੀ ਗੱਭਣ ਪਸ਼ੂ ਬੱਚਾ ਸੁੱਟਦਾ ਹੈ। ਇਹ ਟੀਕੇ ਚਾਰ ਮਹੀਨੇ ਦੀ ਉਮਰ ਤੋਂ ਉੱਪਰ ਦੇ ਸਾਰੇ ਗੋਕੇ ਅਤੇ ਮਹਿਰੂ ਪਸ਼ੂਆਂ ਨੂੰ ਮੁੱਫਤ ਲਗਾਏ ਗਏ ਹਨ। ਉਨ੍ਹਾਂ ਕਿਹਾ ਕਿ ਜਿਨਾਂ ਕਟਰੂਆਂ ਤੇ ਵਛਰੂਆਂ ਦੇ ਇਹ ਟੀਕਾ ਪਹਿਲੀ ਵਾਰ ਲੱਗਿਆ ਹੈ ਉਹਨਾਂ ਕਟਰੂਆਂ ਤੇ ਵੱਛਰੂਆਂ ਦੇ ਇੱਕ ਮਹੀਨੇ ਬਾਅਦ ਦੁਬਾਰਾ ਬੂਸਟਰ ਡੋਜ ਲਗਾਈ ਜਾਵੇਗੀ। ਇਸ ਮੌਕੇ ਜ਼ਿਲ੍ਹੇ ਦੇ ਡਿਪਟੀ ਡਾਇਰੈਕਟਰ ਡਾ. ਰਵਿੰਦਰ ਸਿੰਘ ਨੇ ਸਮੁੱਚੇ ਪਸ਼ੂ ਪਾਲਕਾਂ, ਡੇਅਰੀ ਫਾਰਮਰਾਂ ਅਤੇ ਗਊਸ਼ਾਲਾਵਾਂ ਦੇ ਪ੍ਰਬੰਧਕਾਂ ਨੂੰ ਪੁਰਜ਼ੋਰ ਅਪੀਲ ਕੀਤੀ ਹੈ ਕਿ ਕੋਈ ਵੀ ਗੋਕਾ ਜਾਂ ਮਹਿਰੂ ਪਸ਼ੂ ਮੂੰਹ-ਖੁਰ ਦੀ ਵੈਕਸੀਨ ਤੋਂ ਵਾਂਝਾ ਨਾ ਰਹਿ ਜਾਵੇ। ਉਹਨਾਂ ਕਿਹਾ ਕਿ ਇਹ ਮੂੰਹ-ਖੁਰ ਦਾ ਟੀਕਾ ਹਰ ਇੱਕ ਗੋਕੇ ਅਤੇ ਮਹਿਰੂ ਨੂੰ ਲਗਵਾਇਆ ਜਾਵੇ।ਇਸ ਮੌਕੇ ਡਿਪਟੀ ਡਾਇਰੈਕਟਰ ਡਾ. ਰਵਿੰਦਰ ਸਿੰਘ ਦੇ ਨਾਲ ਸਹਾਇਕ ਡਾਇਰੈਕਟਰ ਡਾ. ਗੁਲਜਾਰ ਮੁਹੰਮਦ, ਡਾ. ਨਵਦੀਪ ਸ਼ਰਮਾ ਤੋਂ ਇਲਾਵਾ ਸਾਰਾ ਦਫਤਰੀ ਸਟਾਫ ਮੌਜੂਦ ਸੀ।



### ਬਿਹਤਰ ਨਾਗਰਿਕ ਸੇਵਾਵਾਂ ਅਤੇ ਸਹੂਲਤ ਪ੍ਰਦਾਨ ਕਰਨ ਦੇ ਉਦੇਸ਼ ਨਾਲ ਜ਼ਿਲ੍ਹੇ ਦੇ ਸਮੂਹ ਸਰਪੰਚ, ਨੰਬਰਦਾਰ ਅਤੇ ਨਗਰ ਕੌਂਸਲਰਾਂ ਨੂੰ 28 ਨਵੰਬਰ ਦਿੱਤੀ ਜਾਵੇਗੀ ਈ-ਸੇਵਾ, ਐਮ-ਸੇਵਾ ਪੋਰਟਲ ਦੀ ਟਰੇਨਿੰਗ- ਸਹਾਇਕ ਕਮਿਸ਼ਨਰ

ਪੰਜਾਬ ਦਾ ਖੁਲਾਸਾ

**ਮਾਲੇਰਕੋਟਲਾ, 27 ਨਵੰਬਰ (ਬੋਪਾਰਾਏ)** :- ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਸੂਬੇ ਦੀ ਅਵਾਮ ਨੂੰ ਪ੍ਰਸ਼ਾਸਨਿਕ ਸੁਧਾਰ ਵਿਭਾਗ (ਡੀ.ਜੀ.ਆਰ.) ਵੱਲੋਂ ਈ-ਗਵਰਨੈਂਸ ਪ੍ਰਣਾਲੀ ਨਾਲ ਦਸਤਾਵੇਜ਼ ਆਨਲਾਈਨ ਤਸਦੀਕ ਕਰਵਾਉਣ ਦੀ ਸਹੂਲਤ ਅਵਾਮ ਨੂੰ ਮੁਹੱਈਆ ਕਰਵਾ ਕੇ ਵੱਡੀ ਰਾਹਤ ਦਿੱਤੀ ਸੀ । ਇਸ ਪਹਿਲਕਦਮੀ ਤਹਿਤ ਸਰਕਾਰੀ ਸੇਵਾਵਾਂ ਦੀ ਡਿਜੀਟਾਈਜ਼ੇਸ਼ਨ ਅਤੇ ਨਾਗਰਿਕਾਂ ਦੇ ਅਨੁਭਵਾਂ ਨੂੰ ਹੋਰ ਬਿਹਤਰ ਬਣਾਉਣ ਦੀ ਦਿਸ਼ਾ ਵਿੱਚ ਨਵ ਨਿਯੁਕਤ ਸਮੂਹ ਸਰਪੰਚ, ਨੰਬਰਦਾਰ ਅਤੇ ਨਗਰ ਕੌਂਸਲਰਾਂ ਨੂੰ ਅਗੇਤੀ ਟਰੇਨਿੰਗ ਦੇਣ ਦਾ ਫ਼ੈਸਲਾ ਭਵਿੱਖ ਵਿੱਚ ਬੇਹੱਦ ਅਹਿਮ ਕਦਮ ਸਾਬਤ ਹੋਵੇਗਾ ।



ਸਹਾਇਕ ਕਮਿਸ਼ਨਰ ਗੁਰਮੀਤ ਕੁਮਾਰ ਬਾਂਸਲ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਪ੍ਰਸ਼ਾਸਨਿਕ ਸੁਧਾਰ ਵਿਭਾਗ ਵੱਲੋਂ ਜ਼ਿਲ੍ਹੇ ਦੇ ਨਵ ਨਿਯੁਕਤ ਸਰਪੰਚਾਂ ਨੂੰ ਈ-ਗਵਰਨੈਂਸ ਪ੍ਰਣਾਲੀ ਨਾਲ ਦਸਤਾਵੇਜ਼ ਆਨਲਾਈਨ ਤਸਦੀਕ ਕਰਵਾਉਣ ਦੀ ਸਹੂਲਤ ਅਵਾਮ ਨੂੰ ਮੁਹੱਈਆ ਕਰਵਾਉਣ ਲਈ ਮਿਤੀ 28 ਨਵੰਬਰ ਨੂੰ ਸਥਾਨਕ ਪੰਜਾਬ ਉਰਦੂ ਅਕਾਦਮੀ ਵਿਖੇ ਈ.ਸੇਵਾ, ਐਮ.ਸੇਵਾ ਐਪ ਅਤੇ ਵਟਸਅੱਪ ਦੀ ਟਰੇਨਿੰਗ ਦਿੱਤੇ ਜਾਵੇਗੀ ।

ਉਨ੍ਹਾਂ ਜ਼ਿਲ੍ਹੇ ਦੇ ਸਮੂਹ ਸਰਪੰਚਾਂ ਨੂੰ ਇਸ ਇੱਕ ਰੋਜ਼ਾ ਟਰੇਨਿੰਗ ਕੈਂਪ ਵਿੱਚ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ ਤਾਂ ਜੋ ਜ਼ਿਲ੍ਹੇ ਦੇ ਆਮ ਲੋਕਾਂ ਨੂੰ ਸੁਖਾਲੇ ਤਰੀਕੇ ਨਾਲ ਜਾਤੀ, ਰਿਹਾਇਸ਼, ਬੁਢਾਪਾ ਪੈਨਸ਼ਨ, ਡੋਗਰਾ ,ਈ. ਡਬਲਿਊ .ਐਸ,ਆਮਦਨ ਸਰਟੀਫਿਕੇਟ ਆਦਿ ਤਸਦੀਕ ਕਰਵਾਉਣ ਦੀ ਪ੍ਰਕਿਰਿਆ ਦੀ ਸਹੂਲਤ ਘਰ ਬੈਠੇ ਹੀ ਮਿਲ ਸਕੇ ।

ਦਸਤਾਵੇਜ਼ ਆਨਲਾਈਨ ਤਸਦੀਕ ਕਰਨ ਲਈ ਸਮੂਹ ਸਰਪੰਚ, ਨੰਬਰਦਾਰ ਅਤੇ ਨਗਰ ਕੌਂਸਲਰਾਂ ਨੂੰ ਆਨ ਲਾਈਨ ਲਾਗਇਨ ਆਈ.ਡੀਜ਼.ਜਾਰੀ ਕੀਤੇ ਜਾਣਗੇ ਤਾਂ ਜੋ ਉਹ ਆਨਲਾਈਨ ਪ੍ਰਕ੍ਰਿਆ ਨਾਲ ਬਿਨੈਕਾਰਾਂ ਦੇ ਦਸਤਾਵੇਜ਼ ਵੈਰੀਫਿਕੇਸ਼ਨ ਪਾਰਦਰਸੀ ਤਰੀਕੇ ਨਾਲ ਤਸਦੀਕ ਹੋ ਸਕਣ। ਇਸ ਪ੍ਰੀਕ੍ਰਿਆਂ ਦੇ ਲਾਗੂ ਹੋਣ ਨਾਲ ਜਿੱਥੇ ਬੇਲੋੜੀ ਕਾਗਜ਼ੀ ਕਾਰਵਾਈ ਖ਼ਤਮ ਹੋਵੇਗੀ ,ਉੱਥੇ ਸਰਕਾਰੀ ਕੰਮਕਾਜ ਵਿੱਚ ਤੇਜ਼ੀ ਆਵੇਗੀ ਅਤੇ ਬਿਨੈਕਾਰਾਂ ਦੀ ਖੱਜਲ-ਗੁਜ਼ਾਰੀ ਘਟੇਗੀ ।

## ਕੀਮਤੀ ਗੱਲਾਂ

ਕੁੜੀਆਂ ਦੀ ਇੱਜਤ ਕਰਨਾ
ਸਭ ਤੋਂ ਵੱਡਾ ਗੁਣ ਆਂ ,
ਮਾਂ ਪਿਉ ਦੀ ਸੇਵਾ ਕਰਨਾ
ਸਭ ਤੋ ਵੱਡਾ ਤੀਰਥ ਆ ,
ਆਪਣੀ ਗਲਤੀ ਮੰਨਣਾਂ
ਸਭ ਤੋਂ ਵੱਡੀ ਸਿਆਣਪ ਆ,
ਜਾਤ ਪਾਤ ਖਤਮ ਕਰਨਾ
ਸਭ ਤੋਂ ਵੱਡੀ ਪ੍ਰਾਪਤੀ ਆ ,
ਦੇਸ਼ ਲਈ ਮਰਨਾ ਸਭ
'ਤੋਂ ਵੱਡਾ ਬਲੀਦਾਨ ਆਂ ,
ਰੋਂਦੇ ਨੂੰ ਹਸਾਉਣਾਂ ਸਭ
'ਤੋਂ ਵੱਡਾ ਹੁਨਰ ਆ ,
ਬਲਾਤਕਾਰੀ ਨੂੰ ਮਾਰਨਾਂ
ਸਭ ਤੋਂ ਵੱਡੀ ਹਿੰਮਤ ਆ ,

ਲਵਪ੍ਰੀਤ ਸਿੰਘ ਸੋਹਣੇਵਾਲਾ
ਸ਼੍ਰੀ ਮੁਕਤਸਰ ਸਾਹਿਬ

## ਦੇਸ਼ ਦੀ ਸਭ ਤੋਂ ਲੰਬੀ ਰਾਈਡ 1200 ਕਿ.ਮੀ. ਲਗਾ ਕੇ ਮਲੋਟ ਸ਼ਹਿਰ ਦਾ ਨਾਮ ਰੋਸ਼ਨ ਕੀਤਾ

ਪੰਜਾਬ ਦਾ ਖੁਲਾਸਾ

**ਮਲੋਟ, 27 ਨਵੰਬਰ (ਕ੍ਰਿਸ਼ਨ ਮਦਾਨ/ ਅਮਰਨਾਥ ਸੋਨੀ)** ਮਲੋਟ ਦੇ ਦੋ ਸਾਇਕਲਿਸਟਾ ਗੁਰਪ੍ਰੀਤ ਸਿੰਘ ਲੰਬੀ ਅਤੇ ਨਵੀਨ ਦਿਉੜਾ ਨੇ Audax India Randonneurs (AIR) ਵੱਲੋ ਕਰਵਾਈ ਗਈ ਦੇਸ਼ ਦੀ ਸਭ ਤੋਂ ਲੰਬੀ ਰਾਈਡ 1200 ਕਿ.ਮੀ. ਲਗਾ ਕੇ ਮਲੋਟ ਸ਼ਹਿਰ ਦਾ ਨਾਮ ਰੋਸ਼ਨ ਕੀਤਾ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਸਾਇਕਲਿਸਟ ਗੁਰਪ੍ਰੀਤ ਸਿੰਘ ਲੰਬੀ ਅਤੇ ਨਵੀਨ ਦਿਉੜਾ ਨੇ ਦੱਸਿਆ ਕਿ ਇਹ ਰਾਈਡ Patiala Randonneurs Club ਦੇ ਸੰਚਾਲਕ ਸ.ਗੁਰਜੀਤ ਸਿੰਘ ਵੱਲੋਂ ਕਰਵਾਈ ਗਈ। ਜੋ ਕਿ ਪਟਿਆਲਾ - ਜੀਰਕਪੁਰ-ਅੰਬਾਲਾ- ਕਾਲਾ ਅੰਬ-ਨਾਹਨ -ਪਾਉਟਾ ਸਾਹਿਬ -ਜਗਾਧਰੀ ਹੁੰਦੇ ਹੋਏ ਅੰਬਾਲਾ-ਜੀਰਕਪੁਰ-ਧਰਮਪੁਰ-ਜੀਰਕਪੁਰ-ਖਰੜ- ਸ੍ਰੀ ਆਨੰਦਪੁਰ ਸਾਹਿਬ-ਨੰਗਲ-ਮਹਿਤਪੁਰ (ਊਨਾ) ਤੋਂ ਵਾਪਸੀ ਨਵਾਂਸ਼ਹਿਰ-ਜਲੰਧਰ-ਪਠਾਨਕੋਟ ਤੋਂ ਹੁੰਦੇ ਹੋਏ ਗੁਰਦਾਸਪੁਰ-ਅਮ੍ਰਿਤਸਰ-ਜਲੰਧਰ-ਲੁਧਿਆਣਾ-ਰਾਜਪੁਰਾ ਤੇ ਪਟਿਆਲਾ ਵਿਖੇ ਖਤਮ ਹੋਈ। ਉਹਨਾਂ ਦਸਿਆ ਕਿ ਇਹ ਰਾਈਡ ਨੇ ਤਿੰਨ ਰਾਜ (ਪੰਜਾਬ, ਹਰਿਆਣਾ-ਹਿਮਾਚਲ ਪ੍ਰਦੇਸ਼) ਨੂੰ ਕਵਰ ਕੀਤਾ। ਇਸ ਰਾਈਡ ਵਿੱਚ ਦੇਸ਼ ਦੇ ਨਾਮੀ ਗਿਰਾਮੀ 9 ਸਾਇਕਲਿਸਟ ਨੇ ਭਾਗ ਲਿਆ। ਮਲੋਟ ਦੇ ਇਹਨਾਂ ਦੋਨੇ ਸਾਇਕਲਿਸਟਾਂ ਨੇ ਇਹ ਰਾਈਡ ਮਿੱਥੇ ਸਮੇਂ ਤੋਂ 2 ਘੰਟੇ ਪਹਿਲਾਂ ਖਤਮ ਕਰਕੇ ਜਿੱਥੇ ਆਪਣੇ ਜਨੂੰਨ ਦੀ ਮਿਸਾਲ ਪੇਸ਼ ਕੀਤੀ ਹੈ, ਉਥੇ ਹੀ ਮਲੋਟ ਸ਼ਹਿਰ ਦਾ ਨਾਂ ਚਮਕਾਇਆ ਹੈ। ਜਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਨਵੀਨ ਦਿਉੜਾ ਨੇ Audax India Randonneurs (AIR) ਦੇ ਹਿਸਾਰ Randonneurs ਵੱਲੋ ਕਰਵਾਈ 29/03/2024 ਨੂੰ 1000 ਕਿ.ਮੀ. ਦੀ ਰਾਈਡ ਨੂੰ ਸਫਲਤਾਪੂਰਵਕ ਪੂਰਾ ਕੀਤਾ ਅਤੇ ਮੋਹਾਲੀ ਤੋਂ ਕਾਜਾ ਤੱਕ ਦਾ ਸਫਰ ਵੀ ਸਾਇਕਲ ਤੇ ਪੂਰਾ ਕਰ ਚੁੱਕੇ ਹਨ।



# ਖੇਤੀਬਾੜੀ ਵਿਭਾਗ ਵੱਲੋਂ ਕਣਕ ਦੀ ਫਸਲ ਵਿੱਚ ਗੁਲਾਬੀ ਸੁੰਡੀ ਦੇ ਹਮਲੇ ਸਬੰਧੀ ਸਰਵੇਖਣ ਜਾਰੀ

ਪੰਜਾਬ ਦਾ ਖੁਲਾਸਾ

**ਸੰਦੌੜ, 27 ਨਵੰਬਰ (ਬੋਪਾਰਾਏ)**: ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਜ਼ਿਲ੍ਹਾ ਮਲੇਰਕੋਟਲਾ ਵੱਲੋਂ ਵੱਖ-ਵੱਖ ਪਿੰਡਾਂ ਵਿੱਚ ਕਣਕ ਦੀ ਫਸਲ ਉੱਪਰ ਗੁਲਾਬੀ ਸੁੰਡੀ ਦੇ ਸੰਭਾਵਿਤ ਹਮਲੇ ਦੇ ਮੱਦੇ ਨਜ਼ਰ ਲਗਾਤਾਰ ਨਰੀਖਣ ਕੀਤਾ ਜਾ ਰਿਹਾ ਹੈ। ਇਸ ਟੀਮ ਵਿੱਚ ਖੇਤੀਬਾੜੀ ਅਫਸਰ ਡਾਕਟਰ ਕੁਲਵੀਰ ਸਿੰਘ, ਡਾਕਟਰ ਕੁਲਦੀਪ ਕੌਰ ਏ.ਡੀ.ਓ, ਡਾਕਟਰ ਰਾਕੇਸ਼ ਕੁਮਾਰ ਏ.ਡੀ.ਓ, ਮਿਸ ਇੰਦਰਦੀਪ ਕੌਰ ਅਤੇ ਸ੍ਰੀ ਹਰਿਮੰਦਰ ਸਿੰਘ ਖੇਤੀ ਉਪ-ਨਿਰੀਖਿਕ ਸ਼ਾਮਿਲ ਹਨ । ਇਸ ਸਬੰਧੀ ਟੀਮ ਦੁਆਰਾ ਜਾਣਕਾਰੀ ਸਾਂਝੀ ਕੀਤੀ ਗਈ ਕਿ ਗੁਲਾਬੀ ਸੁੰਡੀ ਦਾ ਹਮਲਾ ਅਗੇਤੀ ਬੀਜੀ ਫਸਲ ਵਿੱਚ ਵੱਧ ਦੇਖਣ ਨੂੰ ਮਿਲਦਾ ਹੈ ਅਤੇ ਖਾਸ ਤੌਰ ਤੇ ਜੇਕਰ ਆਸ ਪਾਸ ਦੇ ਖੇਤਾਂ ਵਿੱਚ ਝੋਨੇ ਦੀ ਪਿੱਛੇਤੀ ਵਾਢੀ ਕੀਤੀ ਗਈ ਹੈ। ਇਹ ਸੁੰਡੀਆ ਕਣਕ ਦੇ ਛੋਟੇ ਬੂਟਿਆਂ ਵਿੱਚ ਤਣੇ ਅੰਦਰ ਮੋਰੀਆਂ ਕਰਕੇ ਅੰਦਰ ਜਾ ਕੇ ਅੰਦਰਲਾ ਮਾਦਾ ਖਾਂਦੀਆਂ ਹਨ ਜਿਸ ਨਾਲ ਬੂਟੇ ਪੀਲੇ ਹੋ ਜਾਂਦੇ ਹਨ ਅਤੇ ਬਾਅਦ ਵਿੱਚ ਮਰ ਜਾਂਦੇ ਹਨ। ਇਸ ਸਮੇਂ ਉਹਨਾਂ ਕਿਸਾਨ ਭਰਾਵਾਂ ਨੂੰ ਆਪਣੀ ਫਸਲ ਦਾ ਲਗਾਤਾਰ ਨਿਰੀਖਣ ਕਰਨ ਅਤੇ ਕਣਕ ਦੀ ਫਸਲ ਨੂੰ ਪਾਣੀ ਦਿਨ ਸਮੇਂ ਹੀ ਲਾਉਣ ਦੀ ਸਲਾਹ ਦਿੱਤੀ ਤਾਂ ਜੋ ਵੱਧ ਤੋਂ ਵੱਧ ਦੁਸ਼ਮਣ ਕੀੜੇ ਪੰਛੀਆਂ ਦਾ ਸ਼ਿਕਾਰ ਬਣ ਸਕਣ ਅਤੇ ਜਾਣਕਾਰੀ ਦਿੱਤੀ ਕਿ ਜੇਕਰ ਫਸਲ ਵਿੱਚ ਇਸ ਕੀਟ ਦਾ ਹਮਲਾ ਵੇਖਣ ਨੂੰ ਮਿਲਦਾ ਹੈ ਤਾਂ ਪੀ.ਏ.ਯੂ ਦੁਆਰਾ ਸਿਫਾਰਸ ਕੀਟਨਾਸਕ ਜਿਵੇਂ ਕਿ 50 ਐਮ.ਐਲ ਕੋਰਾਜਨ 18.5% ਐਸ.ਸੀ (ਕਲੋਰਐਂਟਰਾਨੀਲੀਪਰੋਲ) ਜਾਂ 400 ਐਮ.ਐਲ ਏਕਾਲਕਸ 25% ਈ.ਸੀ (ਕੁਇਨਲਫੋਸ) 80-100 ਲੀਟਰ ਪਾਣੀ ਵਿੱਚ ਮਿਕਸ ਕਰਕੇ ਪਿੱਠੂ ਪੰਪ ਨਾਲ ਛਿੜਕਾ ਕੀਤਾ ਜਾ ਸਕਦਾ ਹੈ ਜਾਂ 7 ਕਿਲੋ ਫਿਪਰੋਨਿਲ ਜਾਂ 1 ਲੀਟਰ ਕਲੋਰਪੈਰੀਫੋਸ 20% ਈ.ਸੀ ਦਵਾਈ ਨੂੰ 20 ਕਿਲੋ ਸਿਲਾਬੀ ਮਿੱਟੀ ਨਾਲ ਰਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਪਹਿਲੇ ਪਾਣੀ ਤੋਂ ਪਹਿਲਾਂ ਛਿੱਟਾ ਦਿੱਤਾ ਜਾ ਸਕਦਾ ਹੈ। ਵਧੇਰੇ ਜਾਣਕਾਰੀ ਲਈ ਕਿਸਾਨ ਭਰਾ ਆਪਣੇ ਨਜ਼ਦੀਕੀ ਖੇਤੀਬਾੜੀ ਦਫਤਰ ਨਾਲ ਸੰਪਰਕ ਕਰ ਸਕਦੇ ਹਨ।



ਮੁਦਰਕ, ਪ੍ਰਕਾਸ਼ਕ ਅਤੇ ਸਵਾਮੀ ਮਨਪ੍ਰੀਤ ਸਿੰਘ ਨੇ ਪੰਜਮਨਾ ਆਰਟ ਪ੍ਰੈਸ, ਨੇੜੇ ਪੀ.ਐਨ.ਬੀ. ਬੈਂਕ, ਅਬੋਹਰ ਰੋਡ, ਸ੍ਰੀ ਮੁਕਤਸਰ ਸਾਹਿਬ ਤੋਂ ਛਪਵਾ ਕੇ ਪੰਜਾਬ ਦਾ ਖੁਲਾਸਾ ਦਫਤਰ, ਹਾਊਸ ਨੰਬਰ 236/3, ਨਾਕਾ ਨੰ.2 ਦਰਬਾਰ ਸਾਹਿਬ, ਸ੍ਰੀ ਮੁਕਤਸਰ ਸਾਹਿਬ ਤੋਂ ਪ੍ਰਕਾਸ਼ਿਤ ਕੀਤਾ। ਸੰਪਾਦਕ ਮਨਪ੍ਰੀਤ ਸਿੰਘ

# ਐਸ.ਐਸ.ਪੀ ਫਰੀਦਕੋਟ ਵੱਲੋਂ ਸੜਕ ਸੁਰੱਖਿਆ ਫੋਰਸ ਟੀਮਾਂ ਦੀ ਕੀਤੀ ਗਈ ਚੈਕਿੰਗ

ਪੰਜਾਬ ਦਾ ਖੁਲਾਸਾ

**ਫਰੀਦਕੋਟ, 27 ਨਵੰਬਰ (ਗੁਰਦੀਪ ਸਿੰਘ ਢਿੱਲੋਂ)** ਡਾ. ਪ੍ਰਗਿਆ ਜੈਨ ਐਸ.ਐਸ.ਪੀ ਫਰੀਦਕੋਟ ਵੱਲੋਂ ਅੱਜ ਸੜਕ ਸੁਰੱਖਿਆ ਫੋਰਸ ਦੀਆਂ ਟੀਮਾਂ ਦੀ ਚੈਕਿੰਗ ਕੀਤੀ ਗਈ ਅਤੇ ਉਨ੍ਹਾਂ ਨੂੰ ਸੁਰੱਖਿਆ ਡਿਊਟੀਆਂ ਸਬੰਧੀ ਮਹੱਤਵਪੂਰਨ ਹਦਾਇਤਾਂ ਜਾਰੀ ਕੀਤੀਆਂ ਗਈਆਂ। ਇਸ ਮੌਕੇ ਤੇ ਉਨ੍ਹਾਂ ਨੇ ਸੜਕ ਸੁਰੱਖਿਆ ਫੋਰਸ ਵੱਲੋਂ ਵਰਤੇ ਜਾ ਰਹੇ ਵਾਹਨਾਂ ਅਤੇ ਵਰਤੇ ਜਾਂਦੇ ਸਾਜੋ ਸਮਾਨ ਦੀ ਵੀ ਜਾਂਚ ਕੀਤੀ ਅਤੇ ਯਕੀਨੀ ਬਣਾਇਆ ਕਿ ਇਹ ਵਾਹਨ ਪੂਰੀ ਤਰ੍ਹਾਂ ਸੁਰੱਖਿਅਤ ਹਨ। ਇਸ ਤੋ ਇਲਾਵਾ ਉਹਨਾਂ ਵੱਲੋਂ ਟੀਮਾਂ ਨੂੰ ਹਰ ਸਮੇਂ ਜਰੂਰੀ ਸੁਰੱਖਿਆ ਸਾਜੋ-ਸਾਮਾਨ ਨਾਲ ਲੈਸ ਹੋਣ ਰਹਿਣ ਦੇ ਹੁੱਕਮ ਵੀ ਦਿੱਤੇ ਗਏ। ਐਸ.ਐਸ.ਪੀ ਫਰੀਦਕੋਟ ਵੱਲੋਂ ਸੜਕ ਸੁਰੱਖਿਆ ਫੋਰਸ ਫਰੀਦਕੋਟ ਵਿੱਚ ਤਾਇਨਾਤ ਕਰਮਚਾਰੀਆਂ ਨਾਲ ਗੱਲਬਾਤ ਕਰਕੇ ਉਹਨਾਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾ ਬਾਰੇ ਜਾਣਕਾਰੀ ਹਾਸਿਲ ਕੀਤੀ ਗਈ ਅਤੇ ਇਹਨਾਂ ਨੂੰ ਹੱਲ ਕਰਨ ਲਈ ਮੌਕੇ ਪਰ ਜਰੂਰੀ ਦਿਸ਼ਾ ਨਿਰਦੇਸ਼ ਵੀ ਦਿੱਤੇ ਗਏ। ਉਹਨਾਂ ਵੱਲੋਂ ਵਧੀਆਂ ਡਿਊਟੀ ਕਰਨ ਵਾਲੇ



ਕਰਮਚਾਰੀਆ ਦੀ ਹੌਸਲਾ ਅਫਜਾਈ ਲਈ ਪ੍ਰਸੰਸਾ ਪੱਤਰ ਵੀ ਦਿੱਤੇ ਗਏ। ਇਸ ਦੇ ਨਾਲ ਹੀ ਡਾਕਟਰੀ ਟੀਮ ਵੱਲੋ ਕਰਮਚਾਰੀਆਂ ਨੂੰ ਐਮਰਜੈਸੀ ਦੌਰਾਨ ਮੈਡੀਕਲ ਸਹਾਇਤਾ ਦੇਣ ਲਈ ਜਰੂਰੀ ਜਾਣਕਾਰੀ ਵੀ ਦਿੱਤੀ ਗਈ।

ਐਸ.ਐਸ.ਪੀ ਫਰੀਦਕੋਟ ਡਾ. ਪ੍ਰਗਿਆ ਜੈਨ ਵੱਲੋਂ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆਂ ਕਿ ਸੜਕ ਸੁਰੱਖਿਆ ਫੋਰਸ ਦੀਆਂ ਟੀਮਾਂ ਸੜਕੀ ਹਾਦਸਿਆਂ ਨੂੰ ਰੋਕਣ ਅਤੇ ਸੜਕ ਦੁਰਘਟਨਾ ਸਮੇਂ ਤੁਰੰਤ ਮੌਕੇ ਤੇ ਪਹੁੰਚ ਕੇ ਦੁਰਘਟਨਾਗ੍ਰਸਤ ਲੋਕਾਂ ਦੀ ਸਹਾਇਤਾ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੀਆਂ ਹਨ। ਇਸ ਸਮੇਂ ਫਰੀਦਕੋਟ ਵਿੱਚ ਸੜਕ ਸੁਰੱਖਿਆਂ ਫੋਰਸ ਦੀਆਂ ਟੀਮਾ ਵੱਲੋਂ 04 ਰੂਟਾਂ ਰਾਹੀ 100 ਕਿਲੋਮੀਟਰ ਤੋ ਜਿਆਦਾ ਦਾ ਏਰੀਆਂ ਕਵਰ ਕੀਤਾ ਜਾ ਰਿਹਾ ਹੈ। ਇਹ ਟੀਮਾਂ 24 ਘੰਟੇ ਪਬਲਿਕ ਦੀ ਮਦਦ ਲਈ ਡਿਊਟੀ ਪਰ ਤਾਇਨਾਤ ਰਹਿੰਦੀਆਂ ਹਨ।

# ਸੰਤ ਮਿਤ ਸਿੰਘ ਜੀ ਤੇ ਸੰਤ ਜੋਰਾ ਸਿੰਘ ਜੀ ਦੀ ਬਰਸੀ ਨੂੰ ਮੁੱਖ ਰੱਖਦਿਆ 11ਵੀਂ ਲੜੀ ਦੇ ਆਖੰਡ ਪਾਠ ਪ੍ਰਕਾਸ਼ ਹੋਏ

ਪੰਜਾਬ ਦਾ ਖੁਲਾਸਾ

**ਬੱਧਨੀ ਕਲਾਂ, 27 ਨਵੰਬਰ (ਪ ਪ)**-- ਅੱਜ ਸੰਤ ਆਸ਼ਰਮ ਲੋਪੋ ਵਿਖੇ ਸੰਤ ਮਿੱਤ ਸਿੰਘ ਜੀ ਲੋਪੋ ਵਾਲਿਆ ਦੀ 74ਵੀਂ ਸਲਾਨਾ ਬਰਸੀ ਅਤੇ ਸੰਤ ਜੋਰਾ ਸਿੰਘ ਜੀ ਦੀ 19 ਵੀਂ ਸਲਾਨਾ ਬਰਸੀ ਸਮਾਗਮ ਨੂੰ ਮੁੱਖ ਰੱਖਦਿਆ 11ਵੀਂ ਲੜੀ ਦੇ ਆਖੰਡ ਪਾਠ ਪ੍ਰਕਾਸ਼ ਹੋਏ। ਇਸ ਦੌਰਾਨ ਸੰਤ ਆਸ਼ਰਮ ਲੋਪੋ ਦੇ ਮੁੱਖ ਸੇਵਾਦਾਰ ਸੰਤ ਜਗਜੀਤ ਸਿੰਘ ਜੀ ਅਤੇ ਹੋਰ ਸੰਗਤਾਂ ਵੱਡੀ ਗਿਣਤੀ ਵਿੱਚ



ਹਾਜ਼ਰ ਸਨ। ਇਸ ਸਮੇਂ ਭਗੀਰਥ ਸਿੰਘ ਲੋਪੋ, ਸੁਖਚੈਨ ਸਿੰਘ ਘੋਲੀਆ, ਅਮਰ ਸਿੰਘ ਰਸੂਲਪੁਰ, ਭੁਪਿੰਦਰ ਸਿੰਘ ਬਾਰਨਹਾੜਾ, ਸਤਵਿੰਦਰ ਸਿੰਘ ਸੇਖੋ, ਠੇਕੇਦਾਰ ਅਜੀਤ ਸਿੰਘ, ਮਹਿੰਦਰ ਸਿੰਘ ਲੁਧਿਆਣਾ, ਬੇਅੰਤ ਸਿੰਘ ਬੋਪਾਰਾਏ ਖੁਰਦ, ਸੁਖਪ੍ਰੀਤ ਸਿੰਘ ਸਿੱਧੂ ਏ ਡੀ ਸੀ, ਧਨਵੰਤ ਸਿੰਘ ਲੋਪੋ, ਮਿਸਤਰੀ ਬਸੰਤ ਸਿੰਘ ਲੋਪੋ, ਸੁਖਦਰਸ਼ਨ ਸਿੰਘ ਬੱਸੀ ਗੁਜਰਾਂ, ਪੂਰਨ ਸਿੰਘ, ਅਮਨਦੀਪ ਸਿੰਘ ਇਟਲੀ, ਮਹਿੰਦਰ ਸਿੰਘ ਭੰਡਾਲ ਇੰਗਲੈਂਡ, ਜੋਗਿੰਦਰ ਸਿੰਘ ਬੈਂਸ ਇੰਗਲੈਂਡ , ਮੇਜਰ ਸਿੰਘ ਲੋਪੋ, ਸਰਪੰਚ ਗੁਰਮੇਲ ਸਿੰਘ ਬੁੱਟਰ, ਦਵਿੰਦਰ ਸਿੰਘ ਕੈਨੇਡਾ, ਜਗਦੇਵ ਸਿੰਘ ਕੈਨੇਡਾ, ਗਿਆਨੀ ਰਜਿੰਦਰ ਸਿੰਘ ਛੱਜਾਂਵਾਲ, ਜਗਤਾਰ ਸਿੰਘ ਭੋਲਾ, ਚਮਕੌਰ ਸਿੰਘ ਬਾਵਾ, ਗ੍ਰੰਥੀ ਕੁਲਦੀਪ ਸਿੰਘ ਮੱਲੇਆਣਾ, ਜਸਵੀਰ ਸਿੰਘ ਲੱਖਾ, ਸੁਦਾਗਰ ਸਿੰਘ ਰਸੂਲਪੁਰ, ਜਗਜੀਤ ਸਿੰਘ ਜੱਗਾ, ਮੱਖਣ ਸਿੰਘ ਗਊਸ਼ਾਲਾ, ਹਰਦੀਪ ਸਿੰਘ ਲੋਪੋ, ਪ੍ਰੀਤਮ ਸਿੰਘ ਢੁੱਡੀਕੇ, ਨੰਬਰਦਾਰ ਸੱਤਾ ਸਿੰਘ ਬੱਸੀਆਂ, ਆਤਮਾ ਸਿੰਘ ਜੋਹਲ, ਪ੍ਰਿਤਪਾਲ ਸਿੰਘ ਚੂਹੜਚੱਕ, ਬੱਬੂ ਢਿੱਲੋ ਅਤੇ ਮਨਪ੍ਰੀਤ ਸਿੰਘ ਮੰਤਰੀ ਹਾਜ਼ਰ ਸਨ।



# ਪੰਜਾਬ ਐਂਡ ਸਿੰਧ ਬੈਂਕਾਂ ਵੱਲੋਂ ਐਨ.ਆਰ.ਆਈ ਮਿਲਣੀ ਪ੍ਰੋਗਰਾਮ ਕਰਵਾਇਆ

ਪੰਜਾਬ ਦਾ ਖੁਲਾਸਾ

**ਭੁਲੱਥ/ਬੇਗੋਵਾਲ, 27 ਨਵੰਬਰ (ਕੰਨੂੰ ਭੁਲੱਥ)** ਬੇਗੋਵਾਲ ਦੇ ਲੈ.ਏ ਪਿਜ਼ੇਰੀਆ 'ਚ ਪੰਜਾਬ ਐਂਡ ਸਿੰਧ ਬੈਂਕ ਭੁਲੱਥ ਦੀ ਅਗਵਾਈ ਹੇਠ ਬੇਗੋਵਾਲ, ਦਮੂਲੀ ਇਬਰਾਹੀ ਮਵਾਲ, ਨਡਾਲਾ, ਢਿਲਵਾਂ, ਦਿਆਲਪੁਰ, ਕਰਤਾਰਪੁਰ ਤੇ ਭੋਗਪੁਰ ਵਲੋਂ ਐਨ.ਆਰ.ਆਈ ਮਿਲਣੀ ਪ੍ਰੋਗਾਰਮ ਕਰਵਾਇਆ ਗਿਆ । ਇਸ ਮੌਕੇ ਬੈਂਕ ਦੇ ਅਧਿਕਾਰੀਆਂ ਵਲੋਂ ਆਏ ਹੋਏ ਐਨ ਆਰ ਆਈ ਲੋਕ ਤੇ ਹੋਰਾਂ ਨੂੰ ਬੈਂਕ ਦੇ ਸਕੀਮਾਂ ਤੋਂ ਜਾਣੂ ਕਰਵਾਈਆ ਗਈਆ। ਇਸ ਮੌਕੇ ਕਰਮਜੀਤ ਸਿੰਘ ਡਿਪਟੀ ਜਰਨਲ ਮੈਨੇਜਰ, ਮਲਿੰਡ ਬੁਚਰੇ ਜੋਨਲ ਮੈਨੇਜਰ, ਗਿਆਨ ਚੰਦ ਚੀਫ਼ ਮੈਨੇਜਰ, ਮਯੰਕ ਡਿਕਸਿਤ, ਭੁਪਿੰਦਰ ਸਿੰਘ ਸੀਨੀਅਰ ਮੈਨੇਜਰ ਭੁਲੱਥ, ਅਨਿਲ ਕੁਮਾਰ, ਆਸਾ ਸਿੰਘ, ਸੁਖਵੰਤ ਸਿੰਘ ਤੱਖਰ, ਦਲਜੀਤ ਸਿੰਘ ਮੇਤਲਾ, ਬਲਵਿੰਦਰ ਸਿੰਘ ਚੀਮਾ,ਵਲੋਂ ਸੰਬੋਧਨ ਕਰਦਿਆਂ ਆਏ ਹੋਏ ਐਨ.ਆਰ.ਆਈ ਲੋਕ ਤੇ ਹੋਰਾਂ ਨੂੰ ਬੈਂਕਾਂ ਦੀਆਂ ਸਹੂਲਤਾਂ ਤੇ ਸਕੀਮਾਂ ਤੋਂ ਜਾਣੂ ਕਰਵਾਇਆ ।




# ਪਿੰਡ ਕੋਟਲਾ ਭੜੀ ਵਿਖੇ ਹੋਮਿਓਪੇਥਿਕ ਮੈਡੀਕਲ ਕੈਂਪ ਲਗਾਇਆ - ਐਸ ਐਮ ਓ

ਪੰਜਾਬ ਦਾ ਖੁਲਾਸਾ

**ਖੰਨਾ/ ਮਾਨੂੰਪੁਰ, 27 ਨਵੰਬਰ ( ਜੇ ਐਸ ਖੰਨਾ)** ਸਿਵਲ ਸਰਜਨ ਲੁਧਿਆਣਾ ਡਾ. ਪ੍ਰਦੀਪ ਕੁਮਾਰ ਅਤੇ ਜਿਲ੍ਹਾ ਹੋਮਿਓਪੈਥਿਕ ਅਫਸਰ ਡਾ. ਗੁਰਦਰਸ਼ਨ ਕੌਰ ਦੀਆਂ ਹਦਾਇਤਾ ਅਤੇ ਡਾ. ਰਵੀ ਦੱਤ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਮਾਨੂੰਪੁਰ ਦੀ ਅਗਵਾਈ ਵਿੱਚ ਆਂਗਨਵਾੜੀ ਸੈਂਟਰ ਕੋਟਲਾ ਭੜੀ ਵਿਖੇ ਮੁਫਤ ਹੋਮਿਓਪੈਥਿਕ ਕੈਂਪ ਲਗਾਇਆ ਗਿਆ। ਇਸ ਸਮੇਂ ਡਾ. ਅਮਨਪ੍ਰੀਤ ਸਿੰਘ ਹੋਮਿਓਪੇਥਿਕ ਮੈਡੀਕਲ ਅਫਸਰ ਸੀ.ਐਚ.ਸੀ ਮਾਨੂੰਪੁਰ ਵੱਲੋਂ ਮਰੀਜਾ ਦਾ ਚੈਕਅੱਪ ਕੀਤਾ ਗਿਆ ਅਤੇ ਲੌੜਵੰਦ ਮਰੀਜਾ ਨੂੰ ਮੁੱਫਤ ਦਵਾਈਆ ਵੀ ਦਿੱਤੀਆ ਗਈਆ। ਉਨ੍ਹਾਂ ਵੱਲੋਂ ਮਰੀਜਾਂ ਨੂੰ ਸਾਫ-ਸਫਾਈ ਅਤੇ ਸੰਤੁਲਿਤ ਖੁਰਾਕ ਦੇ ਮਹੱਤਵ ਸਬੰਧੀ ਵੀ ਜਾਗਰੂਕ ਕੀਤਾ ਗਿਆ। ਉਨ੍ਹਾਂ ਕਿਹਾ ਸੀ.ਐਚ.ਸੀ ਮਾਨੂੰਪੁਰ ਵਿਖੇ ਹੋਮਿਓਪੈਥਿਕ ਚੈੱਕਅਪ ਅਤੇ ਦਵਾਈਆ ਦੀ ਸਹੂਲਤ ਉੱਪਲੱਬਧ ਹੈ ਅਤੇ ਵੱਧ ਤੋਂ ਵੱਧ ਲੋਕਾ ਨੂੰ ਇਨ੍ਹਾਂ ਸੇਵਾਵਾਂ ਦਾ ਲਾਭ ਲੈਣ ਦੀ ਅਪੀਲ ਕੀਤੀ। ਇਸ ਸਮੇਂ ਬਲਵੀਰ ਕੌਰ ਹੋਮਿਓਪੈਥਿਕ ਡਿਸਪੈਂਸਰ ਨੇ ਮਰੀਜਾਂ ਨੂੰ ਦਵਾਈਆ ਦਿੱਤੀਆ ਅਤੇ ਸਿਹਤ ਸਬੰਧੀ ਜਾਣਕਾਰੀ ਵੀ ਦਿੱਤੀ ਗਈ। ਇਸ ਸਮੇਂ ਹਾਜਰ ਪਤਵੰਤੇ ਸੱਜਣਾ ਵੱਲੋਂ ਟੀਮ ਦਾ ਉਨ੍ਹਾਂ ਦੇ ਪਿੰਡ ਵਿਖੇ ਕੈਂਪ ਲਗਾਉਣ ਲਈ ਧੰਨਵਾਦ ਕੀਤਾ ਅਤੇ ਅੱਗੇ ਤੋਂ ਅਜਿਹੇ ਹੋਰ ਕੈਂਪ ਲਗਾਉਣ ਦੀ ਅਪੀਲ ਵੀ ਕੀਤੀ।

# ਤੰਬਾਕੂ ਪਦਾਰਥਾਂ ਦਾ ਸੇਵਨ ਕੈਂਸਰ ਨੂੰ ਦਿੰਦਾ ਹੈ ਸੱਦਾ - ਸਿਵਲ ਸਰਜਨ

## ਸਿਹਤ ਵਿਭਾਗ ਦੀ ਟੀਮ ਨੇ ਕੋਟਪਾ ਦੀ ਉਲੰਘਣਾ ਕਰਨ ਵਾਲੇ 09 ਦੁਕਾਨਦਾਰਾਂ ਦੇ ਕੀਤੇ ਚਲਾਨ

ਪੰਜਾਬ ਦਾ ਖੁਲਾਸਾ

**ਫਤਹਿਗੜ੍ਹ ਸਾਹਿਬ, 27 ਨਵੰਬਰ (ਜੇ ਐਸ ਖੰਨਾ)** ਸਿਵਲ ਸਰਜਨ ,ਫਤਿਹਗੜ੍ਹ ਸਾਹਿਬ, ਡਾ. ਦਵਿੰਦਰਜੀਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਿਹਤ ਵਿਭਾਗ ਦੀ ਟੀਮ ਜਿਸ ਵਿਚ ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਬਲਜਿੰਦਰ ਸਿੰਘ , ਗੁਰਦੀਪ ਸਿੰਘ ,ਡਿਪਟੀ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਜਸਵਿੰਦਰ ਕੌਰ ਅਤੇ ਬਲਵਿੰਦਰ ਸਿੰਘ ਸ਼ਾਮਲ ਸਨ ਵੱਲੋਂ ਜੀ ਟੀ ਰੋਡ ਮੰਡੀ ਗੋਬਿੰਦਗੜ੍ਹ ਅਤੇ ਪਿੰਡ ਅੰਬੇ ਮਾਜਰਾ ਦੇ ਏਰੀਏ ਵਿਚ ਖਾਣ ਪੀਣ ਦੀਆਂ ਵਸਤਾਂ ਦੇ ਨਾਲ ਤੰਬਾਕੂ ਉਤਪਾਦ ਵੇਚਣ ਵਾਲੇ ਦੁਕਾਨਦਾਰਾਂ ਦੀ ਚੈਕਿੰਗ ਕੀਤੀ ਗਈ।



ਇਸ ਚੈਕਿੰਗ ਦੌਰਾਨ ਤੰਬਾਕੂ ਕੰਟਰੋਲ ਐਕਟ ( ਕੋਟਪਾ ) ਦੀ ਉਲੰਘਣਾ ਕਰਨ ਵਾਲੇ 09 ਦੁਕਾਨਦਾਰਾਂ ਦੇ ਚਲਾਨ ਕੀਤੇ ਗਏ । ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ. ਦਵਿੰਦਰਜੀਤ ਕੌਰ ਨੇ ਦੱਸਿਆ ਕਿ ਖਾਣ-ਪੀਣ ਦੀਆਂ ਵਸਤਾਂ ਦੇ ਨਾਲ ਤੰਬਾਕੂ ਪਦਾਰਥ ਵੇਚਣਾ ਕਾਨੂੰਨੀ ਅਪਰਾਧ ਹੈ ਇਸ ਲਈ ਕੋਟਪਾ ਦੀ ਉਲੰਘਣਾ ਕਰਨ ਵਾਲੇ ਵਿਅਕਤੀਆਂ ਦੀ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਸਮੇਂ ਸਮੇਂ ਤੇ ਚੈਕਿੰਗ ਕੀਤੀ ਜਾਂਦੀ ਹੈ ਅਤੇ ਭਵਿੱਖ ਵਿੱਚ ਅਜਿਹਾ ਨਾ ਕਰਨ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਵੱਲੋਂ ਆਮ ਲੋਕਾਂ ਅਤੇ ਦੁਕਾਨਦਾਰਾਂ ਨੂੰ ਤੰਬਾਕੂ ਸੇਵਨ ਨਾਲ ਮਨੁੱਖੀ ਸਿਹਤ ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਵੀ ਜਾਗਰੂਕ ਕੀਤਾ ਜਾ ਰਿਹਾ ਹੈ ਕਿ ਕਿਸੇ ਵੀ ਰੂਪ ਵਿੱਚ ਤੰਬਾਕੂ ਦੀ ਵਰਤੋਂ ਕਰਨਾ ਮਨੁੱਖੀ ਸਿਹਤ ਲਈ ਹਾਨੀਕਾਰਕ ਹੁੰਦੀ ਹੈ ਅਤੇ ਇਹ ਕੈਂਸਰ ਨੂੰ ਸੱਦਾ ਦਿੰਦਾ ਹੈ , ਤੰਬਾਕੂ ਪਦਾਰਥਾਂ ਦੇ ਸੇਵਨ ਨਾਲ ਮੂੰਹ, ਗਲੇ, ਫੇਫੜਿਆਂ ਅਤੇ ਸਰੀਰ ਦੇ ਹੋਰ ਅੰਗਾਂ ਦਾ ਕੈਂਸਰ ਹੋਣ ਦਾ ਖ਼ਤਰਾ ਹੁੰਦਾ ਹੈ। ਜਿਲਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਬਲਜਿੰਦਰ ਸਿੰਘ ਨੇ ਕਿਹਾ ਕਿ ਤੰਬਾਕੂ ਕੰਟਰੋਲ ਐਕਟ ਅਨੁਸਾਰ ਖਾਣ ਪੀਣ ਦੀਆਂ ਵਸਤਾਂ ਦੇ ਨਾਲ ਤੰਬਾਕੂ ਪਦਾਰਥ ਵੇਚਣ ,ਜਨਤਕ ਥਾਵਾਂ ਤੇ ਤੰਬਾਕੂਨੋਸ਼ੀ ਕਰਨ, ਸਿਗਰਟ ਅਤੇ ਤੰਬਾਕੂ ਦੀਆਂ ਡੱਬੀਆਂ ਤੇ 80 ਪ੍ਰਤੀਸ਼ਤ ਦੇ ਹਿੱਸੇ ਤੇ ਪਿਕਚੋਰੀਅਲ ਵਾਰਨਿੰਗ ਤੋਂ ਬਿਨਾਂ ਵੇਚਣ, ਇਲੈਕਟਰੋਨਿਕ ਸਿਗਰਟ ਅਤੇ ਹੋਰ ਪਾਬੰਦੀਸ਼ੁਦਾ ਤੰਬਾਕੂ ਪਦਾਰਥਾਂ ਦੀ ਵਿਕਰੀ ਕਰਨ, ਤੰਬਾਕੂ ਪਦਾਰਥਾਂ ਨੂੰ ਪ੍ਰਦਰਸ਼ਿਤ ਕਰਨ, ਆਦਿ ਦੀ ਮਨਾਹੀ ਹੈ। ਉਹਨਾਂ ਕਿਹਾ ਕਿ ਇਸ ਐਕਟ ਤਹਿਤ ਵਿੱਦਿਅਕ ਸੰਸਥਾਵਾਂ ਦੇ ਸੌ ਗਜ਼ ਦੇ ਘੇਰੇ ਅੰਦਰ ਤੰਬਾਕੂ ਉਤਪਾਦ ਦੀ ਵਿਕਰੀ ਕਰਨ ਤੇ ਪੂਰਨ ਪਾਬੰਦੀ ਹੈ। ਇਸ ਦੀ ਉਲੰਘਣਾ ਕਰਨ ਵਾਲੇ ਵਿਅਕਤੀ/ ਦੁਕਾਨਦਾਰ ਦਾ ਮੌਕੇ ਤੇ ਚਲਾਣ ਕਰਕੇ ਜੁਰਮਾਨਾ ਵਸੂਲ ਕੀਤਾ ਜਾਂਦਾ ਹੈ ਅਤੇ ਕੋਟਪਾ ਦੀਆਂ ਕਈ ਹੋਰ ਧਾਰਾਵਾਂ ਅੰਦਰ ਕੋਰਟ ਚਲਾਨ ਵੀ ਕੀਤੇ ਜਾ ਸਕਦੇ ਹਨ।

# ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਕਿਸਾਨ ਜਥੇਬੰਦੀਆਂ ਨੇ ਡੀਸੀ ਦਫਤਰ ਧਰਨਾ ਉਪਰੰਤ ਦਿੱਤਾ ਮੰਗ ਪੱਤਰ

ਪੰਜਾਬ ਦਾ ਖੁਲਾਸਾ

**ਮਮਦੋਟ, 27 ਨਵੰਬਰ (ਹਰਪ੍ਰੀਤ ਸਿੰਘ ਹੈਪੀ)** ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਉੱਪਰ ਜ਼ਿਲਾ ਫਿਰੋਜ਼ਪੁਰ ਵਿੱਚ ਸ਼ਾਮਿਲ ਜਥੇਬੰਦੀਆਂ ਵੱਲੋਂ ਡਿਪਟੀ ਕਮਿਸ਼ਨਰ ਫਿਰੋਜਪੁਰ ਦੇ ਦਫਤਰ ਬਾਹਰ ਬੀਤੇ ਸੋਮਵਾਰ ਨੂੰ 11 ਵਜੇ ਤੋਂ ਵਜੇ ਤੱਕ 4 ਘੰਟੇ ਲਈ ਰੋਸ ਪ੍ਰਦਰਸ਼ਨ ਕੀਤਾ ਗਿਆ ਜਿਸ ਵਿੱਚ ਬੁਲਾਰਿਆਂ ਨੇ ਬੋਲਦਿਆਂ ਹੋਇਆਂ ਕਿਹਾ ਕਿ ਦਿੱਲੀ ਕਿਸਾਨੀ ਅੰਦੋਲਨ ਦੀਆਂ ਰਹਿੰਦੀਆਂ ਹੋਈਆਂ ਮੰਗਾਂ ਉੱਪਰ ਉੱਚਾ ਚਰਚਾ ਕੀਤੀ ਗਈ ਅਤੇ ਸਾਰੀਆਂ ਫਸਲਾਂ ਦੀ ਐਮ ਐਸ ਪੀ ਸੀ 32+50 ਅਨੁਸਾਰ ਸਾਰੀਆਂ ਫਸਲਾਂ ਉੱਪਰ ਗਰੰਟੀ ਕਾਨੂੰਨ ਬਣਾਇਆ ਜਾਵੇ ਅਤੇ ਖਰੀਦ ਯਕੀਨੀ ਕੀਤੀ ਜਾਵੇ ਚਾਰ ਲੇਬਰ ਕੋਡ ਰੱਦ ਕੀਤੇ ਜਾਣ ਅਤੇ ਠੇਕੇਦਾਰੀ ਸਿਸਟਮ ਬੰਦ ਕੀਤਾ ਜਾਵੇ ਘੱਟੋ ਘੱਟ ਤਨਖਾਹ 26000 ਪ੍ਰਤੀ ਮਹੀਨਾ ਦਿੱਤੀ ਜਾਵੇ ਕਿਸਾਨਾਂ ਅਤੇ ਮਜ਼ਦੂਰਾਂ ਦਾ ਸਾਰਾ ਕਰਜ਼ਾ ਬਿਨਾ ਸ਼ਰਤ ਮੁਆਫ ਕੀਤਾ ਜਾਵੇ ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਬੰਦ ਕੀਤਾ ਜਾਵੇ ਪ੍ਰੀਪੇਡ ਮੀਟਰ ਲਾਉਣੇ ਬੰਦ ਕੀਤੇ ਜਾਣ ਮਨਰੇਗਾ ਦੇ ਕਾਮਿਆਂ ਦੀ ਦਿਹਾੜੀ 600 ਰੁਪਏ ਪ੍ਰਤੀ ਦਿਨ ਦਿੱਤੀ ਜਾਵੇ ਅਤੇ ਸਾਲ ਦੌਰਾਨ 200 ਦਿਨ ਕੰਮ ਦਿੱਤਾ ਜਾਵੇ ਕਿਸਾਨ ਅਤੇ ਮਜ਼ਦੂਰ



ਮਰਦਾਂ ਅਤੇ ਔਰਤਾਂ ਨੂੰ 60 ਸਾਲ ਦੀ ਉਮਰ ਤੋਂ ਬਾਅਦ 10 ਹਜਾਰ ਪ੍ਰਤੀ ਮਹੀਨਾ ਮਹੀਨਾ ਪੈਨਸ਼ਨ ਦਿੱਤੀ ਜਾਵੇ ਇਹਨਾਂ ਸਾਰੀਆਂ ਮੰਗਾਂ ਨੂੰ ਲੈ ਕੇ ਡਿਪਟੀ ਕਮਿਸ਼ਨ ਫਿਰੋਜਪੁਰ ਨੂੰ ਮੰਗ ਪੱਤਰ ਵੀ ਸੌਂਪਿਆ ਗਿਆ ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਜ਼ਿਲ੍ਹਾ ਪ੍ਰਧਾਨ ਜਗੀਰ ਸਿੰਘ ਖਹਿਰਾ, ਸੁਖਦੇਵ ਸਿੰਘ ਰਾਈਆਂ ਵਾਲਾ ਸੰਘਰਸ਼ ਕਮੇਟੀ,ਹਰਬੰਤ ਸਿੰਘ ਕੌੜਾ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ, ਜ਼ਿਲਾ ਮੀਤ ਪ੍ਰਧਾਨ ਮਹਿੰਦਰ ਸਿੰਘ ਭਾਰਤੀ ਕਿਸਾਨ ਏਕਤਾ ਉਗਰਾਹਾਂ,ਗੁਰਦਿੱਤ ਸਿੰਘ ਕੁੱਲ ਹਿੰਦ ਕਿਸਾਨ ਸਭਾ, ਅਸ਼ਵਨੀ ਕੁਮਾਰ ਸਰਕਲ ਪ੍ਰਧਾਨ ਬਿਜਲੀ ਬੋਰਡ ਫੈਡਰੇਸ਼ਨ, ਪ੍ਰਵੇਸ਼ ਕੁਮਾਰ ਪੈਨਸ਼ਨ ਯੂਨੀਅਨ ਬਿਜਲੀ ਬੋਰਡ, ਬਲਕਾਰ ਸਿੰਘ ਜੋਧਪੁਰ ਬਲਾਕ ਪ੍ਰਧਾਨ ਮਮਦੋਟ, ਜ਼ਿਲਾ ਮੀਤ ਪ੍ਰਧਾਨ ਬਗੀਚਾ ਸਿੰਘ, ਜ਼ਿਲਾ ਕਮੇਟੀ ਮੈਂਬਰ ਸ਼ਮਸ਼ੇਰ ਸਿੰਘ ਸ਼ਹਿਜ਼ਾਦੀ, ਜਿਲ੍ਹਾ ਖਜਾਨਚੀ ਜਤਿੰਦਰ ਸਿੰਘ ਰਿਕੂ ਕੜਮਾ, ਜੀਰਾ ਬਲਾਕ ਜਨਰਲ ਸਕੱਤਰ,ਗੁਰਚਰਨ ਸਿੰਘ ਨਾਜੂ ਸ਼ਾਹ,ਹਰਜੀਤ ਸਿੰਘ ਗੱਟੀ, ਸੋਨੂ ਉਪਲ ਆਦਿ ਸ਼ਾਮਿਲ ਸਨ

# ਸ਼ੋਸ਼ਲ ਮੀਡੀਆ ਤੇ ਵਾਇਰਲ ਇਤਰਾਜ਼ਯੋਗ ਵੀਡੀਓ ਮਾਮਲੇ ਵਿੱਚ ਜਲੰਧਰ ਦਿਹਾਤੀ ਪੁਲਿਸ ਨੇ ਇੱਕ ਵਿਅਕਤੀ ਤੇ ਮਾਮਲਾ ਕੀਤਾ ਦਰਜ

ਪੰਜਾਬ ਦਾ ਖੁਲਾਸਾ

**ਜਲੰਧਰ, 27 ਨਵੰਬਰ (ਅਮ੍ਰਿਤਪਾਲ ਸਿੰਘ)** - ਜਲੰਧਰ ਦਿਹਾਤੀ ਪੁਲਿਸ ਨੇ ਇੱਕ ਵਾਇਰਲ ਵੀਡੀਓ ਵਿੱਚ ਸਤਿਕਾਰਯੋਗ ਸੰਤਾਂ ਵਿਰੁੱਧ ਕਥਿਤ ਤੌਰ 'ਤੇ ਅਪਮਾਨਜਨਕ ਟਿੱਪਣੀਆਂ ਕਰਨ ਦੇ ਦੋਸ਼ ਵਿੱਚ ਇੱਕ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਛਾਣ ਸੰਜੀਵ ਕੁਮਾਰ ਉਰਫ਼ ਬੰਟੀ ਪੁੱਤਰ ਮੱਖਣ ਰਾਮ ਵਾਸੀ ਪਿੰਡ ਪੱਦੀ ਖਾਲਸਾ, ਥਾਣਾ ਗੁਰਾਇਆ, ਜ਼ਿਲ੍ਹਾ ਜਲੰਧਰ ਵਜੋਂ ਹੋਈ ਹੈ।ਫਿਲਹਾਲ ਉਹ ਇਟਲੀ ਵਿਚ ਰਹਿ ਰਿਹਾ ਹੈ।ਇਸ ਸਬੰਧੀ ਸੀਨੀਅਰ ਕਪਤਾਨ ਪੁਲਿਸ ਹਰਕਮਲ ਪ੍ਰੀਤ ਸਿੰਘ ਖੱਖ ਨੇ ਜ਼ੋਰ ਦੇ ਕੇ ਕਿਹਾ ਕਿ ਧਾਰਮਿਕ ਭੜਕਾਹਟ ਫੈਲਾਉਣ ਵਾਲੀਆਂ ਹਰਕਤਾਂ 'ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਅਮਨ-ਸ਼ਾਂਤੀ ਨੂੰ ਬਰਕਰਾਰ ਰੱਖਣ ਅਤੇ ਅਪਰਾਧੀਆਂ ਵਿਰੁੱਧ ਜਲਦੀ ਕਾਰਵਾਈ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਦੀ ਜਾਂਚ ਐਸਪੀ (ਇਨਵੈਸਟੀਗੇਸ਼ਨ) ਜਸਰੂਪ ਕੌਰ ਬਾਠ ਅਤੇ ਡੀਐਸਪੀ ਫਿਲੌਰ ਸਰਵਣ ਸਿੰਘ ਬੱਲ ਦੀ ਨਿਗਰਾਨੀ ਹੇਠ ਕੀਤੀ ਜਾ ਰਹੀ ਹੈ। ਗੁਰਾਇਆ ਥਾਣੇ ਦੇ ਐਸ.ਐਚ.ਓ ਨੇ ਆਪਣੀ ਟੀਮ ਸਮੇਤ ਜਾਂਚ ਸ਼ੁਰੂ ਕਰ ਦਿੱਤੀ ਹੈ।ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਗੁਲਸ਼ਨ ਕੁਮਾਰ ਵਾਸੀ ਪਿੰਡ ਮੁਸੰਦਪੁਰ ਅਤੇ ਡਾ. ਅੰਬੇਡਕਰ ਸੈਨਾ ਆਫ਼ ਇੰਡੀਆ (ਜਲੰਧਰ ਦਿਹਾਤੀ) ਦੇ ਜ਼ਿਲ੍ਹਾ ਪ੍ਰਧਾਨ ਨੇ ਭੜਕਾਊ ਵੀਡੀਓ ਮਿਲਣ 'ਤੇ ਪੁਲਿਸ ਨੂੰ ਮਾਮਲੇ ਦੀ ਸੂਚਨਾ ਦਿੱਤੀ, ਜਿਸ 'ਤੇ ਜਲੰਧਰ ਦਿਹਾਤੀ ਪੁਲਿਸ ਦੀ ਇੱਕ ਸਮਰਪਿਤ ਤਕਨੀਕੀ ਟੀਮ ਨੇ ਵਾਇਰਲ ਵੀਡੀਓ ਦੀ ਸਮੀਖਿਆ ਕੀਤੀ ਅਤੇ ਇਸਦੀ ਪ੍ਰਮਾਣਿਕਤਾ ਦੀ ਪੁਸ਼ਟੀ ਕੀਤੀ। ਟੀਮ ਨੇ ਮੁੱਖ ਸਬੂਤ ਸੁਰੱਖਿਅਤ ਕਰਨ ਅਤੇ ਸਮੱਗਰੀ ਦੇ ਸਰੋਤ ਦਾ ਪਤਾ ਲਗਾਉਣ ਲਈ ਸੋਸ਼ਲ ਮੀਡੀਆ ਨਿਗਰਾਨੀ ਯੂਨਿਟਾਂ ਨਾਲ ਮਿਲ ਕੇ ਕੰਮ ਕੀਤਾ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਐਫਆਈਆਰ (ਨੰਬਰ 143), ਮਿਤੀ 25 ਨਵੰਬਰ, 2024 ਨੂੰ ਭਾਰਤੀ ਨਿਆ ਸੰਹਿਤਾ (ਬੀਐਨਐਸ) ਦੀ ਧਾਰਾ 299 ਅਤੇ 352 ਦੇ ਤਹਿਤ ਪੁਲਿਸ ਸਟੇਸ਼ਨ ਗੁਰਾਇਆ ਵਿਖੇ ਦਰਜ ਕੀਤੀ ਗਈ ਹੈ। ਐਸਐਸਪੀ ਖੱਖ ਨੇ ਕਿਹਾ ਕਿ ਜਲੰਧਰ ਦਿਹਾਤੀ ਪੁਲਿਸ ਫਿਰਕੂ ਭੜਕਾਹਟ ਦੀਆਂ ਕਾਰਵਾਈਆਂ ਵਿਰੁੱਧ ਜ਼ੀਰੋ-ਟੌਲਰੈਂਸ ਦੀ ਨੀਤੀ 'ਤੇ ਕਾਇਮ ਹੈ ਅਤੇ ਸ਼ਾਂਤੀ ਬਣਾਈ ਰੱਖਣ ਲਈ ਸਾਰੇ ਜ਼ਰੂਰੀ ਕਦਮ ਚੁੱਕੇਗੀ।




# ਜਲੰਧਰ ਵਿਖੇ ਹੋਈ ਭਾਜਪਾ ਦੀ ਸੂਬਾ ਪੱਧਰੀ ਮੀਟਿੰਗ ਭਾਜਪਾ ਆਗੂ ਸੁਨੀਲ ਜਾਖੜ ਦੀ ਗੈਰਹਾਜ਼ਰੀ ਵਿੱਚ ਹੋਈ

ਪੰਜਾਬ ਦਾ ਖੁਲਾਸਾ

**ਜਲੰਧਰ, 26 ਨਵੰਬਰ (ਅਮ੍ਰਿਤਪਾਲ ਸਿੰਘ)** ਜਲੰਧਰ ਵਿਖੇ ਭਾਜਪਾ ਦੀ ਸੂਬਾ ਪੱਧਰੀ ਮੀਟਿੰਗ ਹੋਈ। ਮੀਟਿੰਗ 'ਚ ਪੰਜਾਬ ਭਰ ਤੋਂ ਕਈ ਸੀਨੀਅਰ ਆਗੂ ਸ਼ਾਮਲ ਹੋਏ ਪਰ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨਹੀਂ ਪਹੁੰਚੇ। ਮੀਟਿੰਗ ਦੀ ਕਾਰਵਾਈ ਸੂਬਾ ਪ੍ਰਧਾਨ ਤੋਂ ਬਗੈਰ ਹੀ ਚੱਲੀ। ਜ਼ਿਕਰਯੋਗ ਹੈ ਕਿ ਕੁਝ ਦਿਨਾਂ ਤੋਂ ਪੰਜਾਬ ਪ੍ਰਧਾਨ ਅਤੇ ਭਾਜਪਾ ਦੀ ਸੀਨੀਅਰ ਲੀਡਰਸ਼ਿਪ ਵਿਚਾਲੇ ਚੱਲ ਰਹੀ ਖਿੱਚੋਤਾਣ ਦਰਮਿਆਨ ਅੱਜ ਦੀ ਮੀਟਿੰਗ ਜਾਖੜ ਤੋਂ ਬਿਨਾਂ ਹੋਈ, ਜਿਸ 'ਚ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਅਤੇ ਪੰਜਾਬ ਭਾਜਪਾ ਦੇ ਇੰਚਾਰਜ ਵਿਜੇ ਰੂਪਾਨੀ ਸਮੇਤ ਕਈ ਸੀਨੀਅਰ ਆਗੂ ਮੌਜੂਦ ਸਨ।ਮੀਟਿੰਗ 'ਚ ਮੁੱਖ ਤੌਰ 'ਤੇ ਅਗਲੇ ਦਿਨਾਂ 'ਚ 30 ਲੱਖ ਤੋਂ ਵੱਧ ਲੋਕਾਂ ਨੂੰ ਭਾਜਪਾ ਨਾਲ ਜੋੜਨ ਦਾ ਟੀਚਾ ਰੱਖਿਆ ਗਿਆ। ਇਸ ਮੁਹਿੰਮ ਦੀ ਨਿਗਰਾਨੀ ਸਾਬਕਾ ਮੰਤਰੀ ਮਨੋਰੰਜਨ ਕਾਲੀਆ ਕਰਨਗੇ। ਦਰਅਸਲ ਭਾਜਪਾ ਵੱਲੋਂ ਮੈਂਬਰਸ਼ਿਪ ਮੁਹਿੰਮ ਚਲਾਈ ਗਈ ਸੀ, ਜਿਸ ਸਬੰਧੀ ਮੀਟਿੰਗ ਵਿੱਚ ਆਗੂਆਂ ਵੱਲੋਂ ਵਿਚਾਰ-ਵਟਾਂਦਰਾ ਕੀਤਾ ਗਿਆ।ਇਸ ਮੌਕੇ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੇ ਰੁਪਾਨੀ, ਮਨਪ੍ਰੀਤ ਬਾਦਲ, ਪੰਜਾਬ ਦੇ ਸਾਬਕਾ ਪ੍ਰਧਾਨ ਅਸ਼ਵਨੀ ਸ਼ਰਮਾ, ਅਮਿਤ ਭਾਟੀਆ, ਤਰੁਣ ਚੁੱਘ, ਵਿਜੇ ਸਾਂਪਲਾ, ਕੇਡੀ ਭੰਡਾਰੀ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪਤਨੀ ਪ੍ਰਨੀਤ ਕੌਰ, ਸਾਬਕਾ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਸਮੇਤ ਕਈ ਵੱਡੇ ਆਗੂ ਮੌਜੂਦ ਸਨ। ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਨੇ ਕਿਹਾ ਕਿ ਜਲੰਧਰ ਤੋਂ ਸਾਬਕਾ ਕੈਬਨਿਟ ਮੰਤਰੀ ਮਨੋਰੰਜਨ ਕਾਲੀਆ ਨੂੰ ਭਲਕੇ ਤੋਂ 6 ਦਸੰਬਰ ਤੱਕ ਮੁੜ ਸ਼ੁਰੂ ਕੀਤੀ ਜਾਣ ਵਾਲੀ ਮੈਂਬਰਸ਼ਿਪ ਮੁਹਿੰਮ ਦਾ ਇੰਚਾਰਜ ਬਣਾਇਆ ਗਿਆ ਹੈ ਜਿਸ ਤਹਿਤ ਪਾਰਟੀ ਦਾ ਟੀਚਾ 30 ਲੱਖ ਲੋਕਾਂ ਨੂੰ ਭਾਜਪਾ ਨਾਲ ਜੋੜਨਾ ਹੈ। ਚੁੱਘ ਨੇ ਅੱਗੇ ਕਿਹਾ ਕਿ ਕਿਸਾਨਾਂ ਨੂੰ 6 ਦਸੰਬਰ ਨੂੰ ਦਿੱਲੀ ਜਾਣ ਦੀ ਬਜਾਏ ਪੰਜਾਬ ਦੇ ਮੁੱਖ ਮੰਤਰੀ ਦੇ ਘਰ ਦੇ ਬਾਹਰ ਧਰਨਾ ਦੇਣਾ ਚਾਹੀਦਾ ਹੈ। ਕਾਂਗਰਸ 'ਤੇ ਨਿਸ਼ਾਨਾ ਲਾਉਂਦੇ ਹੋਏ ਚੁੱਘ ਨੇ ਕਿਹਾ ਕਿ ਪਾਰਟੀ ਨੂੰ ਸਥਿਤੀ ਸਪੱਸ਼ਟ ਕਰਨੀ ਚਾਹੀਦੀ ਹੈ ਕਿ ਸਿੱਖਾਂ ਦੇ ਕਤਲੇਆਮ ਦੇ ਦੋਸ਼ੀ ਜਗਦੀਸ਼ ਟਾਈਟਲਰ ਦਾ ਕਾਂਗਰਸ ਨਾਲ ਕੀ ਸਬੰਧ ਹੈ।ਨਗਰ ਨਿਗਮ ਅਤੇ ਨਗਰ ਕੌਂਸਲਾਂ ਦੀਆਂ ਚੋਣਾਂ ਲਈ ਡਿਊਟੀਆਂ ਲਗਾਉਣ ਸਬੰਧੀ ਇੱਕ ਹੋਰ ਮੀਟਿੰਗ ਕੀਤੀ ਗਈ। ਹਾਲਾਂਕਿ ਸੂਚੀ ਨੂੰ ਅੰਤਿਮ ਰੂਪ ਦਿੱਤਾ ਜਾਣਾ ਬਾਕੀ ਹੈ, ਪਰ ਲੁਧਿਆਣਾ ਵਿੱਚ ਨਿਗਮ ਚੋਣਾਂ ਦੇ ਇੰਚਾਰਜ ਵਜੋਂ ਅਵਿਨਾਸ਼ ਰਾਏ ਖੰਨਾ, ਜਲੰਧਰ ਲਈ ਅਸ਼ਵਨੀ ਸ਼ਰਮਾ ਅਤੇ ਅੰਮ੍ਰਿਤਸਰ ਲਈ ਸ਼ਵੇਤ ਮਲਿਕ ਅਤੇ ਅਸ਼ਵਨੀ ਸੇਖੜੀ ਦੇ ਨਾਵਾਂ 'ਤੇ ਚਰਚਾ ਕੀਤੀ ਗਈ।



# ਆਰ.ਸੀ.ਐਫ ਇੰਪਲਾਈਜ਼ ਯੂਨੀਅਨ ਨੇ ਯੂਨੀਅਨ ਮਾਨਤਾ ਪ੍ਰਾਪਤ ਚੋਣਾਂ ਲਈ ਰੇਲਵੇ ਕਰਮਚਾਰੀਆਂ ਨੂੰ ਕੀਤਾ ਜਾਗਰੂਕ

## ਐਡਮਿਨ ਬਲਾਕ ਵਿੱਚ 5 ਦਿਨ ਦਾ ਹਫ਼ਤਾ ਲਾਗੂ ਕਰਵਾਉਣ ਲਈ ਸੰਘਰਸ਼ ਕਰਾਂਗੇ- ਸਰਵਜੀਤ ਸਿੰਘ

ਪੰਜਾਬ ਦਾ ਖੁਲਾਸਾ

**ਕਪੂਰਥਲਾ, 27 ਨਵੰਬਰ (ਕੌੜਾ)**- ਰੇਲ ਕੋਚ ਫੈਕਟਰੀ ਕਪੂਰਥਲਾ ਵਿਖੇ 4 ਦਸੰਬਰ ਨੂੰ ਹੋਣ ਵਾਲੀਆਂ ਯੂਨੀਅਨ ਮਾਨਤਾ ਦੀਆਂ ਚੋਣਾਂ ਸਬੰਧੀ ਮੁਲਾਜ਼ਮਾਂ ਨੂੰ ਜਾਗਰੂਕ ਕਰਨ ਲਈ ਆਰ.ਸੀ.ਐਫ ਇਮਪਲਾਈਜ਼ ਯੂਨੀਅਨ ਨੇ ਫਰਨਿਸ਼ਿੰਗ ਸ਼ੋਪ ਵਿੱਚ ਕਰਮਚਾਰੀਆਂ ਨੂੰ ਇਕੱਠਾ ਕੀਤਾ ਅਤੇ ਇਮਪਲਾਈਜ਼ ਯੂਨੀਅਨ ਦੇ ਚੋਣ ਨਿਸ਼ਾਨ ਘਰ ਨੂੰ ਵੱਧ ਤੋਂ ਵੱਧ ਵੋਟਾਂ ਪਾਉਣ ਲਈ ਅਪੀਲ ਕੀਤੀ। ਸੰਬੋਧਨ ਕਰਦਿਆਂ ਆਈਆਰਟੀਐਸਏ ਆਰਸੀਐਫ ਦੇ ਜ਼ੋਨਲ ਸਕੱਤਰ ਜਗਤਾਰ ਸਿੰਘ ਨੇ ਕਿਹਾ ਕਿ ਫੈਕਟਰੀ ਨੂੰ ਬਚਾਉਣ ਲਈ ਆਰਸੀਐਫ ਵਿੱਚ ਵੱਡੇ ਸੰਘਰਸ਼ ਕੀਤੇ ਗਏ ਹਨ, ਜਿਸ ਦੀ ਅਗਵਾਈ ਹਮੇਸ਼ਾ ਆਰਸੀਐਫ ਮੁਲਾਜ਼ਮਾਂ ਨੇ ਕੀਤੀ, ਸੰਘਰਸ਼ ਕਰ ਰਹੇ ਲੋਕਾਂ ਵਿੱਚ ਜੇਕਰ ਕਿਸੇ ਦਾ ਵੀ ਨਾਮ ਆਉਂਦਾ ਹੈ ਤਾਂ ਉਹ ਹੈ ਆਰ ਸੀ ਐੱਫ ਇੰਪਲਾਈਜ਼ ਯੂਨੀਅਨ। ਉਨ੍ਹਾਂ ਕਿਹਾ ਕਿ ਆਰ.ਸੀ.ਐਫ ਇਮਪਲਾਈਜ ਯੂਨੀਅਨ ਦੀ ਬਦੌਲਤ ਹੀ ਪੈਨਸ਼ਨ ਦਾ ਮਸਲਾ ਕੌਮੀ ਪੱਧਰ ਦਾ ਮੁੱਦਾ ਬਣ ਗਿਆ ਹੈ, ਯੂਨੀਅਨ ਵੱਲੋਂ ਫੈਕਟਰੀ ਅੰਦਰ ਆਊਟਸੋਰਸਿੰਗ ਆਦਿ ਦੇ ਮੁੱਦੇ 'ਤੇ ਵੀ ਲਗਾਤਾਰ ਸੰਘਰਸ਼ ਕੀਤਾ ਜਾ ਰਿਹਾ ਹੈ, ਇਸ ਲਈ ਸਮੂਹ ਮੁਲਾਜ਼ਮਾਂ ਨੂੰ ਆਰਸੀਐਫ ਇਮਪਲਾਈ ਯੂਨੀਅਨ ਦੇ ਚੋਣ ਨਿਸ਼ਾਨ "ਘਰ" ਉੱਪਰ ਵੱਧ ਤੋਂ ਵੱਧ ਵੋਟਾਂ ਪਾ ਕੇ ਉਸ ਨੂੰ ਜੇਤੂ ਬਣਾਉਂਦੀ ਅਪੀਲ ਕੀਤੀ।

ਇੰਡੀਅਨ ਰੇਲਵੇ ਇੰਪਲਾਈਜ਼ ਫੈਡਰੇਸ਼ਨ ਅਤੇ ਆਰ.ਸੀ.ਐਫ ਇਮਪਲਾਈਜ ਯੂਨੀਅਨ ਦੇ ਜਨਰਲ ਸਕੱਤਰ ਸਰਵਜੀਤ ਸਿੰਘ ਨੇ ਕਿਹਾ ਕਿ ਜਥੇਬੰਦੀ ਨੇ ਹਮੇਸ਼ਾ ਹੀ ਮੁਲਾਜ਼ਮਾਂ ਦੇ ਹੱਕਾਂ ਲਈ ਲੜਾਈ ਲੜੀ ਹੈ ਅਤੇ ਆਰ.ਸੀ.ਐਫ ਇੰਪਲਾਈਜ਼ ਯੂਨੀਅਨ ਵੱਲੋਂ ਕੀਤੇ ਇਤਿਹਾਸਕ ਸੰਘਰਸ਼ਾਂ ਸਦਕਾ ਆਰ.ਸੀ.ਐਫ. ਵਿੱਚ ਆਰਸੀਐਫ ਇਮਪਲਾਈ ਯੂਨੀਅਨ ਹਮੇਸ਼ਾ ਪਹਿਲੇ ਨੰਬਰ ਤੇ ਜੇਤੂ ਹੋ ਕੇ ਆਉਂਦੀ ਹੈ। ਆਰਸੀਐਫ ਦੇ ਬਹਾਦਰ ਕਰਮਚਾਰੀਆਂ ਵੱਲੋਂ ਕੀਤੇ ਗਏ ਵਾਧੂ ਕੰਮ ਦੇ ਬਦਲੇ ਕਰਮਚਾਰੀਆਂ ਨੂੰ ਪ੍ਰੋਤਸਾਹਨ ਭੁਗਤਾਨ,

**ਆਰਸੀਐਫ ਇਮਪਲਾਈਜ਼ ਯੂਨੀਅਨ ਸੰਘਰਸ਼ਸ਼ੀਲ ਲੋਕਾਂ ਦੀ ਪਛਾਣ ਹੈ- ਜਗਤਾਰ ਸਿੰਘ**

**ਮਜ਼ਦੂਰ ਵਿਰੋਧੀ ਨੀਤੀਆਂ ਵਿਰੁੱਧ ਲੜਾਂਗੇ ਅਤੇ ਜਿੱਤਾਂਗੇ - ਭਰਤ ਰਾਜ**

ਆਰਸੀਐਫ ਪ੍ਰਸ਼ਾਸਨ ਅਤੇ ਰੇਲਵੇ ਬੋਰਡ 'ਤੇ ਸਮੇਂ-ਸਮੇਂ 'ਤੇ ਨਵੀਂ ਭਰਤੀ ਕਰਨ ਲਈ ਦਬਾਅ ਪਾਉਣਾ, ਆਰਸੀਐਫ ਵਿੱਚ ਆਊਟਸੋਰਸਿੰਗ, ਠੇਕੇਦਾਰੀ ਪ੍ਰਣਾਲੀ ਨੂੰ ਨੱਥ ਪਾਉਣਾ, ਕੋਚਾਂ ਦੀ ਗੁਣਵੱਤਾ ਵਿੱਚ ਸੁਧਾਰ ਕਰਨਾ, ਘਟੀਆ ਮਿਆਰ ਨੂੰ ਰੋਕਣਾ, ਕਲੋਨੀ ਦੀ ਭਲਾਈ, ਕਰਮਚਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਯਕੀਨੀ ਬਣਾਉਣ ਆਦਿ ਲਈ ਲਗਾਤਾਰ ਸੰਘਰਸ਼ ਕਰ ਰਹੇ ਹਾਂ। ਉਨ੍ਹਾਂ ਅੱਗੇ ਕਿਹਾ ਕਿ ਸਮੁੱਚੇ ਰੇਲਵੇ ਵਿੱਚ ਨਿੱਜੀਕਰਨ ਦੀ ਨੀਤੀ ਨੂੰ ਲਾਗੂ ਕਿੱਤਾ ਗਿਆ, ਦੇਸ਼ ਭਰ ਦੇ 60 ਲੱਖ ਕਰਮਚਾਰੀਆਂ ਦੇ ਉੱਪਰ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਾਉਣ ਦੀ ਜਗ੍ਹਾ ਤੇ ਯੂਨੀਫਾਈਡ ਪੈਨਸ਼ਨ ਸਕੀਮ ਜ਼ਬਰਦਸਤੀ ਥੋਪ ਦਿੱਤੀ ਗਈ, ਰੇਲਵੇ ਪੁਨਰਗਠਨ ਕਮੇਟੀ ਆਦਿ ਕਮੇਟੀਆਂ ਦਾ ਸਮਰਥਨ ਕਰਨ ਵਾਲੀਆਂ ਮਾਨਤਾ ਪ੍ਰਾਪਤ ਸੰਸਥਾਵਾਂ ਦਾ ਸਾਰੇ ਕਰਮਚਾਰੀ ਖੁੱਲ੍ਹ ਕੇ ਵਿਰੋਧ ਕਰ ਰਹੇ ਹਨ, ਜਿਨ੍ਹਾਂ ਨੇ ਰੇਲਵੇ ਦੇ ਬੁਨਿਆਦੀ ਢਾਂਚੇ ਅਤੇ ਰੇਲਵੇ ਕਰਮਚਾਰੀਆਂ ਨੂੰ ਭਾਰੀ ਨੁਕਸਾਨ ਪਹੁੰਚਾਇਆ ਹੈ।




ਸਰਵਜੀਤ ਸਿੰਘ ਨੇ ਕਿਹਾ ਕਿ ਅਸੀਂ ਆਰ.ਸੀ.ਐਫ ਦੇ ਐਡਮਿਨ ਬਲਾਕ ਵਿੱਚ 5 ਦਿਨ ਦਾ ਕੰਮ ਹਫਤਾ ਲਾਗੂ ਕਰਨ ਲਈ ਲਗਾਤਾਰ ਉਪਰਾਲੇ ਕਰ ਰਹੇ ਹਾਂ ਅਤੇ ਯੂਨੀਅਨ ਵੱਲੋਂ ਭਵਿੱਖ ਵਿੱਚ ਇਸ ਵਿਰੁੱਧ ਵੱਡਾ ਸੰਘਰਸ਼ ਵਿੱਢਣ ਦੀ ਰਣਨੀਤੀ ਬਣਾਈ ਗਈ ਹੈ, ਜਿਸ ਨੂੰ ਅਸੀਂ ਕਿਸੇ ਵੀ ਕੀਮਤ 'ਤੇ ਪੂਰਾ ਕਰਾਂਗੇ। ਆਰਸੀਐਫ ਮੁਲਾਜ਼ਮ ਯੂਨੀਅਨ ਦੇ ਜੁਆਇੰਟ ਸਕੱਤਰ ਮਨਜੀਤ ਸਿੰਘ ਬਾਜਵਾ ਅਤੇ ਜਥੇਬੰਦੀ ਦੇ ਸਕੱਤਰ ਭਰਤ ਰਾਜ ਨੇ ਕਿਹਾ ਕਿ ਰੇਲਵੇ ਵਿੱਚ ਦੋ ਯੂਨੀਅਨਾਂ ਨੂੰ ਮਾਨਤਾ ਦੇਣ ਦੀ ਰਵਾਇਤ ਕਾਰਨ ਦਿੱਲੀ ਵਿੱਚ ਬੈਠੇ ਵੱਡੀਆਂ ਫੈਡਰੇਸ਼ਨਾਂ ਦੇ ਆਗੂਆਂ ਵੱਲੋਂ ਨਿੱਜੀਕਰਨ, ਆਊਟਸੋਰਸਿੰਗ ਆਦਿ ਵਰਗੀਆਂ ਮੁਲਾਜ਼ਮ ਵਿਰੋਧੀ ਨੀਤੀਆਂ ਬਣਾਈਆਂ ਜਾਂਦੀਆਂ ਹਨ। ਜਿਸ ਦਾ ਰੈਡੀਕਾ ਦੇ ਕਰਮਚਾਰੀਆਂ ਨੂੰ ਭਾਰੀ ਨੁਕਸਾਨ ਹੋਇਆ ਹੈ, ਜਿਸ ਕਾਰਨ ਰੈਡੀਕਾ ਦੇ ਸਾਰੇ ਕਰਮਚਾਰੀਆਂ ਦਾ ਉਦੇਸ਼ ਆਰ.ਸੀ.ਐਫ. ਇਮਪਲਾਈਜ਼ ਯੂਨੀਅਨ ਨੂੰ ਭਾਰੀ ਬਹੁਮਤ ਨਾਲ ਮਾਨਤਾ ਦੇ ਕੇ "ਇੱਕ ਅਦਾਰਾ - ਇੱਕ ਯੂਨੀਅਨ" ਦੀ ਸਥਾਪਨਾ ਕਰਨ ਦਾ ਟੀਚਾ ਪੂਰਾ ਕੀਤਾ ਜਾਵੇਗਾ। ਉਨ੍ਹਾਂ ਸਾਂਝੇ ਤੌਰ 'ਤੇ ਕਿਹਾ ਕਿ ਜਥੇਬੰਦੀ ਮੁਲਾਜ਼ਮਾਂ ਨੂੰ ਨਾਲ ਲੈ ਕੇ ਭਾਰਤ ਸਰਕਾਰ ਦੀਆਂ ਮੁਲਾਜ਼ਮ ਮਾਰੂ ਨੀਤੀਆਂ ਵਿਰੁੱਧ ਤਿੱਖਾ ਸੰਘਰਸ਼ ਵਿੱਢਣਗੀਆਂ, ਉਨ੍ਹਾਂ ਰੈਡੀਕਾ ਵਿਖੇ ਸਕੂਲੀ ਬੱਸਾਂ ਦੀ ਮਿਸਾਲ ਦਿੰਦਿਆਂ ਕਿਹਾ ਕਿ ਜੋ ਕੰਮ ਪੂਰੇ ਰੇਲਵੇ 'ਚ ਅਸੰਭਵ ਦੱਸਿਆ ਗਿਆ ਸੀ ਆਰਸੀਐਫ ਇਮਪਲਾਈਜ ਯੂਨੀਅਨ ਦੁਆਰਾ ਸੰਭਵ ਬਣਾਇਆ ਗਿਆ, ਇਹ ਦਰਸਾਇਆ ਗਿਆ ਹੈ ਕਿ ਜਦੋਂ ਪੂਰੇ ਭਾਰਤੀ ਰੇਲਵੇ ਵਿੱਚ ਨਵੀਂ ਭਰਤੀ 'ਤੇ ਪਾਬੰਦੀ ਲਗਾਈ ਗਈ ਸੀ, ਤਾਂ ਆਰਸੀਐਫ ਇਮਪਲਾਈਜ਼ ਯੂਨੀਅਨ ਦੇ ਸੰਘਰਸ਼ ਸਦਕੇ ਪੂਰੇ ਭਾਰਤੀ ਰੇਲਵੇ ਵਿੱਚ ਲਗਭਗ 48 ਹਜ਼ਾਰ ਨੌਜਵਾਨਾਂ ਨੂੰ ਨੌਕਰੀਆਂ ਦੇਣ ਦਾ ਪ੍ਰਬੰਧ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਰੈਡੀਕਾ ਦੇ ਸਮੂਹ ਮੁਲਾਜ਼ਮਾਂ ਨੂੰ ਨਾਲ ਲੈ ਕੇ ਜਥੇਬੰਦੀ ਯੂ.ਪੀ.ਐਸ., ਐਨ.ਪੀ.ਐਸ., ਨਿਗਮੀਕਰਨ, ਨਿੱਜੀਕਰਨ, ਆਊਟਸੋਰਸਿੰਗ, ਠੇਕੇਦਾਰੀ, ਆਫ ਲੋਡਿੰਗ ਆਦਿ ਵਿਰੁੱਧ ਅਤੇ ਨਵੀਂ ਭਰਤੀ, ਮੁਲਾਜ਼ਮਾਂ ਦੇ ਹੱਕਾਂ ਅਤੇ ਫੈਕਟਰੀ ਦੀ ਭਲਾਈ ਲਈ ਸੰਘਰਸ਼ ਨੂੰ ਹਮੇਸ਼ਾ ਜਾਰੀ ਰੱਖੇਗੀ।

ਅੱਜ ਦੇ ਚੋਣ ਪ੍ਰਚਾਰ ਵਿੱਚ ਮੁੱਖ ਤੌਰ 'ਤੇ ਸ਼ਰਨਜੀਤ ਸਿੰਘ, ਤ੍ਰਿਲੋਚਨ ਸਿੰਘ, ਅਰਵਿੰਦ ਕੁਮਾਰ ਸ਼ਾਹ, ਅਨਿਲ ਕੁਮਾਰ, ਜਗਦੀਪ ਸਿੰਘ, ਪ੍ਰਦੀਪ ਸਿੰਘ, ਅਸ਼ਵਨੀ ਕੁਮਾਰ, ਰਾਮ ਮੋਹਨ, ਮਨੋਹਰ ਲਾਲ, ਪੰਕਜ ਕੁਮਾਰ, ਰਾਜਿੰਦਰ ਕੁਮਾਰ, ਸੁਭਾਸ਼, ਸੁਰਿੰਦਰ ਕੁਮਾਰ, ਸੰਜੇ ਕੁਮਾਰ ਸਮੁੱਚੀ ਕੌਸ਼ਲ, ਬਲਰਾਮ, ਮੇਨਪਾਲ, ਮੱਖਣ ਸਿੰਘ, ਜਗਜੀਤ ਸਿੰਘ, ਐਸ.ਐਨ ਭਾਟੀਆ, ਅਮਰੀਕ ਸਿੰਘ ਆਦਿ ਸਮੇਤ ਸੈਂਕੜੇ ਮੁਲਾਜ਼ਮਾਂ ਸਮੇਤ ਯੂਨੀਅਨ ਦੀ ਕਾਰਜਕਾਰਨੀ ਨੇ ਭਰਪੂਰ ਸਮਰਥਨ ਦਿੱਤਾ।

# ਐਸ ਐਸ ਮਿਸ਼ਰ ਨੇ ਰੇਲ ਕੋਚ ਫੈਕਟਰੀ, ਕਪੂਰਥਲਾ ਦੇ ਜਨਰਲ ਮੈਨੇਜਰ ਦਾ ਅਹੁਦਾ ਸੰਭਾਲਿਆ

ਪੰਜਾਬ ਦਾ ਖੁਲਾਸਾ

**ਕਪੂਰਥਲਾ, 27 ਨਵੰਬਰ (ਕੌੜਾ)**- ਸ਼੍ਰੀ ਐਸ.ਐਸ. ਮਿਸ਼ਰ ਨੇ ਰੇਲ ਕੋਚ ਫੈਕਟਰੀ, ਕਪੂਰਥਲਾ ਦੇ ਜਨਰਲ ਮੈਨੇਜਰ ਵਜੋਂ ਅਹੁਦਾ ਸੰਭਾਲ ਲਿਆ ਹੈ। ਆਈ ਆਈ ਟੀ ਚੇਨਈ ਤੋਂ ਮਕੈਨੀਕਲ ਇੰਜੀਨੀਅਰਿੰਗ ਅਤੇ ਪ੍ਰਬੰਧਨ ਵਿੱਚ ਪੋਸਟ ਗ੍ਰੈਜੂਏਟ, ਸ਼੍ਰੀ ਮਿਸ਼ਰ ਇੰਡੀਅਨ ਰੇਲਵੇ ਸਰਵਿਸ ਆਫ਼ ਮਕੈਨੀਕਲ ਇੰਜੀਨੀਅਰਜ਼ ਦੇ 1988 ਬੈਚ ਦੇ ਅਧਿਕਾਰੀ ਹਨ। ਇਸ ਨਿਯੁਕਤੀ ਤੋਂ ਪਹਿਲਾਂ, ਉਹ ਇੰਟੈਗ੍ਰਲ ਕੋਚ ਫੈਕਟਰੀ, ਚੇਨਈ ਵਿਖੇ ਪ੍ਰਿੰਸੀਪਲ ਚੀਫ਼ ਮਕੈਨੀਕਲ ਇੰਜੀਨੀਅਰ ਵਜੋਂ ਤਾਇਨਾਤ ਸਨ।



ਸ਼੍ਰੀ ਮਿਸ਼ਰ ਨੇ 36 ਸਾਲਾਂ ਤੋਂ ਵੱਧ ਸਮੇਂ ਤੋਂ ਭਾਰਤੀ ਰੇਲਵੇ ਦੀ ਸੇਵਾ ਕੀਤੀ ਹੈ। ਉਹਨਾਂ ਨੇ ਵੱਖ-ਵੱਖ ਜ਼ੋਨਲ ਰੇਲਵੇ, ਉਤਪਾਦਨ ਇਕਾਈਆਂ ਅਤੇ ਆਰ ਵੀ ਐਨ ਐਲ ਵਿੱਚ ਵੱਖ-ਵੱਖ ਉਹਦਿਆਂ 1 ਵਿੱਚ ਕੰਮ ਕੀਤਾ ਹੈ। ਚੇਨਈ ਵਿਖੇ ਪ੍ਰਿੰਸੀਪਲ ਚੀਫ਼ ਮਕੈਨੀਕਲ ਇੰਜੀਨੀਅਰ ਤੋਂ ਇਲਾਵਾ, ਉਹਨਾਂ ਨੇ ਲਾਤੂਰ/ਆਈ ਸੀ ਐਫ ਵਿਖੇ ਮੁੱਖ ਪ੍ਰਸ਼ਾਸਨਿਕ ਅਧਿਕਾਰੀ, ਸਿਕੰਦਰਾਬਾਦ ਅਤੇ ਭੁਵਨੇਸ਼ਵਰ ਵਿਖੇ ਮੁੱਖ ਰੋਲਿੰਗ ਸਟਾਕ ਇੰਜੀਨੀਅਰ ਅਤੇ ਵਿਸ਼ਾਖਾਪਟਨਮ, ਕਾਜ਼ੀਪੇਟ, ਭੁਵਨੇਸ਼ਵਰ ਅਤੇ ਹੋਰ ਸਥਾਨਾਂ 'ਤੇ ਕਈ ਮੁੱਖ ਅਹੁਦਿਆਂ 'ਤੇ ਕੰਮ ਕੀਤਾ ਹੈ। ਉਨ੍ਹਾਂ ਨੇ ਰੇਲਵੇ ਵਿੱਚ ਆਪਣੇ ਸ਼ਾਨਦਾਰ ਕਰੀਅਰ ਵਿੱਚ ਕਈ ਪੁਰਸਕਾਰ ਪ੍ਰਾਪਤ ਕੀਤੇ ਹਨ। ਰੋਲਿੰਗ ਸਟਾਕ ਦੇ ਵਿਕਾਸ ਅਤੇ ਨਿਰਯਾਤ ਲਈ ਆਪਣੀ ਅਧਿਕਾਰਤ ਸਮਰੱਥਾ ਵਿੱਚ ਪੂਰੇ ਭਾਰਤ ਵਿੱਚ ਵਿਆਪਕ ਯਾਤਰਾ ਕੀਤੀ ਹੈ । ਭਾਰਤੀ ਰੇਲਵੇ ਵਿੱਚ ਆਪਣੇ ਪ੍ਰਬੰਧਕੀ ਅਤੇ ਨਵੀਨਤਾਕਾਰੀ ਹੁਨਰਾਂ ਲਈ ਜਾਣੇ ਜਾਂਦੇ ਸ਼੍ਰੀ ਐੱਸ ਐੱਸ ਮਿਸ਼ਰ ਦੀ ਇਹ ਨਵੀਂ ਨਿਯੁਕਤੀ ਰੇਲ ਕੋਚ ਫੈਕਟਰੀ ਦੀਆਂ ਯੋਜਨਾਵਾਂ ਨੂੰ ਰੇਲ ਕੋਚਾਂ ਦੀ ਗੁਣਵੱਤਾ ਵਿੱਚ ਨਵੀਨਤਾ ਲਿਆਉਣ ਅਤੇ ਉਨ੍ਹਾਂ ਦੇ ਉਤਪਾਦਨ ਨੂੰ ਵਧਾਉਣ ਲਈ ਇੱਕ ਨਵੀਂ ਦਿਸ਼ਾ ਦੇਵੇਗੀ।

# ਨਰੋਤਮ ਵਿਦਿਆ ਮੰਦਿਰ ਸੀਨੀਅਰ ਸੈਕੰਡਰੀ ਸਕੂਲ ਖੰਨਾ ਵਿਖੇ ਆਈ ਐਮ ਕਲਾਮ ਸਾਇੰਸ ਪ੍ਰਦਰਸ਼ਨੀ ਦਾ ਆਯੋਜਨ

## ਸਾਇੰਸ ਪ੍ਰਦਰਸ਼ਨੀਆਂ ਵਿਦਿਆਰਥੀਆਂ ਦੇ ਗਿਆਨ ਵਿੱਚ ਵਾਧਾ ਕਰਦੀਆਂ ਹਨ - ਦੀਪਕ ਹਸੀਜਾ

ਪੰਜਾਬ ਦਾ ਖੁਲਾਸਾ

**ਖੰਨਾ, 26 ਨਵੰਬਰ (ਜੇ ਐਸ ਖੰਨਾ)** ਇਲਾਕੇ ਦੀ ਵਿਦਿਅਕ ਖੇਤਰ ਵਿੱਚ ਕਈ ਸਾਲਾਂ ਤੋਂ ਸ਼ਾਨਦਾਰ ਸੇਵਾਵਾਂ ਨਿਭਾਅ ਰਹੀ ਵਿਦਿਅਕ ਸੰਸਥਾ ਨਰੋਤਮ ਵਿਦਿਆ ਮੰਦਿਰ ਸੀਨੀਅਰ ਸੈਕੰਡਰੀ ਸਕੂਲ ਖੰਨਾ ਨੇ ਦੇਸ਼ ਦੇ ਗਿਆਰਵੇਂ ਰਾਸ਼ਟਰਪਤੀ ਡਾਕਟਰ ਏ ਪੀ ਜੇ ਅਬਦੁਲ ਕਲਾਮ ਦੀ ਯਾਦ ਵਿੱਚ " ਆਈ ਐਮ ਕਲਾਮ" ਸਾਇੰਸ ਪ੍ਰਦਰਸ਼ਨੀ ਦਾ ਆਯੋਜਨ ਸਕੂਲ ਦੇ ਪ੍ਰਿੰਸੀਪਲ ਆਦਰਸ਼ ਕੁਮਾਰ , ਡਾਇਰੈਕਟਰ ਪ੍ਰਭਜੀਤ ਪੁੰਜ , ਵਾਇਸ ਪ੍ਰਿੰਸੀਪਲ ਕੰਚਨ ਸ਼ਰਮਾ ਅਤੇ ਕੋਆਰਡੀਨੇਟਰ ਵੰਦਨਾ ਸ਼ਰਮਾ ਦੀ ਅਗਵਾਈ ਹੇਠ ਸ਼ਾਨਦਾਰ ਅਤੇ ਸੁਚੱਜੇ ਢੰਗ ਨਾਲ ਕੀਤਾ ਗਿਆ। ਇਸ ਪ੍ਰਦਰਸ਼ਨੀ ਵਿੱਚ ਬਾਇਲੋਜੀ , ਫਿਜ਼ਿਕਸ ਅਤੇ ਕੈਮਿਸਟਰੀ ਦੇ ਵੱਖ ਵੱਖ ਮਾਡਲ ਬਣਾਏ ਗਏ। ਇਸ ਪ੍ਰਦਰਸ਼ਨੀ ਵਿੱਚ ਛੇਵੀਂ ਜਮਾਤ ਤੋਂ ਲੈ ਕੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੇ ਬਹੁਤ ਹੀ ਡੂੰਘੀ ਦਿਲਚਸਪੀ ਦਿਖਾਉਂਦੇ ਹੋਏ ਵੱਧ ਚੜ੍ਹ ਕੇ ਭਾਗ ਲਿਆ। ਇਹ ਪ੍ਰਦਰਸ਼ਨੀ ਸਕੂਲ ਦੇ ਕੈਮਿਸਟਰੀ ਦੇ ਅਧਿਆਪਕ ਕੋਮਲ ਕੌਰ, ਬਾਇਲੋਜੀ ਦੇ ਅਧਿਆਪਕ ਹਿਮਾਂਸ਼ੀ ਸ਼ਰਮਾ ਅਤੇ ਫਿਜ਼ਿਕਸ ਦੇ ਅਧਿਆਪਕ ਸਿਮਰਨਜੋਤ ਕੌਰ ਅਤੇ ਰਾਜਵੀਰ ਕੌਰ ਦੇ ਸਹਿਯੋਗ ਨਾਲ ਕਰਵਾਈ ਗਈ। ਸਾਰੇ ਹੀ ਮਾਡਲ ਬਹੁਤ ਹੀ ਖਿੱਚ ਦਾ ਕੇਂਦਰ ਬਣੇ। ਫਿਜ਼ਿਕਸ ਦੇ ਮਾਡਲਾਂ ਵਿੱਚ ਗ੍ਰੈਵੀਟੇਸ਼ਨ, ਕੰਡਕਟਰ ਅਤੇ ਇੰਸੂਲੇਟਰ , ਟਾਈਪਸ ਆਫ ਮੋਸ਼ਨ, ਨਿਊਟਨ ਲਾਅ ਆਫ ਮੋਸ਼ਨ, ਲਾਅ ਆਫ ਰਿਫਲੈਕਸ਼ਨ, ਯੂਨੀਵਰਸਲ ਲਾਅ ਆਫ ਗਰੈਵੀਟੇਸ਼ਨ ਆਦਿ ਵਿਸ਼ਿਆਂ ਦੇ ਉੱਪਰ ਮਾਡਲ , ਚਾਰਟ ਅਤੇ ਵਰਕਿੰਗ ਮਾਡਲ ਬਣਾਏ ਗਏ। ਇਸੇ ਤਰ੍ਹਾਂ ਬਾਇਲੋਜੀ ਵਿੱਚ ਵੀ ਸੋਲਰ , ਐਂਡੀ ਸੋਲਰ ਇਕਲਿਪਸ, ਹਿਊਮਨ ਆਈ ,



ਹਿਊਮਨ ਹਾਰਟ , ਰੈਸਪੀਰੇਟਰੀ ਐਂਡ ਡਾਈਜੈਸਟਿਵ ਸਿਸਟਮ, ਪਲਾਂਟ ਸੈਲ ਐਨੀਮਲ ਵਾਟਰ ਮੈਨੇਜਮੈਂਟ ,ਐਨਵਾਇਰਮੈਂਟ ਪੋਲਿਊਸ਼ਨ ਮੌਰੇ ਐਂਡ ਫਰਟੀਲਾਈਜਰ ਆਦਿ ਵਿਸ਼ਿਆ ਉੱਪਰ ਵਰਕਿੰਗ ਮਾਡਲ ਬਣਾਏ ਗਏ। ਇਸੇ ਤਰਾਂ ਕੈਮਿਸਟਰੀ ਵਿਸ਼ੇ ਵਿੱਚ ਬੱਚਿਆਂ ਨੇ ਵਿੰਡ ਟਰਬਾਈਨ ਸੋਲਰ ਸਿਸਟਮ ਵੱਲਕੈਨਿਕ ਇਰੱਪਸ਼ਨ ਏਸਿਡ ਬੇਸ ਟੈਸਟ , ਲੰਗਸ , ਚੰਦਰਆਨ - 3 ਵਾਟਰਸਾਈਕਲ , ਡੇ/ਨਾਈਟ ਆਦਿ ਵਿਸ਼ਿਆਂ ਉੱਪਰ ਵਰਕਿੰਗ ਮਾਡਲ ਬਣਾਏ ਗਏ। ਸਾਰੇ ਵਿਦਿਆਰਥੀਆਂ ਨੇ ਇਸ ਪ੍ਰਦਰਸ਼ਨੀ ਵਿੱਚ ਬਹੁਤ ਹੀ ਉਤਸ਼ਾਹ ਨਾਲ ਭਾਗ ਲਿਆ। ਹਰੇਕ ਵਿਦਿਆਰਥੀ ਨੇ ਮਾਡਲ ਬਣਾਉਣ ਦੇ ਨਾਲ ਨਾਲ ਬਹੁਤ ਹੀ ਬਰੀਕੀ ਨਾਲ ਉਸਦਾ ਵਿਸਥਾਰ ਸਹਿਤ ਵਰਣਨ ਵੀ ਕੀਤਾ। ਇਸ ਪ੍ਰਦਰਸ਼ਨੀ ਵਿੱਚ ਜੱਜ ਦੀ ਭੂਮਿਕਾ ਵਰੁਨ ਲਾਂਬਾ ਪਰਸਨੈਲਟੀ ਡਿਵੈਲਪਮੈਂਟ ਐਂਡ ਸੋਫਟ ਸਕਿਲ ਟਰੇਨਰ ਗੁਲਜਾਰ ਗਰੁੱਪ, ਵਿਕਰਮ ਸਿੰਘ ਤੇਜਾ ਐਮਡੀ ਆਫ ਤੇਜਾਂ'ਜ਼ ਐਕਸੈਂਟ , ਰਿੱਕੀ ਸ਼ਾਹੀ ਐਮ ਡੀ ਅਨੂੰ ਇਨਫੋਟੈਕ ਖੰਨਾ, ਕਪਿਲ ਦੇਵ ਸੋਨੀ ਨੈਸ਼ਨਲ ਐਵਾਰਡੀ ਇੰਚਾਰਜ ਗੌਰਮੈਂਟ ਮਿਡਲ ਸਕੂਲ ਰਾਮਗੜ੍ਹ, ਸੁਖਪਾਲ ਵਰਮਾ ਰੀਜਨਲ ਹੈਡ ਭਾਰਤੀ ਭਵਨ ਪਬਲਿਕੇਸ਼ਨ ਫਾਊਂਡਰ ਆਫ ਸਕੂਲ ਸਮਾਰਟ ਐਜੂਕੇਸ਼ਨ ਐਪਸ ਅਤੇ ਦੀਪਕ ਹਸੀਜਾ ਪ੍ਰਸਿੱਧ ਕਾਰੋਬਾਰੀ ਖੰਨਾ ਨੇ ਨਿਭਾਈ। ਇਸ ਵਿਗਿਆਨ ਪ੍ਰਦਰਸ਼ਨੀ ਵਿੱਚ ਸੱਤਵੀਂ ਜਮਾਤ ਦੀਆਂ ਵਿਦਿਆਰਥਣਾ ਸਿਮਰ ਧੀਮਾਨ , ਗੁਰਸਹਿਜ ਕੌਰ , ਪਵਨਪ੍ਰੀਤ ਕੌਰ ਅਤੇ ਗੁਰਕੀਰਤ ਕੌਰ ਨੇ ਵਲਕੈਨਿਕ ਇਰੱਪਸ਼ਨ ਉੱਪਰ ਵਰਕਿੰਗ ਮਾਡਲ ਬਣਾ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਬਾਨੀ ਵਰਮਾ, ਜਸ਼ਨਪ੍ਰੀਤ ਕੌਰ , ਗਗਨਜੋਤ ਕੌਰ , ਅਵਨੀਤ ਕੌਰ ਅਤੇ ਤ੍ਰਿਪਤਜੋਤ ਕੌਰ ਨੇ ਚੰਦਰਆਨ - 3 'ਤੇ ਮਾਡਲ ਬਣਾ ਕੇ ਦੂਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਜਸਮੀਨ ਕੌਰ ਅਤੇ ਚਾਂਦਨੀ ਨੇ ਡਾਈਜੈਸਟਿਵ ਸਿਸਟਮ ਤੇ ਮਾਡਲ ਬਣਾ ਕੇ ਤੀਜਾ , ਗਗਨਪ੍ਰੀਤ ਕੌਰ ਅਤੇ ਮਹਿਕਪ੍ਰੀਤ ਕੌਰ ਨੇ ਵੇਸਟ ਵਾਟਰ ਫਿਲਟਰੇਸ਼ਨ ਤੇ ਮਾਡਲ ਬਣਾ ਕੇ ਚੌਥਾ ਅਤੇ ਮਨਪ੍ਰੀਤ ਸਿੰਘ ਅਤੇ ਆਕਾਸ਼ ਜੀਤ ਸਿੰਘ ਨੇ ਹਾਈਡਰੋਜਨ ਇਰੇਟਰ ਉੱਪਰ ਮਾਡਲ ਤਿਆਰ ਕਰਕੇ ਪੰਜਵਾਂ ਸਥਾਨ ਹਾਸਿਲ ਕੀਤਾ। ਸਾਇੰਸ ਪ੍ਰਦਰਸ਼ਨੀ ਵਿੱਚ ਸਾਰੇ ਵਿਦਿਆਰਥੀਆ ਅਤੇ ਅਧਿਆਪਕਾਂ ਨੇ ਬਹੁਤ ਹੀ ਉਤਸ਼ਾਹ ਨਾਲ ਭਾਗ ਲਿਆ। ਇਸ ਖੁਸ਼ੀ ਦੇ ਮੌਕੇ ਉੱਪਰ ਸੰਸਥਾ ਦੇ ਮੁਖੀ ਆਦਰਸ਼ ਕੁਮਾਰ ਨੇ ਸਾਰੇ ਵਿਦਿਆਰਥੀਆਂ , ਅਧਿਆਪਕਾਂ ਅਤੇ ਮੁੱਖ ਮਹਿਮਾਨਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਭਵਿੱਖ ਵਿੱਚ ਵੀ ਇਹੋ ਜਿਹੀਆਂ ਪ੍ਰਦਰਸ਼ਨੀਆਂ ਲਗਾਉਂਦੇ ਰਹਿਣਗੇ ਤਾਂ ਕਿ ਹਰ ਇੱਕ ਬੱਚੇ ਵਿੱਚ ਬਹੁ ਪੱਖੀ ਪ੍ਰਤਿਭਾ ਉੱਭਰ ਕੇ ਸਾਮ੍ਹਣੇ ਆ ਸਕੇ। ਇਸ ਮੌਕੇ ਸਕੂਲ ਦੇ ਅਧਿਆਪਕ ਸੁਖਵਿੰਦਰ ਕੌਰ , ਗੌਰਵ ਪਾਂਧੀ , ਗੁਰਚਰਨ ਸਿੰਘ , ਮੁਸਕਾਨ ਸ਼ਾਹੀ, ਹਰਜੀਤ ਕੌਰ , ਨਿਭਾ ਮਹਾਜਨ , ਪਿੰਕੀ ਸ਼ੋਰੀ, ਰਮਿੰਦਰਦੀਪ ਕੌਰ ਅਤੇ ਅਵਨੀਤ ਕੌਰ ਤੋਂ ਇਲਾਵਾ ਸਮੁੱਚਾ ਸਟਾਫ ਮੌਜੂਦ ਸੀ। ਇਸ ਮੌਕੇ ਆਏ ਹੋਏ ਮੁੱਖ ਮਹਿਮਾਨਾ ਅਤੇ ਵਿਦਿਆਰਥੀਆਂ ਦੇ ਮਾਪਿਆਂ ਦਾ ਕਹਿਣਾ ਸੀ ਕਿ ਅਜਿਹੀਆਂ ਪ੍ਰਦਰਸ਼ਨੀਆਂ ਅੱਗੇ ਤੋਂ ਵੀ ਜਾਰੀ ਰਹਿਣੀਆਂ ਚਾਹੀਦੀਆਂ ਹਨ ਕਿਉਂਕਿ ਅਜਿਹੀਆਂ ਪ੍ਰਦਰਸ਼ਨੀਆਂ ਵਿਦਿਆਰਥੀਆਂ ਵਿੱਚ ਛੁਪੇ ਅੰਦਰਲੇ ਵਿਅਕਤੀਤਵ ਨੂੰ ਉਘਾੜ੍ਹਨ ਵਿੱਚ ਸਹਾਈ ਹੁੰਦੀਆਂ ਹਨ। ਉਨਾਂ ਦਾ ਕਹਿਣਾ ਸੀ ਕਿ ਆਈ ਐਮ ਕਲਾਮ ਵਿਗਿਆਨ ਪ੍ਰਦਰਸ਼ਨੀ ਇੱਕ ਕਾਮਯਾਬ ਅਤੇ ਸਫਲ ਪ੍ਰਦਰਸ਼ਨੀ ਸਾਬਤ ਹੋਈ ਹੈ। ਇਸ ਸਮਾਗਮ ਦੇ ਅੰਤ ਵਿੱਚ ਗੁਲਜਾਰ ਗਰੁੱਪ ਦੇ ਸਾਫਟ ਸਕਿਲ ਟਰੇਨਰ ਵਰੁਨ ਲਾਂਬਾ ਅਤੇ ਅਨੂੰ ਇਨਫੋਟੈਕ ਦੇ ਐਮ ਡੀ ਰਿਕੀ ਸ਼ਾਹੀ ਨੇ ਕਿਹਾ ਕਿ ਇਹ ਪ੍ਰਦਰਸ਼ਨੀ ਵਿਦਿਆਰਥੀਆਂ ਦੇ ਮਨਾਂ ਉੱਤੇ ਅਮਿਟ ਪੈੜਾਂ ਛੱਡਦੀ ਹੋਈ ਸਮਾਪਤ ਹੋ ਗਈ।

# ਸੂਬੇ ਦੇ ਕਿਸਾਨ ਨਵੀਂ ਤਕਨੀਕ ਦੇ ਖੇਤੀਬਾੜੀ ਸੰਦ ਗਰੁੱਪਾਂ ਵਿੱਚ ਇਕੱਠੇ ਹੋਕੇ ਖਰੀਦਣ (ਮਹੇਸ਼ਰੀ)

ਪੰਜਾਬ ਦਾ ਖੁਲਾਸਾ

**ਮੋਗਾ , 27 ਨਵੰਬਰ ( ਪ ਪ)**-- ਅੱਜ ਭਾਰਤੀ ਕਿਸਾਨ ਯੂਨੀਅਨ



ਲੱਖੋਵਾਲ ਦੇ ਜ਼ਿਲ੍ਹਾ ਦਫਤਰ ਮੋਗਾ ਵਿਖੇ ਬੀ ਕੇ ਯੂ ਲੱਖੋਵਾਲ ਦੇ ਸੂਬਾ ਮੀਤ ਪ੍ਰਧਾਨ ਭੁਪਿੰਦਰ ਸਿੰਘ ਮਹੇਸ਼ਰੀ ਨੇ ਕਿਹਾ ਹੈ ਕਿ ਸੂਬੇ ਦੇ ਛੋਟੇ ਕਿਸਾਨ ਆਪਸ ਵਿੱਚ 8-10 ਜਾਣਿਆਂ ਦੇ ਗਰੁੱਪ ਬਣਾਕੇ ਖੇਤੀਬਾੜੀ ਵਾਲੇ ਨਵੀਂ ਤਕਨੀਕ ਦੇ ਸੰਦ ਬਣਾਉਣ ਤਾਂ ਜੋ ਸੁਚੱਜੇ ਢੰਗ ਨਾਲ ਖੇਤੀ ਕੀਤੀ ਜਾ ਸਕੇ। ਗਰੁੱਪਾਂ ਵਿੱਚ ਖੇਤੀ ਕਰਨ ਦੇ ਨਾਲ ਕਿਸਾਨਾਂ ਨੂੰ ਫਾਇਦਾ ਵੀ ਹੋਵੇਗਾ ਤੇ ਖਰਚਾ ਵੀ ਘੱਟ ਆਵੇਗਾ ਤੇ ਆਪਸੀ ਭਾਈਚਾਰੇ ਸਾਂਝ ਵੀ ਵਧੇਗੀ ਜੇ ਅਸੀਂ ਲੋਕ ਤੇ ਇਕੱਲੇ ਇਕੱਲੇ ਥੋੜੀ ਜਮੀਨ ਤੇ ਟਰੈਕਟਰ ਤੇ ਮਸ਼ੀਨਰੀ ਭੱਜਾਈ ਫਿਰਦੇ ਰਹੇ ਤਾਂ ਉਹ ਦਿਨ ਦੂਰ ਨਹੀਂ ਸਾਨੂੰ ਪਤਾ ਵੀ ਨਹੀਂ ਲੱਗੇਗਾ ਕਿ ਕਾਰਪੋਰੇਟ ਕਰਾਣੇ ਕਦੋਂ ਸਾਨੂੰ ਖਾ ਗਏ ਇਸ ਲਈ ਸਾਨੂੰ ਆਪਣੀਆਂ ਫਸਲਾਂ ਅਲੱਗ ਅਲੱਗ ਤਰੀਕੇ ਨਾਲ ਤਿਆਰ ਕਰਕੇ ਖੁਦ ਆਪਣੇ ਆਪਣੇ ਹਿਸਾਬ ਨਾਲ ਵੇਚਣੀਆਂ ਚਾਹੀਦੀਆਂ ਇਸ ਸਮੇਂ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ, ਸੂਬਾ ਆਗੂ ਗੁਲਜਾਰ ਸਿੰਘ ਘੱਲ ਕਲਾਂ, ਸੂਬਾ ਆਗੂ ਹਰਨੇਕ ਸਿੰਘ ਫਤਿਹਗੜ੍ਹ, ਲਖਵਿੰਦਰ ਸਿੰਘ ਰੌਲੀ,ਬਲਕਰਨ ਸਿੰਘ ਢਿੱਲੋਂ, ਸੂਬਾ ਆਗੂ ਜਰਨੈਲ ਸਿੰਘ ਤਖਾਣਵੱਧ, ਇਕਾਈ ਪ੍ਰਧਾਨ ਪ੍ਰਕਾਸ਼ ਸਿੰਘ, ਇਕਾਈ ਪ੍ਰਧਾਨ ਜਸਕਰਨ ਸਿੰਘ ਨਿਧਾਵਾਲਾ, ਹਰਜੀਵਨ ਸਿੰਘ ਦੁੱਨੇਕੇ, ਜਸਵੰਤ ਸਿੰਘ ਤਖਾਣਵੱਧ ਆਦਿ ਹਾਜ਼ਰ ਸਨ।

## ਜਨਮਦਿਨ ਮੁਬਾਰਕ



ਇਨਆਇਤ ਪੁੱਤਰੀ ਦਵਿੰਦਰ ਪਾਲ, ਮਾਤਾ ਜੀਨੂ ਪੋਤਰੀ ਸਾਹਿਤਕਾਰ ਅਤੇ ਪੱਤਰਕਾਰ ਧਰਮ ਪ੍ਰਵਾਨਾਂ ਪਿੰਡ ਕਿਲ੍ਹਾ ਨੌਂ ਫਰੀਦਕੋਟ।

# ਬੀ. ਬੀ. ਐੱਸ. ਬੀ. ਕਾਨਵੈਂਟ ਸਕੂਲ ਵਿੱਚ ਰਾਈਟਿੰਗ ਅਤੇ ਡਰਾਇੰਗ ਦੇ ਕਰਵਾਏ ਮੁਕਾਬਲੇ

ਪੰਜਾਬ ਦਾ ਖੁਲਾਸਾ

**ਜਗਰਾਉਂ, 27 ਨਵੰਬਰ (ਜਸਵਿੰਦਰ ਸਿੰਘ ਡਾਂਗੀਆ)** ਇਲਕੇ ਦੀ ਨਾਮਵਾਰ ਵਿਦਿਅਕ ਸੰਸਥਾ ਬੀ. ਬੀ. ਐੱਸ. ਬੀ. ਕਾਨਵੈਂਟ ਸਕੂਲ ਸਿੱਧਵਾਂ ਬੇਟ ਜੋ ਕਿ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਅਤੇ ਸਮਾਜ ਨੂੰ ਸੇਧ ਦੇਣ ਵਾਲੀਆਂ ਗਤੀਵਿਧੀਆਂ ਆਪਣੇ ਕੈਂਪਸ ਵਿਖੇ ਕਰਵਾਉਂਦੀ ਰਹਿੰਦੀ ਹੈ। ਇਸੇ ਲੜੀ ਤਹਿਤ ਨੈਸ਼ਨਲ ਲੈਵਲ ਕੰਪੀਟੀਸ਼ਨ ਕਰਵਾਇਆ ਗਿਆ ਜਿਸ ਵਿੱਚ ਰਾਈਟਿੰਗ ਅਤੇ ਕਲਰਿੰਗ ਦੇ ਮੁਕਾਬਲੇ ਕਰਵਾਏ ਗਏ। ਇਹ ਮੁਕਾਬਲੇ ਸੈਂਟਰ ਫੋਰ ਐਡੂਕੇਸ਼ਨ ਡਵੈਲਪਮੈਂਟ ਐਂਡ ਰੀਸਰਚ, ਮਹਾਰਾਸ਼ਟਰਾ ਵੱਲੋਂ ਵੱਖ ਵੱਖ ਸਕੂਲਾਂ ਵਿੱਚ ਕਰਵਾਏ ਗਿਆ ਜਿਸ ਵਿੱਚ ਤਕਰੀਬਨ ਭਾਰਤ ਦੇ ਸਾਰੇ ਸਕੂਲਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਮੁਕਾਬਲੇ ਵਿੱਚ ਬੀ. ਬੀ. ਐੱਸ. ਬੀ. ਕਾਨਵੈਂਟ ਸਕੂਲ ਸਿੱਧਵਾਂ ਬੇਟ ਦੇ ਲਗਭਗ 140 ਵਿਦਿਆਰਥੀਆਂ ਨੇ ਹਿੱਸਾ ਲਿਆ, ਜਿਸ ਵਿੱਚੋਂ ਚਾਰ ਬੱਚਿਆਂ ਨੇ 1+ ਗਰੇਡ ਹਾਸਿਲ ਕਰਕੇ ਆਪਣਾ ਅਤੇ ਆਪਣੇ ਸਕੂਲ ਦਾ ਨਾਮ ਰੌਸ਼ਨ ਕੀਤਾ।

ਇਹਨਾਂ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਸੈਂਟਰ ਫੋਰ ਐਡੂਕੇਸ਼ਨ ਡਵੈਲਪਮੈਂਟ ਐਂਡ ਰੀਸਰਚ, ਮਹਾਰਾਸ਼ਟਰਾ ਵੱਲੋਂ ਸਰਟੀਫਿਕੇਟ ਅਤੇ ਚਾਰ 1+ ਵਾਲੇ ਵਿਦਿਆਰਥੀਆਂ ਨੂੰ ਗੋਲਡ ਮੈਡਲ ਵੀ ਦਿੱਤੇ ਗਏ। ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਮਿਸਿਜ ਮੋਨਾ ਠਾਕੁਰ ਜੀ ਨੇ ਬੱਚਿਆਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਸਾਰੇ ਬੱਚਿਆਂ ਨੂੰ ਹੀ ਇਸ ਤਰ੍ਹਾਂ ਦੇ ਮੁਕਾਬਲਿਆਂ ਵਿੱਚ ਭਾਗ ਲੈਣਾ ਚਾਹੀਦਾ ਹੈ, ਇਹ ਮੁਕਾਬਲੇ ਬੱਚਿਆਂ ਦਾ ਮਾਨਸਿਕ ਅਤੇ ਸਰੀਰਕ ਵਿਕਾਸ ਕਰਦੇ ਹਨ। ਇਸ ਦੇ ਨਾਲ ਨਾਲ ਬੱਚਿਆਂ ਨੂੰ ਪੜ੍ਹਾਈ ਤੋਂ ਹਟਕੇ ਵੀ ਕੁਝ ਸਿਖਣ ਨੂੰ ਮਿਲਦਾ ਹੈ।



ਇਸ ਮੌਕੇ ਤੇ ਸਮੂਹ ਮੈਨੇਜਮੈਂਟ ਮੈਂਬਰ, ਜਿਸ ਵਿੱਚ ਚੇਅਰਮੈਨ ਸਨੀ ਅਰੌੜਾ, ਵਾਈਸ ਚੇਅਰਮੈਨ ਰਜਿੰਦਰ ਕੁਮਾਰ ਬਾਵਾ, ਪ੍ਰੈਜੀਡੈਂਟ ਹਰੀਕ੍ਰਿਸ਼ਨ ਭਗਵਾਨ ਦਾਸ, ਮੈਨੇਜਿੰਗ ਡਾਇਰੈਕਟਰ ਸ਼ਾਮ ਸੁੰਦਰ ਭਾਰਦਵਾਜ, ਜਨਰਲ ਸੈਕਰੇਟਰੀ ਅੰਜੂ ਬਾਲਾ ਅਤੇ ਗਗਨਦੀਪ ਬਾਵਾ ਜੀ ਨੇ ਵੀ ਬੱਚਿਆਂ ਨੂੰ ਵਧਾਈ ਦਿੱਤੀ।

# ਸਾਈਬਰ ਧੋਖਾਧੜੀ ਨਾਲ ਲੋਕਾਂ ਨੇ ਲੱਭੇ ਠੱਗੀ ਕਰਨ ਦੇ ਅਨੋਖੇ ਤੇ ਨਵੇਂ ਢੰਗ

## ਸਾਈਬਰ ਕ੍ਰਾਈਮ ਠੱਗਾਂ ਤੋਂ ਬਚਣ ਲਈ 1930 ਤੇ ਕਰੋ ਫੋਨ-ਡੀਐਸਪੀ

ਪੰਜਾਬ ਦਾ ਖੁਲਾਸਾ

**ਮਾਛੀਵਾੜਾ ਸਾਹਿਬ, 27 ਨਵੰਬਰ (ਸੁੱਚਾ ਬੰਗੜ)**- ਅਜੋਕੇ ਯੁੱਗ ਵਿੱਚ ਲੋਕਾਂ ਨੇ ਠੱਗੀ ਕਰਨ ਦੇ ਅਨੋਖੇ ਤੇ ਨਵੇਂ ਢੰਗ ਲੱਭ ਲਏ ਹਨ। ਜੋ ਬੜੇ ਚਲਾਕੀ ਦੇ ਨਾਲ ਸਾਡੇ ਕੋਲੋਂ ਹੀ ਸਾਡੀ ਬੈਂਕ ਡਿਟੇਲ ਲੈ ਕੇ ਸਾਡੇ ਖਾਤਿਆਂ ਨੂੰ ਖਾਲੀ ਕਰ ਦਿੰਦੇ ਹਨ। ਇਸ ਸਬੰਧੀ ਮਾਛੀਵਾੜਾ ਥਾਣੇ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੁਲਿਸ ਜਿਲ੍ਹਾ ਖੰਨਾ ਦੇ ਡੀ.ਐਸ.ਪੀ. ਕਰਮਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਸਾਈਬਰ ਠੱਗਾਂ ਨੇ ਠੱਗੀ ਕਰਨ ਦੇ ਨਿਵੇਕਲੇ ਢੰਗਾਂ ਤੋਂ ਲੋਕ ਬੜੇ ਪਰੇਸ਼ਾਨ ਹਨ। ਆਏ ਦਿਨ ਇਨ੍ਹਾਂ ਠੱਗੀ ਦੀਆ ਵਾਰਦਾਤਾਂ ਵਿੱਚ ਵਾਧਾ ਹੁੰਦਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਠੱਗ ਇੰਨੇ ਚਤੁਰ ਤੇ ਚਲਾਕ ਹਨ ਕਿ ਵੱਖ-ਵੱਖ ਨੰਬਰਾਂ ਤੋਂ ਫੋਨ ਕਰਦੇ ਹਨ, ਸਾਨੂੰ ਲਾਟਰੀ ਨਿਕਲਣ ਦਾ ਲਾਲਚ ਦਿੰਦੇ ਹਨ ਤੇ ਫਿਰ ਸਾਡੇ ਆਧਾਰ ਕਾਰਡ ਦੀ ਡਿਟੇਲ ਲੈ ਕੇ ਸਾਡੇ ਬੈਂਕ ਖਾਤਿਆਂ ਵਿੱਚ ਜਮ੍ਹਾਂ ਰਕਮ ਉੜਾ ਲੈ ਜਾਂਦੇ ਹਨ। ਉਨਾਂ ਦੱਸਿਆ ਕਿ ਕਈ ਫੋਨ ਕਾਲਾਂ ਤਾਂ ਨੌਜਵਾਨ ਲੜਕੀਆਂ ਕਰਦੀਆਂ ਹਨ ਤੇ ਉਹ ਵੀ ਲੋਕਾਂ ਨੂੰ ਆਪਣੇ ਝਾਂਸੇ ਵਿੱਚ ਲੈ ਕੇ ਬਾਅਦ ਵਿੱਚ ਬਲੈਕਮੇਲ ਕਰਦੀਆਂ ਹਨ । ਕਈ ਅਜਿਹੇ ਫੋਨ ਕਾਲ ਵੀ ਆਉਂਦੇ ਹਨ ਜੋ ਕਹਿੰਦੇ ਹਨ ਕਿ ਤੁਹਾਡਾ ਬੱਚਾ ਕਿਸੇ ਭਾਰੀ ਮੁਸੀਬਤ ਵਿੱਚ ਫਸਿਆ ਹੋਇਆ ਹੈ ਉਸ ਨੂੰ ਮੁਸੀਬਤ ਤੋਂ ਕੱਢਣ ਦੇ ਲਈ ਅਸੀਂ ਪੁਲਿਸ ਵਿਭਾਗ ਜਾਂ ਹੋਰ ਸੰਬੰਧਿਤ ਵਿਭਾਗਾਂ ਨਾਲ ਗੱਲ ਕਰ ਰਹੇ ਹਾਂ ਤੇ ਇਸ ਮੁਸੀਬਤ ਚੋਂ ਬੱਚਿਆਂ ਨੂੰ ਬਚਾਉਣ ਲਈ ਉਹ



ਬੱਚਿਆਂ ਦੇ ਮਾਪਿਆਂ ਤੋਂ ਲੱਖਾਂ ਰੁਪਏ ਆਪਣੇ ਭੇਜੇ ਸਕੈਨਰ ਕੋਡ ਵਿੱਚ ਪਾਉਣ ਲਈ ਆਖਦੇ ਹਨ । ਭੋਲੇ ਭਾਲੇ ਲੋਕ ਆਪਣੇ ਬੱਚਿਆਂ ਨੂੰ ਮੁਸੀਬਤ ਵਿੱਚ ਫਸਿਆ ਸਮਝ ਡਰ ਜਾਂਦੇ ਹਨ ਤੇ ਇਹਨਾਂ ਸ਼ਾਤਰ ਠੱਗਾਂ ਦੀ ਠੱਗੀ ਦਾ ਸ਼ਿਕਾਰ ਹੋ ਜਾਂਦੇ ਹਨ। ਉਨਾਂ ਆਧਾਰ ਕਾਰਡ ਸਬੰਧੀ ਵੀ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਸਾਨੂੰ ਆਪਣਾ ਆਧਾਰ ਕਾਰਡ ਕਿਸੇ ਨੂੰ ਸਿੱਧਾ ਹੀ ਨਹੀਂ ਦੇਣਾ ਚਾਹੀਦਾ। ਆਧਾਰ ਕਾਰਡ ਉੱਤੇ ਦਰਜ ਸਿਰਫ ਆਖਰੀ ਚਾਰ ਅੰਕ ਹੀ ਸਾਨੂੰ ਦਿਖਾਉਣੇ ਚਾਹੀਦੇ ਹਨ ,ਜਦਕਿ ਬਾਕੀ ਦੇ ਅੰਕਾਂ ਨੂੰ ਗੁਪਤ ਰੱਖਣਾ ਚਾਹੀਦਾ ਹੈ, ਅਜਿਹੇ ਅਧਾਰ ਕਾਰਡਾਂ ਨੂੰ ਮਾਸਕ ਆਧਾਰ ਕਾਰਡ ਬੋਲਿਆ ਜਾਂਦਾ ਹੈ। ਉਹਨਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਹਨਾਂ ਸਾਈਬਰ ਕ੍ਰਾਈਮ ਦੇ ਠੱਗਾਂ ਤੋਂ ਬਚਣ ਦੇ ਲਈ ਆਪਣੇ ਆਧਾਰ ਕਾਰਡ ਨੂੰ ਮਾਸਕ ਆਧਾਰ ਕਾਰਡ ਵਿੱਚ ਤਬਦੀਲ ਕਰਵਾਉਣ ਤਾਂ ਜੋ ਉਹ ਹੋ ਰਹੀਆਂ ਠੱਗੀਆਂ ਦਾ ਸ਼ਿਕਾਰ ਨਾ ਹੋ ਸਕਣ। ਉਹਨਾਂ ਸ਼ਹਿਰ ਦੇ ਸਾਰੇ ਪੱਤਰਕਾਰਾਂ ਨੂੰ ਵੀ ਇਸ ਠੱਗੀ ਦੇ ਸ਼ਿਕਾਰ ਹੋ ਰਹੇ ਲੋਕਾਂ ਨੂੰ ਬਚਾਉਣ ਲਈ ਆਪਣੇ ਨਾਲ ਜੋੜਦਿਆਂ ਕਿਹਾ ਕਿ ਸਮਾਜ ਵਿੱਚ ਵੱਧਦੇ ਜਾ ਰਹੇ ਇਸ ਠੱਗੀ ਦੇ ਵੱਡੇ ਜਾਲ੍ਹ ਕੱਟਣ ਲਈ ਸਾਡਾ ਸਭ ਦਾ ਰਲ ਮਿਲ ਕੇ ਚੱਲਣਾ ਬਹੁਤ ਜਰੂਰੀ ਹੈ। ਪੁਲਿਸ ਥਾਣਾ ਮੁੱਖੀ ਪਵਿੱਤਰ ਸਿੰਘ ਗਰੇਵਾਲ ਨੇ ਕਿਹਾ ਕਿ ਇਹਨਾਂ ਠੱਗੀਆਂ ਤੋਂ ਬਚਣ ਦੇ ਲਈ ਟੋਲ ਫਰੀ ਹੈਲਪ ਨੰਬਰ 1930 ਜਾਰੀ ਕੀਤਾ ਗਿਆ ਹੈ, ਜੇਕਰ ਕਿਸੇ ਨੂੰ ਅਜਿਹੀ ਕੋਈ ਕਾਲ ਆਉਂਦੀ ਹੈ ਤਾਂ ਉਹ ਹੈਲਪ ਲਾਈਨ ਨੰਬਰ 1930 ਉੱਤੇ ਫੋਨ ਕਰਕੇ 72 ਘੰਟੇ ਦੇ ਅੰਦਰ ਸਾਰੀ ਜਾਣਕਾਰੀ ਦੇਣ।ਇਸ ਨਾਲ ਇੱਕ ਤਾਂ ਉਹ ਹੋ ਰਹੀ ਠੱਗੀ ਤੋਂ ਬੱਚ ਜਾਣਗੇ, ਦੂਜਾ ਇਹ ਠੱਗੀ ਕਰਨ ਵਾਲੇ ਛਾਤਰ ਦਿਮਾਗ ਪੁਲਿਸ ਦੇ ਅੜਿਕੇ ਵੀ ਆ ਜਾਣਗੇ।

# ਲੋਕਾਂ ਦੀ ਖੱਜਲ ਖ਼ੁਆਰੀ ਨਿਭਾਉਣ 'ਚ ਜੈਤੋ ਐਸ.ਡੀ. ਐਮ ਦ.ਫਤਰ ਨਿਭਾ ਰਿਹਾ ਹੈ ਅਹਿਮ ਰੋਲ !

## ਡਰਾਈਵਿੰਗ ਲਾਇਸੈਂਸ ਤੇ ਆਰ.ਸੀ. ਬਣਵਾਉਣ ਲਈ ਜੈਤੋ ਵਿਖੇ ਲੋਕ ਹੋ ਰਹੇ ਨੇ ਖੱਜਲ-ਖੁਆਰ ਤਿੰਨ ਮਹੀਨੇ ਤੋਂ ਨਹੀਂ ਬਣ ਰਹੇ ਲੋਕਾਂ ਦੇ ਡਰਾਈਵਿੰਗ ਲਾਈਸੈਂਸ

ਪੰਜਾਬ ਦਾ ਖੁਲਾਸਾ

**ਜੈਤੋ, 27 ਨਵੰਬਰ (ਮਨਜੀਤ ਸਿੰਘ ਢੱਲਾ)**- ਪੰਜਾਬ ਸਰਕਾਰ ਨੇ ਟਰਾਂਸਪੋਰਟ ਵਿਭਾਗ ਨਾਲ ਸਬੰਧਤ ਕੰਮ ਆਨਲਾਈਨ ਨਵੇਂ ਡਰਾਈਵਿੰਗ ਲਾਇਸੈਂਸ ਅਤੇ ਮੋਟਰਸਾਈਕਲ ਤੇ ਗੱਡੀਆਂ ਦੀਆਂ ਆਰ.ਸੀ. ਰਜਿਸਟ੍ਰੇਸ਼ਨ ਅਤੇ ਪੱਕੇ ਡਰਾਈਵਿੰਗ ਲਾਇਸੈਂਸ ਰੀ- ਨਿਊ ਦਾ ਕੰਮ ਇਕੋ ਛੱਤ ਥੱਲੇ ਸ਼ੁਰੂ ਕਰ ਕੇ ਲੋਕਾਂ ਨੂੰ ਕੁਝ ਰਾਹਤ ਦਿੱਤੀ ਸੀ, ਜਿਸ ਨਾਲ ਸਬ-ਡਵੀਜ਼ਨ ਜੈਤੋ ਐਸ ਡੀ ਐਮ ਦਫ਼ਤਰ ਵਿਖੇ ਦੂਰ ਦੁਰਾਡੇ ਤੋਂ ਆਉਂਦੇ ਲੋਕਾਂ ਨੂੰ ਕੰਮ ਨਾ ਹੋਣ ਕਾਰਨ ਇੱਥੇ ਆਉਣ ਵਾਲੇ ਲੋਕਾਂ ਨੂੰ ਖੱਜਲ- ਖੁਆਰ ਹੋਣਾ ਪੈ ਰਿਹਾ ਹੈ। ਇਸ ਮੌਕੇ ਦਫ਼ਤਰ 'ਚ ਡਰਾਈਵਿੰਗ ਲਾਇਸੈਂਸ ਅਤੇ ਆਰ ਸੀ ਰਜਿਸਟ੍ਰੇਸ਼ਨ ਦਾ ਕੰਮ ਕਰਵਾਉਣ ਵਾਲੇ ਲੋਕਾਂ ਨੇ ਕਿਹਾ ਕਿ ਉਹ ਪਿਛਲੇ ਦੋ ਤਿੰਨ ਮਹੀਨਿਆਂ ਤੋਂ ਇੱਥੇ ਆਪਣਾ ਡਰਾਈਵਿੰਗ ਲਾਇਸੈਂਸ ਰੀ- ਨਿਊ ਤੇ ਮੋਟਰਸਾਈਕਲ ਦੀਆਂ ਕਾਪੀਆਂ ਤੇ ਲਾਰਨਿੰਗ ਲਾਇਸੈਂਸ ਬਨਾਉਣ ਲਈ ਆ ਰਹੇ ਹਨ ਤੇ ਇਸ ਸਬੰਧੀ ਉਨ੍ਹਾਂ ਨੂੰ ਦਫ਼ਤਰ ਦੇ ਕਰਮਚਾਰੀਆਂ ਵੱਲੋਂ ਇਹ ਕਹਿ ਮੋੜ ਦਿੱਤਾ ਜਾਂਦਾ ਹੈ ਕਿ ਐਸ ਡੀ ਐਮ ਸਾਹਿਬ ਦੀ ਆਈਡੀ ਨਹੀਂ ਬਣੀ, ਇਸ ਸਬੰਧੀ ਨਵੇਂ ਪੁਰਾਣੇ ਡਰਾਈਵਿੰਗ ਲਾਇਸੈਂਸ ਤੇ ਮੋਟਰਸਾਈਕਲ ਅਤੇ ਗੱਡੀਆਂ ਦੀ ਆਰ ਸੀ ਦੀਆਂ ਕਾਪੀਆਂ ਦੀ ਰਜਿਸਟ੍ਰੇਸ਼ਨ ਅਤੇ ਪੱਕੇ ਡਰਾਈਵਿੰਗ ਤੇ ਗੁੰਮ ਹੋਏ ਲਾਇਸੈਂਸ ਦਾ ਕੰਮ ਬੰਦ ਪਿਆ ਹੈ।ਜਦਕਿ ਸਮੇਂ ਸਿਰ ਸੁਵਿਧਾ ਨਾ ਮਿਲਣ ਕਾਰਨ ਲੋਕਾਂ ਨੂੰ ਖੱਜਲ ਖੁਆਰ ਹੋਣਾ ਪੈ ਰਿਹਾ ਹੈ। ਮੌਕੇ ਤੇ ਕੰਮ ਕਰਵਾਉਣ ਲਈ ਆਏ ਕੁਝ ਲੋਕਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿਛਲੇ ਦੋ -ਤਿੰਨ ਮਹੀਨਿਆਂ ਦੇ ਲਗਭਗ ਐਸ ਡੀ ਐਮ ਦਫ਼ਤਰ ਵਿੱਚ ਗੇੜੇ ਲਗਾ ਰਹੇ ਹਨ । ਇੱਥੇ ਦਫ਼ਤਰ ਵਿਖੇ ਕੰਮ ਨਾ ਹੋਣ ਕਾਰਨ ਲੋਕਾਂ ਦੀ ਪ੍ਰੇਸ਼ਾਨੀ ਤੇ ਖੱਜਲ-ਖੁਆਰੀ ਹੱਦੋਂ ਵਧ ਹੋਣ ਲੱਗ ਪਈ ਹੈ। ਇਸ ਕਾਰਨ ਜਿਥੇ ਲੋਕਾਂ ਨੂੰ ਲਾਇਸੈਂਸ ਲਈ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਥੇ ਹੀ ਟ੍ਰੈਫਿਕ ਪੁਲਿਸ ਮੁਲਾਜ਼ਮਾਂ ਤੋਂ ਆਪਣੀ ਡਿਊਟੀ ਨੂੰ ਨਿਭਾਉਂਦੇ ਹੋਏ ਬਿਨਾਂ ਲਾਈਸੈਂਸ ਤੇ ਆਰ ਸੀ ਨਾ ਹੋਣ ਕਾਰਨ ਇਨ੍ਹਾਂ ਲੋਕਾਂ ਦੇ ਸ਼ਹਿਰ ਵਿਚ ਚਲਾਨ ਕੱਟ ਕੇ ਮੋਟੇ ਪਾ ਦਿੱਤੇ ਜਾਂਦੇ ਹਨ ਅਤੇ ਮੁਲਜ਼ਮਾਂ ਦੀ ਗਲਤੀ ਦਾ ਹਰਜਾਨਾ ਲੋਕਾਂ ਆਪਣੀਆਂ ਜੇਬਾਂ ਵਿਚੋਂ ਜੁਰਮਾਨਾ ਭਰਨਾ ਪੈ ਰਿਹਾ ਹੈ, ਆਖ਼ਿਰ ਇਸ ਦਾ ਜ਼ਿੰਮੇਵਾਰ ਕੌਣ ਹੈ,, ? ਇਸ ਮੌਕੇ ਸਮਾਜ ਸੇਵੀ ਸੁਖਮੰਦਰ ਸਿੰਘ ਬੰਟੀ, ਅਭੀਜੀਤ ਸਿੰਘ, ਅਸ਼ੋਕ ਕੁਮਾਰ, ਮਨਦੀਪ ਕੁਮਾਰ ਅਰੋੜਾ ਆਦਿ ਨੇ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਡਿਪਟੀ ਕਮਿਸ਼ਨਰ ਫਰੀਦਕੋਟ ਤੋਂ ਮੰਗ ਕੀਤੀ ਕਿ ਡਰਾਈਵਿੰਗ ਲਾਇਸੈਂਸ ਅਤੇ ਮੋਟਰਸਾਈਕਲ ਅਤੇ ਗੱਡੀਆਂ ਦੀ ਰਜਿਸਟ੍ਰੇਸ਼ਨ ਦੀਆਂ ਕਾਪੀਆਂ ਨਾਲ ਸਬੰਧਤ ਸਾਰੇ ਕੰਮ ਪਹਿਲਾਂ ਦੀ ਤਰ੍ਹਾਂ ਕੀਤੇ ਜਾਣ ਤਾਂ ਜੋ ਲੋਕਾਂ ਨੂੰ ਪ੍ਰੇਸ਼ਾਨੀ ਅਤੇ ਖੱਜਲ-ਖੁਆਰੀ ਤੋਂ ਰਾਹਤ ਮਿਲ ਸਕੇ।ਇਸ ਸਬੰਧੀ ਜ਼ਿਲ੍ਹਾ ਫ਼ਰੀਦਕੋਟ ਦੇ ਡਿਪਟੀ ਕਮਿਸ਼ਨਰ ਵਿਨੀਤ ਕੁਮਾਰ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਇਹ ਗੱਲ ਮੈਨੂੰ ਮੀਡੀਆ ਤੋਂ ਪਤਾ ਚੱਲੀ ਹੈ ਕਿ ਇਸ ਸਮੱਸਿਆਂ ਦਾ ਜਲਦ ਹੀ ਹੱਲ ਕੀਤਾ ਜਾਵੇਗਾ ਅਤੇ ਜੈਤੋ ਐਸ ਡੀ ਐਮ ਸੂਰਜ ਕੁਮਾਰ ਨੂੰ ਜਲਦ ਕਹਿ ਡਰਾਈਵਿੰਗ ਲਾਇਸੈਂਸ ਤੇ ਆਰ ਸੀ ਰਜਿਸਟ੍ਰੇਸ਼ਨ ਦਾ ਕੰਮ ਚਾਲੂ ਕੀਤਾ ਜਾਵੇਗਾ।

# ਅਦਾਲਤੀ ਹੁਕਮਾਂ ਤਹਿਤ ਮਹਿਲਾ ਅਫਸਰ ਕਰਨ ਮੁਕੱਦਮੇ ਦੀ ਤਫਤੀਸ਼- ਸੰਘਰਸ਼ ਕਮੇਟੀ

## ਔਰਤਾਂ 'ਤੇ ਅੱਤਿਆਚਾਰਾਂ ਸੰਬਧੀ 32 ਮਹੀਨੇ ਤੋਂ ਥਾਣੇ ਮੂਹਰੇ ਧਰਨਾ ਜਾਰੀ !

ਪੰਜਾਬ ਦਾ ਖੁਲਾਸਾ

**ਚੰਡੀਗੜ੍ਹ, 27 ਨਵੰਬਰ ( ਜਸਵਿੰਦਰ ਸਿੰਘ ਡਾਂਗੀਆ )** ਕਥਿਤ ਥਾਣਾਮੁਖੀ ਅਤੇ ਏਐਸਆਈ ਵਲੋਂ ਮਾਤਾ ਸੁਰਿੰਦਰ ਕੌਰ, ਭੈਣ ਕੁਲਵੰਤ ਕੌਰ ਤੇ ਮਨਪ੍ਰੀਤ ਕੌਰ ਵਗੈਰਾ ਨੂੰ ਨਜਾਇਜ਼ ਹਿਰਾਸਤ ਵਿੱਚ ਰੱਖ ਕੇ ਤਸੀਹੇ ਦੇਣ ਸਬੰਧੀ ਦਰਜ ਮੁਕੱਦਮੇ ਦੀ ਤਫਤੀਸ਼ ਮਹਿਲਾ ਅਫਸਰਾਂ ਤੋਂ ਕਰਵਾਉਣ ਸਬੰਧੀ ਵਿਸ਼ੇਸ਼ ਅਦਾਲਤ ਵਲੋਂ ਜਾਰੀ ਕੀਤੇ ਹੁਕਮਾਂ ਦੇ ਹਵਾਲੇ 'ਚ ਧਰਨਾਕਾਰੀ ਜੱਥੇਬੰਦੀਆਂ ਨੇ ਡੀਜੀਪੀ ਅਤੇ ਪ੍ਰਮੁੱਖ ਸਕੱਤਰ ਗ੍ਰਹਿ ਮਾਮਲੇ ਤੇ ਨਿਆਂ ਵਿਭਾਗ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ "ਪੀੜਤ ਪਰਿਵਾਰ 32 ਮਹੀਨਿਆਂ ਤੋਂ ਨਿਆਂ ਦੀ ਆਸ ਵਿੱਚ ਥਾਣੇ ਮੂਹਰੇ ਧਰਨੇ 'ਤੇ ਬੈਠੇ ਪੀੜਤਾਂ ਨੂੰ ਨਿਆਂ ਦਿਵਾਉਣ ਹਿੱਤ ਮੁਕੱਦਮੇ ਦੀ ਤਫਤੀਸ਼ ਮਹਿਲਾ ਉੱਚ ਅਫ਼ਸਰਾਂ ਤੋਂ ਕਰਵਾਈ ਜਾਵੇ। ਪ੍ਰੈਸ ਨੂੰ ਜਾਰੀ ਬਿਆਨ ਵਿੱਚ ਮਜ਼ਦੂਰ ਸੰਘਰਸ਼ ਕਮੇਟੀ ਦੇ ਪ੍ਰਧਾਨ ਭਰਭੂਰ ਸਿੰਘ, ਸੀਟੂ ਆਗੂ ਨਿਰਮਲ ਸਿੰਘ ਧਾਲੀਵਾਲ ਅਤੇ ਇਕਬਾਲ ਸਿੰਘ ਰਸੂਲਪੁਰ ਨੇ ਕਿਹਾ ਕਿ ਲੰਘੇ ਹਫਤੇ ਅਨੁਸੂਚਿਤ ਜਾਤੀਆਂ ਦੇ ਮਾਮਲਿਆਂ ਦੀ ਸੁਣਵਾਈ ਲਈ ਬਣੀ ਵਿਸ਼ੇਸ਼ ਅਦਾਲਤ ਵਲੋਂ ਉਕਤ ਹੁਕਮ ਜਾਰੀ ਕੀਤੇ ਗਏ ਹਨ। ਜ਼ਿਕਰਯੋਗ ਹੈ ਕਿ ਦੋ ਅਨੁਸੂਚਿਤ ਜਾਤੀ ਪਰਿਵਾਰਾਂ 'ਤੇ ਕਥਿਤ ਥਾਣਾਮੁਖੀ ਵਲੋਂ ਨਜਾਇਜ਼ ਪੁਲਿਸ ਹਿਰਾਸਤ ਵਿੱਚ ਤੀਜੇ ਦਰਜੇ ਦੇ "ਅੱਤਿਆਚਾਰਾਂ" ਕੀਤੇ ਸਨ ਅਤੇ ਉੱਚ ਪੱਧਰੀ ਪੜਤਾਲ ਰਿਪੋਰਟਾਂ ਦੇ ਅਧਾਰ ਤੇ ਕੌਮੀ ਅਨੁਸੂਚਿਤ ਜਾਤੀਆਂ ਕਮਿਸ਼ਨ ਵਲੋਂ ਦੋਸ਼ੀਆਂ ਖਿਲਾਫ ਮੁਕੱਦਮਾ ਦਰਜ ਕਰਨ ਦੇ ਆਦੇਸ਼ ਦਿੱਤੇ ਸਨ ਪਰ ਮੁਕਾਮੀ ਪੁਲਿਸ ਨੇ ਪੀੜਤਾਂ ਕੁਲਵੰਤ ਕੌਰ ਦੀ ਮੌਤ ਤੋਂ ਬਾਅਦ ਮੁਕੱਦਮਾ ਦਰਜ ਕੀਤਾ ਸੀ। ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਤਰਲੋਚਨ ਸਿੰਘ ਝੋਰੜਾਂ, ਜ਼ਿਲ੍ਹਾ ਸਕੱਤਰ ਸਾਧੂ ਸਿੰਘ ਅੱਚਰਵਾਲ, ਦਸਮੇਸ਼ ਕਿਸਾਨ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਗੁਰਦਿਆਲ ਸਿੰਘ ਤਲਵੰਡੀ ਤੇ ਸਕੱਤਰ ਜਸਦੇਵ ਸਿੰਘ ਲਲਤੋਂ ਨੇ ਕਿਹਾ ਕਿ ਪੀੜਤ ਪਰਿਵਾਰ ਬਣਦਾ ਮੁਆਵਜਾ ਲੈਣ ਅਤੇ ਦੋਸ਼ੀਆਂ ਸਜ਼ਾਵਾਂ ਦਿਵਾਉਣ ਲਈ ਲੰਘੀ 23 ਮਾਰਚ 2022 ਤੋਂ ਥਾਣੇ ਮੂਹਰੇ ਧਰਨੇ 'ਤੇ ਬੈਠੇ ਹਨ ਪਰ ਮੌਜੂਦਾ ਸਰਕਾਰ ਪੀੜਤਾਂ ਦੀ ਕੋਈ ਸੁਣਵਾਈ ਨਹੀਂ ਕਰ ਰਹੀ। ਉਨਾਂ ਕਿਹਾ ਕਿ ਮੌਜੂਦਾ ਸਰਕਾਰ ਦਾ ਬੇੜਾ ਗ਼ਰਕ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਵਲੋਂ ਪੀੜ੍ਹਤਾਂ ਤੇ ਜਾਤੀ ਵਿੱਤਕਰੇ ਦੀ ਪੁਸ਼ਟੀ ਕਰਦੀ ਰਿਪੋਰਟ ਪੰਜਾਬ ਸਰਕਾਰ ਨੂੰ ਭੇਜਣ ਦੇ ਬਾਵਜੂਦ ਅਧਿਕਾਰੀਆਂ ਦੇ ਕੰਨ ਜੂੰ ਨਹੀਂ ਸਰਕੀ। ਆਗੂਆਂ ਨੇ ਦੋਸ਼ ਲਗਾਇਆ ਕਿ ਅੱਤਿਆਚਾਰਾਂ ਦੇ ਇਸ ਮਾਮਲੇ ਵਿੱਚ ਇੱਕ ਆਈ. ਬੀ. ਦਾ ਜੋਆਇੰਟ ਡਾਇਰੈਕਟਰ, ਇੱਕ ਸੇਵਾਮੁਕਤ ਡੀਐਸਪੀ, ਇੱਕ ਮੌਜੂਦਾ ਡੀਐਸਪੀ, ਇੱਕ ਸਾਬਕਾ ਥਾਣਾਮੁਖੀ, ਇੱਕ ਥਾਣੇਦਾਰ ਅਤੇ ਪੰਚ-ਸਰਪੰਚ ਆਦਿ ਸ਼ਾਮਲ ਹਨ ਜਿਨ੍ਹਾਂ ਖਿਲਾਫ ਡੀਜੀਪੀ/ਇੰਟੈਲੀਜੈਂਸ, ਡੀਜੀਪੀ/ਐਚਆਰ ਦੀਆਂ ਪੜਤਾਲੀਆ ਰਿਪੋਰਟਾਂ ਅਤੇ ਗ੍ਰਹਿ ਮਾਮਲੇ ਤੇ ਨਿਆਂ ਵਿਭਾਗ ਦੇ ਆਦੇਸ਼ਾਂ ਦੇ ਬਾਵਜੂਦ ਬਣਦੀ ਕਾਨੂੰਨੀ ਕਾਰਵਾਈ ਨਾਂ ਕਰਕੇ ਪੁਲਿਸ ਅਧਿਕਾਰੀਆਂ ਨੇ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਹਨ। ਇਸ ਸਮੇਂ ਹਰੀ ਸਿੰਘ ਚਚਰਾੜੀ, ਹਰਵਿੰਦਰ, ਬਲਦੇਵ ਜਗਰਾਓਂ ਆਦਿ ਹਾਜ਼ਰ ਸਨ।




# ਐਸਐਚਓ ਨਰਿੰਦਰ ਸਿੰਘ ਥਾਣਾ ਹਠੂਰ ਦੇ ਮੁੱਖ ਅਫਸਰ ਵਜੋਂ ਨਿਯੁਕਤ

ਪੰਜਾਬ ਦਾ ਖੁਲਾਸਾ

**ਜਗਰਾਉਂ, 27 ਨਵੰਬਰ (ਜਸਵਿੰਦਰ ਸਿੰਘ ਡਾਂਗੀਆ)** :- ਪੁਲਿਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਐਸਐਸਪੀ ਨਵਨੀਤ ਸਿੰਘ ਬੈਂਸ ਵੱਲੋਂ ਕੀਤੀਆਂ ਗਈਆਂ ਬਦਲੀਆਂ ਦੇ ਤਹਿਤ ਐਸਐਚਓ ਨਰਿੰਦਰ ਸਿੰਘ ਨੂੰ ਥਾਣਾ ਹਠੂਰ ਦੇ ਮੁੱਖ ਅਫਸਰ ਵਜੋਂ ਨਿਯੁਕਤ ਕੀਤਾ । ਐਸਐਚ ਓ ਨਰਿੰਦਰ ਸਿੰਘ ਪਹਿਲਾ ਸਿੱਧਵਾਂ ਬੇਟ ਵੀ ਆਪਣੀ ਡਿਊਟੀ ਨਿਭਾ ਚੁੱਕੇ ਹਨ। ਐਸਐਚ ਓ ਨਰਿੰਦਰ ਸਿੰਘ ਬਹੁਤ ਹੀ ਕਾਬਿਲ ਅਤੇ ਇਮਾਨਦਾਰ ਅਫਸਰ ਹਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਸਐਚ ਓ ਨਰਿੰਦਰ ਸਿੰਘ ਨੇ ਕਿਹਾ ਕਿ ਇਲਾਕੇ ਵਿੱਚ ਕਿਸੇ ਵੀ ਤਰ੍ਹਾਂ ਦੇ ਨਸ਼ੇ ਦੇ ਕਾਰੋਬਾਰ ਕਰਨ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ। ਉਹਨਾਂ ਨੇ ਚੇਤਾਵਨੀ ਦਿੰਦਿਆਂ ਹੋਇਆਂ ਕਿਹਾ ਕਿ ਜੇਕਰ ਕੋਈ ਵੀ ਨਸ਼ਾ ਵੇਚਦਾ ਜਾਂ ਕਰਦਾ ਫੜਿਆ ਗਿਆ ਉਸ ਉਪਰ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਪਬਲਿਕ ਨੂੰ ਥਾਣੇ ਵਿੱਚ ਉਹਨਾਂ ਦਾ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ। ਉਨਾਂ ਪਬਲਿਕ ਤੋਂ ਸਹਿਯੋਗ ਦੀ ਮੰਗ ਕੀਤੀ ਕਿ ਪਬਲਿਕ ਦੇ ਸਹਿਯੋਗ ਨਾਲ ਹੀ ਏਰੀਏ ਵਿੱਚੋਂ ਕ੍ਰਾਈਮ ਦਾ ਖਾਤਮਾ ਹੋ ਸਕਦਾ ਹੈ। ?ਨ੍ਹਾਂ ਕਿਹਾ ਕਿ ਪੁਲਿਸ ਨੂੰ ਸੱਚੀ ਇਤਲਾਅ ਦਿੱਤੀ ਜਾਵੇ ਤਾ ਜੋ ਇਨਸਾਫ ਦੀ ਉਮੀਦ ਲੈ ਕੇ ਆਏ ਲੋਕਾਂ ਨੂੰ ਸਮੇਂ ਸਿਰ ਇਨਸਾਫ ਮਿਲ ਸਕੇ।



# ਸ਼ੋਰ ਪ੍ਰਦੂਸ਼ਣ ਤੋਂ ਲੋਕ ਡਾਢੇ ਦੁਖੀ ਟਰੈਕਟਰਾਂ ਤੇ ਵੱਜਦੇ ਉੱਚੀ ਆਵਾਜ਼ ਵਿੱਚ ਅਸ਼ਲੀਲ ਗੀਤ ਲੋਕਾਂ ਨੂੰ ਕਰ ਰਹੇ ਪਰੇਸ਼ਾਨ

ਪੰਜਾਬ ਦਾ ਖੁਲਾਸਾ

**ਮਾਛੀਵਾੜਾ ਸਾਹਿਬ, 27 ਨਵੰਬਰ (ਸੁੱਚਾ ਬੰਗੜ)**-ਵਾਤਾਵਰਨ ਪ੍ਰਦੂਸ਼ਣ ਵਿੱਚ ਸਭ ਤੋਂ ਵੱਡਾ ਕਾਰਨ ਧੂੰਏਂ ਨੂੰ ਮੰਨਿਆ ਜਾਂਦਾ ਹੈ ਜੋ ਫੈਕਟਰੀਆਂ ਦੀਆਂ ਚਿੱਮਨੀਆਂ ਦਾ ਜਾਂ ਖੇਤਾਂ ਵਿੱਚ ਜਲਾਈ ਜਾਂਦੀ ਪਰਾਲੀ ਦਾ ਹੋ ਸਕਦਾ, ਜਿਸ ਵਿੱਚ ਫੈਕਟਰੀ ਮਾਲਕਾਂ ਦੀਆਂ ਕੁਝ ਮਜਬੂਰੀਆਂ ਹੋ ਸਕਦੀਆਂ ਜਾਂ ਖੇਤਾਂ ਵਿੱਚ ਪਰਾਲੀ ਜਲਾਉਣ ਲਈ ਕਿਸਾਨਾਂ ਦੀਆਂ ਕੁਝ ਸਮੱਸਿਆਵਾਂ ਹੋ ਸਕਦੀਆਂ ।ਪਰ ਸ਼ਰੇਆਮ ਬਾਜ਼ਾਰਾਂ ਦੇ ਵਿੱਚ, ਸੜਕਾਂ ਦੇ ਉੱਤੇ ਟਰੈਕਟਰਾਂ ਦੇ ਲਗਾਏ ਗਏ ਵੱਡੇ ਵੱਡੇ ਬਕਸੇ ਜੋ ਕੰਨ ਪਾੜਵਾਂ ਸ਼ੋਰ ਪ੍ਰਦੂਸ਼ਣ ਕਰਦੇ ਹਨ ਉਹਨਾਂ ਨੂੰ ਲਗਾਉਣਾ ਤਾਂ ਕਿਸੇ ਦੀ ਕੋਈ ਮਜਬੂਰੀ ਨਹੀਂ ਹੋ ਸਕਦੀ ਤੇ ਰਸਤੇ ਵਿੱਚ ਚੱਲਦਿਆਂ ਕੋਈ ਬਿਮਾਰ ,ਬਜ਼ੁਰਗ ,ਬੱਚਾ ਇਹਨਾਂ ਕੰਨ ਪਾੜਵੇਂ ਸ਼ੋਰ ਤੋ ਕਿੰਨਾ ਪਰੇਸ਼ਾਨ ਹੋ ਸਕਦਾ ਇਹ ਸ਼ੋਰ ਪ੍ਰਦੂਸ਼ਣ ਫੈਲਾਉਣ ਵਾਲਿਆਂ ਦੇ ਸ਼ਾਇਦ ਚਿਤ ਚੇਤੇ ਵੀ ਨਹੀਂ ਹੁੰਦਾ। ਅਕਸਰ ਦੇਖਿਆ ਗਿਆ ਕਿ ਟਰੈਕਟਰਾਂ ਦੇ ਜਿਆਦਾਤਰ ਚਾਲਕ ਰੱਖੇ ਹੋਏ ਬਿਹਾਰੀ ਮਜ਼ਦੂਰ ਹੁੰਦੇ ਹਨ ਜੋ ਉੱਚੀ ਆਵਾਜ਼ ਦੇ ਵਿੱਚ ਡੈਕ ਟੇਪਾਂ ਲਗਾ ਕੇ ਸੜਕਾਂ ਤੋਂ ਲੰਘਦੇ ਹਨ ਤੇ ਆਲੇ ਦੁਆਲੇ ਦੀ ਉਹਨਾਂ ਨੂੰ ਕੋਈ ਖਬਰ ਵੀ ਨਹੀਂ ਹੁੰਦੀ ।ਪਿੱਛੇ ਸਾਈਡ ਲੈਣ ਲਈ ਕੋਈ ਹਾਰਨ ਵਜਾਂਦਾ ਰਹੇ ਪਰ ਉਹਨਾਂ ਨੂੰ ਜੇਕਰ ਹਾਰਨ ਸੁਣਦਾ ਹੋਵੇ ਤਾਂ ਉਹ ਸਾਈਡ ਦੇਣ ।ਉਹ ਆਪਣੀ ਮਨ ਮਰਜ਼ੀ ਨਾਲ ਮਸਤੀ ਕਰਦੇ ਹੋਏ ਰੋਡ ਤੇ ਉੱਚੀ ਉੱਚੀ ਆਵਾਜ਼ਾਂ ਵਿੱਚ ਗੀਤ ਲਾ ਕੇ ਚਲਦੇ ਹੋਏ ਟਰੈਕਟਰਾਂ ਨੂੰ ਘੁਮਾਉਂਦੇ ਹੋਏ ਪੂਰੀ ਮਸਤੀ ਨਾਲ ਆਪਣੀ ਮਰਜ਼ੀ ਨਾਲ ਅੱਗੇ ਵੱਧਦੇ ਹਨ। ਜੇਕਰ ਜਾਂਦੇ ਹੋਏ ਰਾਹਗੀਰ ਇਹਨਾਂ ਨੂੰ ਆਵਾਜ਼ ਘੱਟ ਕਰਨ ਜਾਂ ਬੰਦ ਕਰਨ ਲਈ ਕਹਿੰਦੇ ਹਨ ਤਾਂ ਇਹ ਅੱਗੋਂ ਝਗੜਾ ਕਰ ਲਈ ਉਤਾਵਲੇ ਹੋ ਜਾਂਦੇ ਤੇ ਜਿਨਾਂ ਦਾ ਸਾਥ ਵੀ ਸਾਡੇ ਹੀ ਲੋਕ ਦਿੰਦੇ।ਲੋਕਾਂ ਦੀ ਪ੍ਰਸ਼ਾਸਨ ਨੂੰ ਪੁਰਜ਼ੋਰ ਅਪੀਲ ਹੈ ਕਿ ਇਹਨਾਂ ਕੰਨ ਪਾੜਵੇਂ ਸ਼ੋਰ ਪ੍ਰਦੂਸ਼ਣ ਤੋਂ ਲੋਕਾਂ ਨੂੰ ਨਿਜਾਤ ਦਵਾਈ ਜਾਵੇ ਤੇ ਇਹਨਾਂ ਵੱਡੇ ਵੱਡੇ ਬਕਸਿਆਂ ਨੂੰ ਟਰੈਕਟਰਾਂ ਤੋਂ ਲਹਾਕੇ ਵਾਤਾਵਰਣ ਨੂੰ ਸ਼ੋਰ ਮੁਕਤ ਕੀਤਾ ਜਾਵੇ।

# ਦਸਮੇਸ਼ ਸਕੂਲ ਦੇ ਵਲੰਟੀਅਰਾਂ ਨੇ ਮਨਾਇਆ ਸੰਵਿਧਾਨ ਦਿਵਸ

ਪੰਜਾਬ ਦਾ ਖੁਲਾਸਾ

**ਬੱਧਨੀ ਕਲਾਂ, 27 ਨਵੰਬਰ (ਪ ਪ)** -- ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਜ਼ਿਲ੍ਹਾ ਮੋਗਾ ਦਵਿੰਦਰ ਸਿੰਘ ਲੋਟੇ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਭਾਈ ਘਨ੍ਹੱਈਆ ਕੌਮੀ ਸੇਵਾ ਯੋਜਨਾ ਯੂਨਿਟ ਦਸਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬਿਲਾਸਪੁਰ ਵੱਲੋਂ ਰਾਸ਼ਟਰੀ ਸੰਵਿਧਾਨ ਦਿਵਸ ਉਤਸ਼ਾਹ ਪੂਰਬਕ ਮਨਾਇਆ ਗਿਆ। ਇਸ ਦੀ ਅਰੰਭਤਾ ਕਰਦਿਆਂ ਪ੍ਰੋਗਰਾਮ ਅਫ਼ਸਰ ਗੁਰਚਰਨ ਸਿੰਘ ਰਾਮਾਂ ਨੇ ਕਿਹਾ ਕਿ ਹਰ ਪ੍ਰਭੂਸੱਤਾ ਸੰਪੰਨ ਦੇਸ਼ ਦਾ ਆਪਣਾ ਸੰਵਿਧਾਨ ਹੁੰਦਾ ਹੈ। ਇਵੇਂ ਸਾਡੇ ਦੇਸ਼ ਦਾ ਵੀ ਆਪਣਾ ਲਿਖਤੀ, ਵਿਸ਼ਾਲ ਤੇ ਵਿਲੱਖਣ ਸੰਵਿਧਾਨ ਹੈ। ਵਾਈਸ ਪ੍ਰਿੰਸੀਪਲ ਮੈਡਮ ਮੀਨਾ ਜੈਨ, ਮੈਡਮ ਪੁਸ਼ਪਾ ਦੇਵੀ ਅਤੇ ਗੁਰਵਿੰਦਰ ਕੌਰ ਨੇ ਅਜ਼ਾਦ ਦੇਸ਼ ਵਿੱਚ ਸੰਵਿਧਾਨ ਦੀ ਮਹੱਤਤਾ ਤੇ ਰੌਸ਼ਨੀ ਪਾਉਂਦਿਆਂ ਭਾਰਤ ਦੇ ਸੰਵਿਧਾਨ ਦੀਆਂ ਵਿਸ਼ੇਸ਼ਤਾਵਾਂ ਬਾਰੇ ਵਿਸਥਾਰਤ ਰੌਸ਼ਨੀ ਪਾਈ। ਵੱਖ-ਵੱਖ ਵਲੰਟੀਅਰਾਂ ਨੇ ਸੰਵਿਧਾਨ ਦੇ ਵੱਖ ਵੱਖ ਪਹਿਲੂਆਂ ਬਾਰੇ ਵਿਚਾਰ ਰੱਖੇ।



## ਬੁਲਾਰਿਆਂ ਨੇ ਸੰਵਿਧਾਨ ਦੀ ਮਹੱਤਤਾ ਬਾਰੇ ਪਾਈ ਰੌਸ਼ਨੀ

ਪ੍ਰਿੰਸੀਪਲ ਮਹਿੰਦਰ ਕੌਰ ਢਿੱਲੋਂ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਸਾਡੇ ਸੰਵਿਧਾਨ ਨੇ ਸਾਨੂੰ ਬਹੁਤ ਸਾਰੇ ਅਧਿਕਾਰ ਦਿੱਤੇ ਹਨ। ਪਰ ਸਾਨੂੰ ਨਾਗਰਿਕਾਂ ਨੂੰ ਫ਼ਰਜ਼ਾਂ ਦੀ ਪਾਲਣਾ ਪ੍ਰਤੀ ਵੀ ਸੁਚੇਤ ਹੋਣਾ ਚਾਹੀਦਾ ਹੈ। ਬਾਨੀ ਪ੍ਰਿੰਸੀਪਲ ਭੁਪਿੰਦਰ ਸਿੰਘ ਢਿੱਲੋਂ ਨੇ ਦੱਸਿਆ ਕਿ ਸਾਡੇ ਦੇਸ਼ ਦਾ ਸੰਵਿਧਾਨ 26 ਨਵੰਬਰ 1949 ਨੂੰ ਤਿਆਰ ਹੋ ਗਿਆ ਸੀ ਜਿਸ ਨੂੰ 26 ਜਨਵਰੀ 1950 ਨੂੰ ਲਾਗੂ ਕੀਤਾ ਗਿਆ। ਇਸੇ ਕਾਰਨ ਹੀ ਇਸ ਦਿਨ ਨੂੰ ਭਾਰਤ ਭਰ 'ਚ ਗਣਤੰਤਰ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸ ਸਮੇਂ ਹਰਪ੍ਰੀਤ ਕੌਰ, ਮਨਪ੍ਰੀਤ ਕੌਰ, ਰੁਪਿੰਦਰ ਕੌਰ, ਸੁਨਿਧੀ ਮਿੱਤਲ, ਜਗਦੇਵ ਸਿੰਘ ਧਾਲੀਵਾਲ, ਜਸਪ੍ਰੀਤ ਸਿੰਘ ਤੇ ਅਰਵਿੰਦਰ ਸਿੰਘ ਆਦਿ ਨੇ ਵੀ ਵਿਚਾਰ ਪੇਸ਼ ਕੀਤੇ।

## 30 ਨੂੰ ਰਿਟਾਇਰਮੈਂਟ ਤੇ ਵਿਸ਼ੇਸ਼

# ਕਾਂਸਟੇਬਲ ਤੋਂ ਡੀ ਐਸ ਪੀ ਤੱਕ ਦਾ ਸ.ਫਰ- ਫੌਜੀ ਰਾਮ ਧਰਸੌਤ, ਹਰਨਾਮ ਸਿੰਘ ਵਾਲਾ

ਫੌਜੀ ਰਾਮ ਧਰਸੌਤ ਦੀ, ਜੀਵਨੀ ਵਾਰੇ ਲਿਖਦਿਆਂ ਬੜਾ ਫ਼ਖਰ ਮਹਿਸੂਸ ਕਰਦੇ ਹਾਂ ਕਿ ਸਮਾਜ ਦੇ ਵਿੱਚ ਇਸ ਤਰ੍ਹਾਂ ਦੀਆਂ ਸ਼ਖ਼ਸੀਅਤਾਂ ਬਹੁਤ ਘੱਟ ਨੇ, ਜੇਕਰ ਆਪਾਂ ਫੌਜੀ ਰਾਮ ਧਰਮਸੋਤ,ਜੀ ਦੀ, ਗੱਲ ਕਰੀਏ, ਧਰਮਸੋਤ ਨੇ 11 ਨਵੰਬਰ 1988 ਵਿਚ, ਬਤੌਰ ਕਾਂਸਟੇਬਲ ਪੰਜਾਬ ਪੁਲਿਸ ਵਿਚ ਭਰਤੀ ਹੋਏ! ਸਾਧਾਰਨ ਪਰਿਵਾਰ ਵਿੱਚੋਂ ਉੱਠ ਕੇ ਆਪਣੀ ਸਾਰੀ ਸਰਵਿਸ ਇਮਾਨਦਾਰੀ ਨਾਲ ਨਿਭਾਈ ! ਇੰਨਾਂ ਨੇ ਜਿੱਥੇ ਵੀ ਸੇਵਾ ਨਿਭਾਈ ਆਪਣੇ ਰੁਤਬੇ ਨੂੰ ਕਾਇਮ ਰੱਖਦੇ ਹੋਏ,ਸਾਫ ਸੁਥਰੀ, ਬਿਨਾਂ ਕਿਸੇ ਰਿਸ਼ਵਤ ਦੇ ਨਿਭਾਈ ! ਧਰਮਸੋਤ ਆਪ ਉਂਝ ਬੜੇ ਮਿਲਾਪੜੇ ਸੁਭਾਅ ਦੇ ਨੇ, ਉਹਨਾਂ ਨੂੰ ਅਕਸਰ ਮਿਲਦੇ ਰਹਿੰਦੇ ਹਾਂ, ਉਹਨਾਂ ਨੇ ਆਪਣੀ, ਡਿਊਟੀ ਦਾ ਵਿਖਾਵਾ ਨਹੀਂ ਕੀਤਾ, ਇਨ੍ਹਾਂ ਦੀ ਇਮਾਨਦਾਰੀ ਨੂੰ ਦੇਖ ਕੇ, ਸਰਕਾਰ ਨੇ ਇਹਨਾਂ ਵਾਰੀ ਵਾਰੀ ਪਦ ਉਨਤ ਕੀਤਾ, ਅੱਜ ਕੱਲ੍ਹ ਧਰਮਸੋਤ ਸਾਹਬ, ਫਿਰੋਜ਼ਪੁਰ ਵਿਖੇ, ਬਤੌਰ ਡੀ ਐਸ ਪੀ,



ਤਾਇਨਾਤ ਨੇ,, ਜਿਵੇਂ ਕਿ ਸਾਡੇ ਸਮਾਜ ਵਿਚ ਹੋਰ ਵੀ ਬਹੁਤ ਅਫਸਰ ਨੇ, ਜੇਕਰ ਆਪਾਂ ਗੱਲ ਕਰੀਏ, ਇਹਨਾਂ ਤੋਂ ਪਹਿਲਾਂ,ਹੰਸ ਰਾਜ ਲਾਲਕਾ ,ਐਸ ਪੀ, ਅਮਰਜੀਤ ਸਿੰਘ ਲਾਲਕਾ ਡੀ ਐਸ ਪੀ ਨੇ ਹੋਰ ਵੀ ਨੇ, ਜਿਨ੍ਹਾਂ ਨੇ ਸਮਾਜ ਦਾ ਨਾਂ ਰੌਸ਼ਨ ਕੀਤਾ ! ਇੰਨਾਂ ਬਾਰੇ ਹੋਰ ਗੱਲ ਕਰਦਿਆਂ ਭੂਰਾ ਸਿੰਘ ਢੋਲੂਕਾ ਤੇ ਸਾਬਕਾ ਸਰਪੰਚ ਬਲਵੀਰ ਸਿੰਘ ਨੇ ਦੱਸਿਆ ਕਿ ਉਨਾਂ ਨੇ ਬਹੁਤ ਵਾਰੀ ਆਪਣੇ ਜਾਇਜ਼ ਕੰਮ ਇਹਨਾਂ ਤੋਂ ਫੋਨ ਤੇ ਕਰਵਾਏ ਨੇ,ਖਾਸ ਕਰਕੇ ਆਪਣੀ ਬਰਾਦਰੀ ਦਾ ਬਹੁਤ ਖਿਆਲ ਰੱਖਦੇ, ਇਸੇ ਤਰ੍ਹਾਂ ਫੌਜੀ ਰਾਮ ਧਰਸੌਤ ਜੀ,ਹੋਰਾਂ ਨੇ ਸਮਾਜ ਵਿੱਚ, ਅਪਣਾ ਨਾਮ ਬਣਾਇਆ, ਇੱਕ ਕਾਂਸਟੇਬਲ ਤੋਂ ਡੀ ਐਸ ਪੀ ਤੱਕ ਦਾ ਸਫ਼ਰ, ਬਹੁਤ ਵੱਡੀ ਪ੍ਰਾਪਤੀ ਹੈ,ਖਾਸ ਕਰਕੇ , ਬਠਿੰਡੇ ਜਿਲ੍ਹੇ ਵਿਚ ਪਹਿਲੇ ਅਫਸਰ ਨੇ, ਜਿੰਨਾ ਦੀ,30 ਨਵੰਬਰ ਨੂੰ ਰਿਟਾਇਰਮੈਂਟ ਹੈ ! ਅਜਿਹੇ ਅਫਸਰਾਂ ਨੂੰ ਸਲੂਟ ਕਰਨਾ ਬਣਦਾ ਹੈ!

**ਜਸਵੰਤ ਦਰਦ ਪ੍ਰੀਤ ਬਠਿੰਡਾ**
98729-22212

# ਹੈਲਪ ਏਜ ਇੰਡੀਆ ਅਤੇ ਐਸਬੀਆਈ ਫਾਊਂਡੇਸ਼ਨ ਸੰਜੀਵਨੀ ਕਲੀਨਿਕ ਆਨ ਵ੍ਹੀਲ ਐਮਐਚਯੂ ਮੋਗਾ ਤੋਂ ਜਾਗਰੂਕਤਾ ਸੈਸ਼ਨ ਆਯੋਜਿਤ ਕੀਤਾ ਗਿਆ

✤ ਪੰਜਾਬ ਦਾ ਖੁਲਾਸਾ

**ਫਿਰੋਜ਼ਪੁਰ, 27 ਨਵੰਬਰ (ਅਸ਼ੋਕ ਭਾਰਦਵਾਜ)** ਹੈਲਪ




ਏਜ ਇੰਡੀਆ ਅਤੇ ਐਸਬੀਆਈ ਫਾਊਂਡੇਸ਼ਨ ਸੰਜੀਵਨੀ ਕਲੀਨਿਕ ਆਨ ਵ੍ਹੀਲ ਐਮਐਚਯੂ ਮੋਗਾ ਤੋਂ ਜਾਗਰੂਕਤਾ ਸੈਸ਼ਨ ਆਯੋਜਿਤ ਕੀਤਾ ਗਿਆ ਜਿਸ ਵਿੱਚ ਰਿਸੋਰਸ ਪਰਸਨ ਡਾ ਜੋਸ਼ੁਆ ਸ਼ਾਮਲ ਸਨ, ਲਗਭਗ 60 ਲੋਕਾਂ ਨੇ ਹਿੱਸਾ ਲਿਆ। ਡਾ. ਜੋਸ਼ੁਆ ਨੇ ਦਸਿਆ ਕੀ ਹਾਈ ਬਲੱਡ ਪ੍ਰੈਸ਼ਰ ਇੱਕ ਆਮ ਅਵਸਥਾ ਹੈ ਜੋ ਸਰੀਰ ਦੀਆਂ ਧਮਣੀਆਂ ਨੂੰ ਪ੍ਰਭਾਵਿਤ ਕਰਦੀ ਹੈ। ਇਸ ਨੂੰ ਹਾਈਪਰਟੈਨਸ਼ਨ ਵੀ ਕਿਹਾ ਜਾਂਦਾ ਹੈ। ਜੇ ਤੁਹਾਨੂੰ ਹਾਈ ਬਲੱਡ ਪ੍ਰੈਸ਼ਰ ਹੈ, ਤਾਂ ਧਮਣੀ ਦੀਆਂ ਕੰਧਾਂ ਦੇ ਵਿਰੁੱਧ ਧੱਕਣ ਵਾਲੇ ਖੂਨ ਦੀ ਤਾਕਤ ਲਗਾਤਾਰ ਬਹੁਤ ਜ਼ਿਆਦਾ ਹੁੰਦੀ ਹੈ. ਖੂਨ ਨੂੰ ਪੰਪ ਕਰਨ ਲਈ ਦਿਲ ਨੂੰ ਵਧੇਰੇ ਮਿਹਨਤ ਕਰਨੀ ਪੈਂਦੀ ਹੈ। ਆਮ ਬਲੱਡ ਪ੍ਰੈਸ਼ਰ। ਬਲੱਡ ਪ੍ਰੈਸ਼ਰ 120/80 ✡✡ 8✧ ਤੋਂ ਘੱਟ ਹੁੰਦਾ ਹੈ। 180/120 ✡✡ 8✧ ਤੋਂ ਵੱਧ ਬਲੱਡ ਪ੍ਰੈਸ਼ਰ ਨੂੰ ਹਾਈਪਰਟੈਨਸਿਵ ਐਮਰਜੈਂਸੀ ਜਾਂ ਸੰਕਟ ਮੰਨਿਆ ਜਾਂਦਾ ਹੈ। ਇਹਨਾਂ ਬਲੱਡ ਪ੍ਰੈਸ਼ਰ ਨੰਬਰਾਂ ਵਾਲੇ ਕਿਸੇ ਵੀ ਵਿਅਕਤੀ ਵਾਸਤੇ ਐਮਰਜੈਂਸੀ ਡਾਕਟਰੀ ਸਹਾਇਤਾ ਲਓ। ਐਸ.ਪੀ.ਓ. ਸੁਨੀਲ ਕੁਮਾਰ ਨੇ ਹੈਲਪ ਏਜ ਇੰਡੀਆ ਅਤੇ ਐਸਬੀਆਈ ਫਾਊਂਡੇਸ਼ਨ ਸੰਜੀਵਨੀ ਕਲੀਨਿਕ ਆਨ ਵ੍ਹੀਲਜ਼ ਵੱਲੋਂ ਰਿਸੋਰਸ ਪਰਸਨ ਦਾ ਧੰਨਵਾਦ ਕੀਤਾ ਅਤੇ ਲੋਕਾਂ ਨੂੰ ਰਿਫਰੈਸ਼ਮੈਂਟ ਦਿੱਤੀ।

# ਬਾਸਮਤੀ ਵਾਲੇ ਖੇਤਾਂ ਵਿਚ ਕਣਕ ਦੀ ਬਿਜਾਈ ਤੋਂ ਪਹਿਲਾਂ ਕੀਟਨਾਸ਼ਕਾਂ ਨਾਲ ਬੀਜ ਨੂੰ ਸੋਧਣਾ ਜ਼ਰੂਰੀ

✤ ਪੰਜਾਬ ਦਾ ਖੁਲਾਸਾ

**ਫਰੀਦਕੋਟ, 27 ਨਵੰਬਰ (ਗੁਰਦੀਪ ਸਿੰਘ ਢਿੱਲੋਂ)** ਬਹੁਤਾਤ ਰਕਬੇ ਵਿੱਚ ਕਣਕ ਦੀ ਬਿਜਾਈ ਸੁਪਰ/ਹੈਪੀ , ਸਮਾਰਟ ਜਾਂ ਸਰਫੇਸ ਸੀਡਰ ਨਾਲ ਕੀਤੀ ਜਾਂਦੀ ਹੈ ਅਤੇ ਵੱਧ ਤਾਪਮਾਨ ਹੋਣ ਕਾਰਨ ਅਗੇਤੀ ਕਣਕ ਦੀ ਫ਼ਸਲ ਉੱਪਰ ਸੈਨਿਕ ਸੁੰਡੀ ਅਤੇ ਗੁਲਾਬੀ ਸੁੰਡੀ ਦਾ ਹਮਲਾ ਦੇਖਿਆ ਗਿਆ ਹੈ ਜਿਸ ਕਾਰਨ ਕਣਕ ਦੀ ਫ਼ਸਲ ਦਾ ਨਿਰੰਤਰ ਨਿਰੀਖਣ ਕਰਨ ਦੀ ਜ਼ਰੂਰਤ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪਿੰਡ ਬੁਰਜ ਮਸਤਾਂ ਬਲਾਕ ਫ਼ਰੀਦਕੋਟ ਵਿੱਚ ਸਰਪੰਚ ਸੁਖਮੰਦਰ ਸਿੰਘ ਦੇ ਖੇਤਾਂ ਵਿਚ ਕਿਸਾਨਾਂ ਨੂੰ ਕਣਕ ਦੀ ਫ਼ਸਲ ਉੱਪਰ ਗੁਲਾਬੀ ਸੁੰਡੀ ਅਤੇ ਸੈਨਿਕ ਸੁੰਡੀ ਦੇ ਹਮਲੇ ਬਾਰੇ ਜਾਗਰੂਕ ਕਰਦਿਆਂ ਡਾ. ਅਮਰੀਕ ਸਿੰਘ ਮੁੱਖ ਖੇਤੀਬਾੜੀ ਅਫ਼ਸਰ ਨੇ ਕੀਤਾ। ਇਸ ਮੌਕੇ ਡਾ. ਗੁਰਪ੍ਰੀਤ ਸਿੰਘ , ਡਾ.ਦਵਿੰਦਰ ਪਾਲ ਸਿੰਘ ਗਰੇਵਾਲ ,ਡਾ. ਸੁਖਦੀਪ ਸਿੰਘ, ਜਸਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਗੁਰਜੀਤ ਸਿੰਘ , ਤੇਜਾ ਸਿੰਘ ਸਮੇਤ ਵੱਡੀ ਗਿਣਤੀ ਵਿਚ ਕਿਸਾਨ ਹਾਜ਼ਰ ਸਨ।

ਗੁਲਾਬੀ ਸੁੰਡੀ ਬਾਰੇ ਜਾਣਕਾਰੀ ਦਿੰਦਿਆਂ ਡਾ. ਅਮਰੀਕ ਸਿੰਘ ਮੁੱਖ ਖੇਤੀਬਾੜੀ ਅਫ਼ਸਰ ਨੇ ਦੱਸਿਆ ਕਿ ਗੁਲਾਬੀ ਸੁੰਡੀ ਤਾਂ ਹਰੇਕ ਤਰ੍ਹਾਂ ਦੀ ਤਕਨੀਕ ਨਾਲ ਬਿਜਾਈ ਕੀਤੀ ਗਈ ਕਣਕ ਦੀ ਫਸਲ ਉੱਪਰ ਹਮਲਾ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿਹ ਕਣਕ ਤੋਂ ਇਲਾਵਾ ਇਹ ਸੁੰਡੀ ਮੱਕੀ,ਝੋਨਾ ,ਬਾਸਮਤੀ ਅਤੇ ਜਵਾਰ ਵਿਚ ਵੀ ਹਮਲਾ ਕਰਦੀ ਹੈ, ਇਸ ਲਈ ਗੁਲਾਬੀ ਸੁੰਡੀ ਤੋਂ ਡਰਨ ਦੀ ਨਹੀਂ , ਸਗੋਂ ਸਮੇਂ ਸਿਰ ਸਿਫਾਰਸ਼ਸ਼ੁਦਾ ਤਕਨੀਕਾਂ ਵਰਤ ਕੇ ਇਲਾਜ ਕਰਨ ਦੀ ਜ਼ਰੂਰਤ ਹੈ। ਉਨਾਂ ਦੱਸਿਆ ਕਿ ਗੁਲਾਬੀ ਸੁੰਡੀ, ਜਦੋਂ ਝੋਨੇ ਦੀ ਫਸਲ ਵਿੱਚ ਹੁੰਦੀ ਹੈ ਤਾਂ ਫਸਲ ਦੀ ਕਟਾਈ ਉਪਰੰਤ ਝੋਨੇ ਦੇ ਮੁੱਢਾਂ ਵਿੱਚ ਲੁਕ ਕੇ ਮਿੱਟੀ ਵਿੱਚ ਨਿਵਾਸ ਕਰਦੀ ਹੈ। ਇਸ ਸੁੰਡੀ ਦੇ ਮਾਦਾ ਪਤੰਗੇ ਤਣੇ ਦੁਆਲੇ ਪੱਤੇ ਵਿਚ ਅੰਡੇ ਦਿੰਦੀਆਂ ਹਨ



ਜਿਸ ਵਿਚੋਂ ਮੌਸਮ ਦੇ ਹਿਸਾਬ ਨਾਲ 6-7 ਦਿਨਾਂ ਬਾਅਦ ਸੁੰਡੀਆਂ ਨਿਕਲ ਕੇ ਤਣੇ ਵਿਚ ਮੋਰੀ ਕਰਕੇ ਤਣੇ ਅੰਦਰਲਾ ਮਾਦਾ ਖਾਂਦੀਆਂ ਹਨ । ਉਨਾਂ ਦੱਸਿਆ ਕਿ ਨਵੰਬਰ ਤੋਂ ਪਹਿਲਾ ਬੀਜੀ ਕਣਕ ਉੱਪਰ ਇਸ ਦਾ ਜ਼ਿਆਦਾ ਹਮਲਾ ਦੇਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਆਉਂਦੇ ਦਿਨਾਂ ਵਿਚ ਜਿਵੇਂ ਜਿਵੇਂ ਠੰਡ ਵਧੇਗੀ ,ਸੁੰਡੀ ਆਪਣੇ ਆਪ ਖਤਮ ਹੁੰਦੀ ਜਾਵੇਗੀ। ਉਨਾਂ ਦੱਸਿਆ ਕਿ ਸੁੰਡੀਆਂ ਦੁਆਰਾ ਤਣੇ ਅੰਦਰਲਾ ਮਾਦਾ ਖਾਣ ਨਾਲ ਮੁੱਖ ਸ਼ਾਖ਼ ਸੁੱਕ ਜਾਂਦੀ ਹੈ ਅਤੇ ਬੂਟਾ ਪੀਲਾ ਪੈ ਕੇ ਸੁੱਕ ਜਾਂਦਾ ਹੈ। ਉਨਾਂ ਦੱਸਿਆ ਕਿ ਇਸ ਗੱਲ ਦਾ ਖਿਆਲ ਰੱਖਣਾ ਹੈ ਕਿ ਸੁੰਡੀ ਦਾ ਹਮਲਾ ਆਰਥਿਕ ਕਗਾਰ ਤੋਂ ਉੱਪਰ ਨਾ ਜਾਵੇ ਮਤਲਬ ਕਿ ਜੇਕਰ ਹਮਲਾ ਜ਼ਿਆਦਾ ਹੈ ਤਾਂ ਕੀਟਨਾਸ਼ਕਾਂ ਦੀ ਵਰਤੋਂ ਕਰੋ। ਕਈ ਵਾਰ ਜੇਕਰ ਸਮੇਂ ਸਿਰ ਇਲਾਜ ਨਾ ਕੀਤਾ ਜਾਵੇ ਤਾਂ ਸੁੰਡੀ ਕਣਕ ਦੀ ਫਸਲ ਦਾ ਕਾਫੀ ਨੁਕਸਾਨ ਕਰ ਦਿੰਦੀ ਹੈ।

ਗੁਲਾਬੀ ਸੁੰਡੀ ਦੀ ਰੋਕਥਾਮ ਬਾਰੇ ਉਨ੍ਹਾਂ ਦੱਸਿਆ ਕਿ ਕਣਕ ਦੀ ਫਸਲ ਨੂੰ ਗੁਲਾਬੀ ਸੁੰਡੀ ਤੋਂ ਬਚਾਅ ਕਰਨ ਦਾ ਇੱਕੋ ਇੱਕ ਸੌਖਾ ਅਤੇ ਸਸਤਾ ਤਰੀਕਾ ਬੀਜ ਦੀ ਸੋਧ ਹੈ ਜਿਸ ਨਾਲ ਕਣਕ ਦੀ ਫਸਲ ਨੂੰ ਨਾ ਕੇਵਲ ਗੁਲਾਬੀ ਸੁੰਡੀ ਦੇ ਹਮਲੇ ਤੋਂ ਬਚਾਇਆ ਜਾ ਸਕਦਾ ਹੈ, ਸਗੋਂ ਕਣਕ ਦੇ ਬੀਜ ਦੀ ਉੱਗਣ ਸ਼ਕਤੀ ਵਿੱਚ ਵਾਧਾ ਵੀ ਹੁੰਦਾ ਹੈ। ਉਨਾਂ ਦੱਸਿਆ ਕਿ ਜਿੰਨਾ ਕਿਸਾਨਾਂ ਨੇ ਬਾਸਮਤੀ ਵਾਲੇ ਖੇਤਾਂ ਵਿੱਚ ਕਣਕ ਦੀ ਬਿਜਾਈ ਕਰਨੀ ਹੈ ,ਉਹ ਬੀਜ ਨੂੰ ਬਿਜਾਈ ਤੋਂ ਪਹਿਲਾਂ ਜ਼ਰੂਰ ਸੋਧ ਲੈਣ । ਉਨਾਂ ਦੱਸਿਆ ਕਿ ਬੀਜ ਸੋਧਣ ਲਈ ਬੀਜ ਨੂੰ ਬਿਜਾਈ ਤੋਂ ਪਹਿਲਾਂ ਕੀਟਨਾਸ਼ਕਾਂ ਜਿਵੇਂ 160 ਮਿਲੀ ਲਿਟਰ ਕਲੋਰੋਪਾਈਰੀਫਾਸ ਜਾਂ 80 ਮਿਲੀ ਲਿਟਰ ਇਮਿਡਾਕਲੋਪ੍ਰਿਡ ਨਾਲ ਹੈਕਸਾਕੋਨਾਜ਼ੋਲ ਪ੍ਰਤੀ 40 ਕਿਲੋ ਬੀਜ ਨਾਲ ਸੋਧ ਕੇ ਬਿਜਾਈ ਕੀਤੀ ਜਾਵੇ। ।

ਉਨਾਂ ਦੱਸਿਆ ਕਿ ਕਣਕ ਦੀ ਫ਼ਸਲ ਨੂੰ ਪਹਿਲਾ ਪਾਣੀ ਲਾਉਣ ਤੋਂ ਪਹਿਲਾਂ ਫ਼ਸਲ ਦਾ ਨਿਰੰਤਰ ਨਿਰੀਖਣ ਕਰੋ ,ਜੇਕਰ ਕਣਕ ਦੀ ਫ਼ਸਲ ਉੱਪਰ ਗੁਲਾਬੀ ਸੁੰਡੀ ਦਾ ਹਮਲਾ ਆਰਥਿਕ ਕਗਾਰ ਤੋਂ ਜ਼ਿਆਦਾ ਹੋਵੇ ਤਾਂ ਪਹਿਲਾ ਪਾਣੀ ਲਾਉਣ ਤੋਂ ਪਹਿਲਾਂ 7 ਕਿਲੋ ਫਿਪਰੋਨਿਲ ਜਾਂ ਇੱਕ ਲਿਟਰ ਕਲੋਰੋਪਾਈਰੀਫਾਸ ਨੂੰ 20 ਈ ਸੀ ਨੂੰ 20 ਕਿਲੋ ਸਿੱਲੀ ਮਿੱਟੀ ਵਿੱਚ ਰਲਾ ਕੇ ਛਿੱਟਾ ਦੇ ਦਿਉ।

ਡਾ. ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਕਣਕ ਦੀ ਫਸਲ ਨੂੰ ਦਿਨ ਸਮੇਂ ਪਹਿਲਾ ਪਾਣੀ ਲਗਾਉਣ ਨੂੰ ਤਰਜੀਹ ਦਿਉ ਤਾਂ ਜੋ ਪੰਛੀ ਵੱਧ ਤੋਂ ਵੱਧ ਸੁੰਡੀਆਂ ਦਾ ਸ਼ਿਕਾਰ ਕਰ ਸਕਣ। ਉਨਾਂ ਦੱਸਿਆ ਕਿ ਜੇਕਰ ਪਹਿਲਾ ਪਾਣੀ ਲਾਉਣ ਤੋਂ ਬਾਅਦ ਸੁੰਡੀ ਦਾ ਹਮਲਾ ਦਿਖਾਈ ਦਿੰਦਾ ਹੈ ਤਾਂ 50 ਮਿਲੀ ਲਿਟਰ ਕਲੋਰਐਂਟਰਾ ਨਿਲੀਪਰੋਲ 18.5 ਐਸ ਸੀ ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਨੂੰ ਛਿੜਕਾਅ ਪੰਪ ਵਰਤ ਕੇ ਗੋਲ ਨੋਜ਼ਲ ਨਾਲ ਛਿੜਕਾਅ ਕਰੋ। ਸਰਪੰਚ ਸੁਖਮੰਦਰ ਸਿੰਘ ਨੇ ਸਮੂਹ ਅਧਿਕਾਰੀਆਂ ਅਤੇ ਕਿਸਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਡਿਪਟੀ ਕਮਿਸ਼ਨਰ ਸ੍ਰੀ ਵਿਨੀਤ ਕੁਮਾਰ ਦੀਆਂ ਹਦਾਇਤਾਂ ਦੀ ਪਾਲਣਾ ਕਰਦਿਆਂ ਕਿਹਾ ਕਿ ਬੁਰਜ ਮਸਤਾਂ ਵਿਚ ਸਮੂਹ ਕਿਸਾਨਾਂ ਨੇ ਪਰਾਲੀ ਨੂੰ ਅੱਗ ਲਗਾਏ ਬਗੈਰ ਕਣਕ ਦੀ ਬਿਜਾਈ ਕੀਤੀ ਹੈ।

## ਬੈਂਸ ਫੀਡਰ ਦੀ ਅੱਜ ਬਿਜਲੀ ਬੰਦ ਰਹੇਗੀ

✤ ਪੰਜਾਬ ਦਾ ਖੁਲਾਸਾ

**ਨੂਰਪੁਰਬੇਦੀ, 27 ਨਵੰਬਰ (ਦਲਜੀਤ ਚਨੌਲੀ)**-ਵਧੀਕ ਸਹਾਇਕ ਇੰਜੀਨੀਅਰ ਪੰਜਾਬ ਰਾਜ ਪਾਵਰਕਾਮ ਲਿਮਟਿਡ ਉਪ ਦਫ਼ਤਰ ਤਖਤਗੜ੍ਹ ਕੁਲਵਿੰਦਰ ਸਿੰਘ ਝੱਜ ਦੇ ਹਵਾਲੇ ਨਾਲ ਜਾਰੀ ਇਕ ਬਿਆਨ ਰਾਹੀਂ ਜਾਣਕਾਰੀ ਦਿੰਦਿਆਂ ਪਾਵਰਕਾਮ ਅਧਿਕਾਰੀਆਂ ਨੇ ਦੱਸਿਆ ਕਿ ਬਿਜਲੀ ਲਾਈਨਾਂ ਦੀ ਜ਼ਰੂਰੀ ਮੁਰੰਮਤ ਕੀਤੇ ਜਾਣ ਦੇ ਚੱਲਦਿਆਂ ਹਾਸਿਲ ਹੋਏ ਪਰਮਿਟ ਦੇ ਤਹਿਤ 11 ਕੇ.ਵੀ. ਬੈਂਸ ਫੀਡਰ ਅਧੀਨ ਪੈਂਦੇ ਟੱਪਰੀਆਂ ਅਤੇ ਢਾਹਾਂ ਪਿੰਡਾਂ ਦੇ ਘਰਾਂ ਤੋਂ ਇਲਾਵਾ ਬੈਂਸ ਫੀਡਰ ਰਾਹੀਂ ਚੱਲਦੀਆਂ ਮੋਟਰਾਂ ਦੀ ਬਿਜਲੀ ਸਪਲਾਈ 28 ਨਵੰਬਰ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 3 ਵਜੇ ਤੱਕ ਬੰਦ ਰੱਖੀ ਜਾਵੇਗੀ। ਜਦਕਿ ਉਕਤ ਫੀਡਰ ਅਧੀਨ ਪੈਂਦੇ ਬਾਕੀ ਪਿੰਡਾਂ ਦੀ ਬਿਜਲੀ ਸਪਲਾਈ ਆਮ ਵਾਂਗ ਜਾਰੀ ਰਹੇਗੀ ? ਉਨ੍ਹਾਂ ਕਿਹਾ ਕਿ ਚੱਲਦੇ ਕੰਮ ਕਾਰਨ ਬਿਜਲੀ ਬੰਦ ਰਹਿਣ ਦਾ ਸਮਾਂ ਘੱਟ ਜਾਂ ਵੱਧ ਵੀ ਹੋ ਸਕਦਾ ਹੈ।

# ਪਰਮਾਤਮਾ ਨੇ ਜੋ ਦਿੱਤਾ ਹੈ ਨੂੰ ਪਾ ਕੇ ਹਮੇਸ਼ਾ ਖੁਸ਼ ਰਹੋ : ਅਚਾਰੀਆ ਨੀਲਕੰਠ

✤ ਪੰਜਾਬ ਦਾ ਖੁਲਾਸਾ

**ਨੂਰਪੁਰਬੇਦੀ, 27 ਨਵੰਬਰ (ਦਲਜੀਤ ਚਨੌਲੀ)** -ਦੁਨੀਆ ਨੂੰ ਦੇਖ ਕੇ ਅਕਸਰ ਲੋਕ ਇਹੋ ਕਹਿੰਦੇ ਹਨ ਕਿ ਸੰਸਾਰ ਦੁੱਖਾਂ ਦਾ ਸਾਗਰ ਹੈ ਇਸਦੇ ਚਾਰੋਂ ਤਰਫ਼ ਦੁੱਖਾਂ ਤੋਂ ਸਿਵਾਏ ਹੋਰ ਕੁਝ ਵੀ ਨਜ਼ਰ ਨਹੀਂ ਆਉਂਦਾ ਹੈ ? ਪਰੰਤੂ ਗਿਆਨਵਾਨ ਕਹਿੰਦੇ ਹਨ ਕਿ ਜੀਵਨ ਦੇ ਸੰਪੂਰਣ ਦੁੱਖ ਅਤੇ ਸੁੱਖ ਸਾਡੇ ਦਿ ?ਸ਼ਟੀਕੋਣ 'ਤੇ ਨਿਰਭਰ ਕਰਦੇ ਹਨ ਅਗਰ ਸਾਡਾ ਦਿ ?ਸ਼ਟੀਕੋਣ ਸਹੀ ਹੋਵੇਗਾ ਤਾਂ ਸਭ ਕੁਝ ਅਨੁਕੂਲ ਲੱਗੇਗਾ ? ਉਕਤ ਅਨਮੋਲ ਵਚਨ ਅਚਾਰੀਆ ਨੀਲਕੰਠ ਕੌਸ਼ਲ ਨੇ ਸ਼ਿਵ ਮੰਦਰ ਨੂਰਪੁਰਬੇਦੀ ਵਿਖੇ ਮਹਿਲਾ ਸੰਕੀਰਤਨ ਮੰਡਲੀ ਵੱਲੋਂ ਸ਼ਹਿਰਵਾਸੀਆਂ ਦੇ ਸਹਿਯੋਗ ਨਾਲ ਕਰਵਾਈ ਜਾ ਰਹੀ ਸ਼੍ਰੀਮਦ ਭਾਗਵਤ ਕਥਾ ਦੌਰਾਨ ਸਤਿਸੰਗ ਕਰਦਿਆਂ ਪ੍ਰਗਟਾਏ ਉਨ੍ਹਾਂ ਕਿਹਾ ਕਿ ਜੀਵਨ 'ਚ ਜੋ ਪ੍ਰਾਪਤ ਨਹੀਂ ਹੁੰਦਾ ਹੈ ਉਸਦੇ ਲਈ ਦੁੱਖ ਨਾ ਮਨਾਓ ਬਲਕਿ ਜੋ ਪ੍ਰਭੂ ਨੇ ਦਿੱਤਾ ਹੈ ਨੂੰ ਪਾ ਕੇ ਹਮੇਸ਼ਾ ਖੁੱਸ਼ ਰਹਿਣ ਦਾ ਯਤਨ ਕਰੋ ਉਨ੍ਹਾਂ ਕਿਹਾ ਕਿ ਭਗਵਾਨ ਦੀ ਪਾਵਨ ਕਥਾ ਅਕਾਸ਼ ਦੀ ਤਰਫ਼ ਉੱਠੀਆਂ ਹੋਈਆਂ ਅੱਖਾਂ ਹਨ ? ਇਹ ਉਪਾਸਨਾ ਤੇ ਅਰਾਧਨਾ ਦਾ ਉਹ ਸਾਧਨ ਹੈ। ਜਿਸ ਨਾਲ ਪ੍ਰਮਾਤਮਾ ਨੂੰ ਛੂਇਆ ਜਾ ਸਕਦਾ ਹੈ ਜਿਸਦੇ ਜੀਵਨ 'ਚ ਈਸ਼ਵਰ ਭਗਤੀ ਦੀ ਧਾਰਾ ਹੈ ਉਸਨੂੰ ਸੰਸਾਰ ਦੇ ਸਮੁੱਚੇ ਕਸ਼ਟਾਂ ਤੋਂ ਅਪਣੇ-ਆਪ ਛੁਟਕਾਰਾ ਮਿਲ ਜਾਂਦਾ ਹੈ ? ਅੱਜ ਕਥਾ ਦੌਰਾਨ ਭਗਵਾਨ ਸ਼੍ਰੀ ਕ੍ਰਿਸ਼ਨ ਦੀਆਂ ਵੱਖ-ਵੱਖ ਲੀਲਾਵਾਂ ਦਾ ਪ੍ਰਸੰਗ ਸੁਣ ਕੇ ਸੰਗਤਾਂ ਅਨੰਦਿਤ ਹੋਈਆਂ। ਇਸ ਮੌਕੇ ਕਲਾਕਾਰਾਂ ਵੱਲੋਂ ਵੱਖ-ਵੱਖ ਝਾਕੀਆਂ ਵੀ ਪੇਸ਼ ਕੀਤੀਆਂ ਗਈਆਂ।



ਇਸ ਮੌਕੇ ਲੀਲਾ ਦੇਵੀ, ਵਿਆਸਾ ਦੇਵੀ, ਰਸ਼ਮੀ ਭੰਡਾਰੀ, ਅਮਨ ਪਲਾਟੀਆ, ਸੋਨੂੰ ਦੀਵਾਨ, ਸੇਵਕ ਕ੍ਰਿਸ਼ਨ ਮੁਰਾਰੀ, ਬਲਵੀਰ ਚੰਦ, ਜੀਵਨ ਕੁਮਾਰ, ਦਿਨੇਸ਼ ਜੋਲੀ, ਦਵਿੰਦਰ ਖੇੜੀ, ਅਸ਼ਵਨੀ ਕੁਮਾਰ, ਵਿਜੇ ਚੋਪੜਾ ਤੇ ਆਸ਼ਾ ਰਾਣੀ ਸਹਿਤ ਭਾਰੀ ਸੰਖਿਆ 'ਚ ਸੰਗਤਾਂ ਹਾਜ਼ਰ ਸਨ । ਸ਼ਿਵ ਮੰਦਰ ਨੂਰਪੁਰਬੇਦੀ ਵਿਖੇ ਕਥਾ ਸੁਣਾਉਂਦੇ ਅਚਾਰੀਆ ਨੀਲਕੰਠ ਕੌਸ਼ਲ ਤੇ ਹਾਜ਼ਰ ਸੰਗਤਾਂ ।



## ਬੱਲੂਆਣਾ ਨਵੀਂ ਪੰਚਾਇਤ ਨੇ ਸੰਭਾਲੀਂ ਵਾਂਗ-ਡੋਰ

✤ ਪੰਜਾਬ ਦਾ ਖੁਲਾਸਾ

**ਪੱਟੀ ਸਦੀਕ, 27 ਨਵੰਬਰ (ਬਲਕਰਨ ਸਿੰਘ ਮਸ਼ਾਲ)**- ਅੱਜ ਮਿਤੀ 27 ਨਵੰਬਰ 2024 ਨੂੰ ਨਵ ਨਿਯੁਕਤ ਸਰਪੰਚ ਸ੍ਰੀ ਭਜਨ ਲਾਲ ਦੀ ਅਗਵਾਈ ਹੇਠ ਸੈਕਰਟਰੀ ਸਾਹਿਬ ਦੀ ਮਦਦ ਨਾਲ ਨਵੇਂ ਮੈਂਬਰਾਂ ਨੇ ਸਮੁੱਚੀ ਪੰਚਾਇਤ ਬਣ ਕੇ ਕਾਰਜਪਾਲ ਸੰਭਾਲ ਲਿਆ ਸਰਪੰਚ ਸ਼੍ਰੀ ਭਜਨ ਲਾਲ ਬੱਲੂਆਣਾ ਨੇ ਦੱਸਿਆ ਕਿ ਇਸ ਪੰਚਾਇਤ ਦੀ ਤਰਜੀਹ ਸਮੁੱਚੇ ਪਿੰਡ ਦਾ ਵਿਕਾਸ ਬਿਨਾਂ ਕਿਸੇ ਭੇਦਭਾਵ ਬਿਨਾਂ ਕਿਸੇ ਰੰਗ ਨਸਲ ਤੋਂ ਉੱਪਰ ਉੱਠ ਕੇ ਸਾਰਿਆਂ ਦਾ ਵਿਕਾਸ ਕੀਤਾ ਜਾਵੇਗਾ ਪਿੰਡ ਵਿੱਚ ਪੀਣ ਵਾਲੇ ਪਾਣੀ ਦਾ ਪ੍ਰਬੰਧ ਜਲਦੀ ਤੋਂ ਪਹਿਲਾਂ ਠੀਕ ਕਰਵਾਇਆ ਜਾਵੇਗਾ ਉਪਰੰਤ ਜਿਹੜੀਆਂ ਸੜਕਾਂ ਅੱਜ ਤੱਕ ਨਹੀਂ ਬਣੀਆਂ ਉਹਨਾਂ ਨੂੰ ਜਲਦੀ ਤੋਂ ਪਹਿਲਾਂ ਬਣਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ ਪਿੰਡ ਦੇ ਪੁਰਾਣੇ ਛੱਪੜ ਜੋ ਪਿੰਡ ਦੇ ਦੱਖਣ ਪਾਸੇ ਹੈ ਉਸ ਦੀ ਸਫਾਈ ਕਰਵਾਈ ਜਾਵੇਗੀ ਸ਼ਮਸ਼ਾਨ ਭੂਮੀ ਵਿੱਚ ਮਰਦਾ ਅਤੇ ਔਰਤਾਂ ਲਈ ਵੱਖਰੇ ਟੋਇਲਟਸ ਬਣਵਾਏ ਜਾਣਗੇ ਅਤੇ ਪਿੰਡ ਦੇ ਦੱਖਣ ਸਾਈਡ ਜੋ ਪਾਣੀ ਦੀ ਨਿਕਾਸੀ ਦਾ ਪ੍ਰਬੰਧ ਨਹੀਂ ਹੈ ਉਸ ਨੂੰ ਗਰਾਂਟਾਂ ਪ੍ਰਾਪਤ ਕਰਕੇ ਜਲਦੀ ਹੀ ਇਹ ਪ੍ਰਬੰਧ ਕੀਤਾ ਜਾਵੇਗਾ ਸਰਪੰਚ ਭਜਨ ਲਾਲ ਨੇ ਲੋਕਾਂ ਨਾਲ ਕੀਤੇ ਵਾਇਦੇ ਪੂਰੇ ਕਰਨ ਦਾ ਵਾਦਾ ਦੁਹਰਾਇਆ ਅਤੇ ਸਾਰਿਆਂ ਮੈਂਬਰਾਂ ਨੂੰ ਕਿਹਾ ਕਿ ਉਹ ਸਾਰੇ ਹੀ ਆਪਣੇ ਆਪ ਨੂੰ ਆਪਣੇ ਵਾਰਡ ਦਾ ਸਰਪੰਚ ਸਮਝ ਕੇ ਹੀ ਕੰਮ ਕਰਨ ਅਤੇ ਸਭ ਨਾਲ ਬਰਾਬਰ ਦਾ ਵਿਵਹਾਰ ਕਰਨ ਇਸ ਵਕਤ ਉਹਨਾਂ ਨੇ ਪਿੰਡ ਤੋਂ ਪੂਰਨ ਸਹਿਯੋਗ ਦੀ ਮੰਗ ਵੀ ਕੀਤੀ।

## ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਫਰੀਦਕੋਟ ਵਿਖੇ ਪਲੇਸਮੈਂਟ ਕੈਂਪ 29 ਨਵੰਬਰ ਨੂੰ

✤ ਪੰਜਾਬ ਦਾ ਖੁਲਾਸਾ

**ਫਰੀਦਕੋਟ, 27 ਨਵੰਬਰ (ਗੁਰਦੀਪ ਸਿੰਘ ਢਿੱਲੋਂ)**- ਪੰਜਾਬ ਸਰਕਾਰ ਦੇ ਉਪਰਾਲੇ ਅਤੇ ਡਿਪਟੀ ਕਮਿਸ਼ਨਰ ਸ੍ਰੀ ਵਿਨੀਤ ਕੁਮਾਰ ਦੇ ਨਿਰਦੇਸ਼ਾਂ ਤੇ ਬੇਰੁਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਦੇ ਅਵਸਰ ਦੇਣ ਦੇ ਮਕਸਦ ਨਾਲ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਤਲਵੰਡੀ ਬਾਈਪਾਸ ਨੇੜੇ ਢਿੰਗਰਾ ਪੈਲੇਸ (ਪੁਰਾਣਾ ਸੰਧੂ ਪੈਲੇਸ) ਰੈੱਡ ਕਰਾਸ ਬਿਰਧ ਆਸ਼ਰਮ ਦੀ ਪਹਿਲੀ ਮੰਜਿਲ ਵਿਖੇ 29 ਨਵੰਬਰ 2024 ਨੂੰ ਸਵੇਰੇ 10:00 ਵਜੇ ਤੋਂ 1:00 ਵਜੇ ਤੱਕ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ। ਇਹ ਜਾਣਕਾਰੀ ਜਿਲ੍ਹਾ ਰੋਜਗਾਰ ਤੇ ਕਾਰੋਬਾਰ ਬਿਊਰੋ ਅਫਸਰ ਸ੍ਰੀ ਗੁਰਤੇਜ ਸਿੰਘ ਨੇ ਦਿੱਤੀ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਜਿਲ੍ਹਾ ਰੋਜਗਾਰ ਤੇ ਕਾਰੋਬਾਰ ਬਿਊਰੋ ਅਫਸਰ ਸ੍ਰੀ ਗੁਰਤੇਜ ਸਿੰਘ ਨੇ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿੱਚ ਹਰਬਲ ਕੰਪਨੀ ਫਰੀਦਕੋਟ ਦੇ ਨੁਮਾਇੰਦਿਆਂ ਵੱਲੋਂ ਫੀਲਡ ਕਾਰਜਕਾਰੀ ਦੀ ਆਸਾਮੀ ਲਈ ਇੰਟਰਵਿਊ ਲਈ ਜਾਣੀ ਹੈ। ਉਨ੍ਹਾਂ ਕਿਹਾ ਕਿ ਇਸ ਪਲੇਸਮੈਂਟ ਕੈਂਪ ਵਿੱਚ ਲੜਕੀਆਂ ਹੀ ਭਾਗ ਲੈ ਸਕਦੀਆਂ ਹਨ ਅਤੇ ਪ੍ਰਾਰਥੀ ਦੀ ਯੋਗਤਾ ਘੱਟ ਤੋਂ ਘੱਟ 10ਵੀ ਪਾਸ ਹੋਵੇ। ਉਨ੍ਹਾਂ ਕਿਹਾ ਕਿ ਚਾਹਵਾਨ ਬੇਰੁਜ਼ਗਾਰ ਪ੍ਰਾਰਥੀ ਮਿਤੀ 29 ਨਵੰਬਰ ਨੂੰ ਆਪਣੇ ਅਸਲ ਦਸਤਾਵੇਜ਼ ਜਿਵੇ ਕਿ ਯੋਗਤਾ ਸਰਟੀਫਿਕੇਟ,ਅਧਾਰ ਕਾਰਡ, ਦੋ ਪਾਸਪੋਰਟ ਸਾਈਜ਼ ਫੋਟੋਆਂ ਅਤੇ ਰੀਜਿਊਮ ਅਤੇ ਫੋਟੋ ਕਾਪੀਆਂ ਲੈ ਕੇ ਸਮੇਂ ਸਿਰ ਹਾਜ਼ਰ ਹੋਣ ।

ਉਨ੍ਹਾਂ ਅੱਗੇ ਕਿਹਾ ਕਿ ਜ਼ਿਲ੍ਹਾ ਫ਼ਰੀਦਕੋਟ ਦੇ ਬੇਰੁਜਗਾਰ ਪ੍ਰਾਰਥੀ ਕਿਸੇ ਵੀ ਕੰਮ ਕਾਜ ਵਾਲੇ ਦਿਨ ਦਫ਼ਤਰ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਤਲਵੰਡੀ ਬਾਈਪਾਸ, ਨੇੜੇ ਢਿੰਗਰਾ ਪੈਲੇਸ (ਪੁਰਾਣਾ ਸੰਧੂ ਪੈਲੇਸ), ਰੈੱਡ ਕਰਾਸ ਬਿਰਧ ਆਸ਼ਰਮ ਦੀ ਪਹਿਲੀ ਮੰਜਿਲ, ਫ਼ਰੀਦਕੋਟ ਵਿਖੇ ਆ ਕੇ ਆਪਣਾ ਨਾਮ ਦਰਜ ਕਰਵਾਉਣ ਅਤੇ ਪੰਜਾਬ ਸਰਕਾਰ ਦੇ ਪੋਰਟਲ www.pgrkam.com , ਵਟਸਐਪ ਗਰੁੱਪ, ਸ਼ੋਸਲ ਮੀਡੀਆ ( ਜਿਵੇਂ ਕਿ ਫੇਸਬੁੱਕ, ਇੰਸਟਾਗ੍ਰਾਮ, ਟੈਲੀਗ੍ਰਾਮ ਆਦਿ) ਆਪਣੇ ਆਪ ਰਜਿਸਟਰਡ ਕਰਨ ਤਾਂ ਜੋਂ ਉਨ੍ਹਾਂ ਨੂੰ ਰੋਜ਼ਗਾਰ ਕੈਂਪਾਂ/ਸਵੈ-ਰੋਜ਼ਗਾਰ ਅਤੇ ਸਕਿੱਲ ਕੋਰਸਾਂ ਬਾਰੇ ਸਮੇਂ ਸਿਰ ਜਾਣਕਾਰੀ ਮਿਲ ਸਕੇ। ਹੋਰ ਵਧੇਰੇ ਜਾਣਕਾਰੀ ਲਈ ਦਫ਼ਤਰ ਦੇ ਹੈਲਪਲਾਈਨ ਨੰਬਰ 99883-50193, ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਰਾਧਾ ਕ੍ਰਿਸ਼ਨ ਮੰਦਰ ਸੈਣੀਮਾਜਰਾ ਵਿਖੇ ਮੂਰਤੀ ਸਥਾਪਨਾ ਮੌਕੇ ਸਾਲਾਨਾ ਧਾਰਮਿਕ ਸਮਾਗਮ ਕਰਵਾਇਆ

✤ ਪੰਜਾਬ ਦਾ ਖੁਲਾਸਾ

**ਨੂਰਪੁਰਬੇਦੀ, 27 ਨਵੰਬਰ (ਦਲਜੀਤ ਚਨੌਲੀ)**-ਰਾਧਾ ਕ੍ਰਿਸ਼ਨ ਮੰਦਰ ਪਿੰਡ ਸੈਣੀਮਾਜਰਾ ਵਿਖੇ ਸਮੂਹ ਪਿੰਡ ਵਾਸੀਆਂ ਵੱਲੋਂ ਗ੍ਰਾਮ ਪੰਚਾਇਤ ਦੇ ਸਹਿਯੋਗ ਨਾਲ ਮੂਰਤੀ ਸਥਾਪਨਾ ਦਿਵਸ ਦੇ ਮੱਦੇਨਜ਼ਰ ਸਾਲਾਨਾ ਧਾਰਮਿਕ ਸਮਾਗਮ ਆਯੋਜਿਤ ਕਰਵਾਇਆ ਗਿਆ।

ਇਸ ਮੌਕੇ ਸਭ ਤੋਂ ਪਹਿਲਾਂ ਮਸਤ ਬਾਬਾ ਸ਼ਾਮ ਜੀ ਮਹਾਰਾਜ ਧਾਰਮਿਕ ਅਸਥਾਨ ਝੱਜ ਦੇ ਪ੍ਰਬੰਧਕ ਸਵਾਮੀ ਅਨਮੋਲਕਾ ਨੰਦ ਜੀ ਨੇ ਰਖਵਾਏ ਗਏ ਪਾਠ ਦਾ ਭੋਗ ਪਾਇਆ ਉਪਰੰਤ ਧਾਰਮਿਕ ਸਮਾਗਮ ਵੱਖ-ਵੱਖ ਭਜਨ ਮੰਡਲੀਆਂ ਵੱਲੋਂ ਰਾਧੇ, ਕ੍ਰਿਸ਼ਨ ਅਤੇ ਸ਼ਨੀ ਦੇਵਤਾ ਜੀ ਦੀ ਮਹਿਮਾ ਦਾ ਗੁਣਗਾਨ ਕੀਤਾ ਗਿਆ ? ਇਸ ਮੌਕੇ ਆਯੋਜਿਤ ਹਵਨ ਯੱਗ 'ਚ ਸਮੂਹ ਸੰਗਤਾਂ ਨੇ ਪੂਰਣ ਆਹੂਤੀਆਂ ਪਾਈਆਂ । ਜ਼ਿਕਰਯੋਗ ਹੈ ਕਿ ਰਾਧਾ ਕ੍ਰਿਸ਼ਨ ਮੰਦਰ ਸੈਣੀਮਾਜਰਾ ਵਿਖੇ ਪਿੰਡ ਵਾਸੀਆਂ ਵੱਲੋਂ ਰਾਧਾ ਕ੍ਰਿਸ਼ਨ ਜੀ ਦੀਆਂ 4 ਸਾਲ ਪਹਿਲਾਂ ਜਦਕਿ ਸ਼ਨੀ ਦੇਵਤਾ ਜੀ ਦੀ 1 ਸਾਲ ਪਹਿਲਾਂ ਮੂਰਤੀ ਸਥਾਪਨਾ ਕੀਤੀ ਗਈ ਸੀ । ਇਸ ਮੌਕੇ ਪਹੁੰਚੇ ਸੰਤ-ਮਹਾਪੁਰਸ਼ਾਂ ਨੇ ਆਪਣੇ ਕੀਤਾ ਗਿਆ । ਸਮਾਗਮ ਦੌਰਾਨ ਸਵਾਮੀ ਸੱਤਿਆਨੰਦ, ਸਵਾਮੀ ਤ੍ਰੋਸਤੀ



ਅਨਮੋਲ ਵਚਨਾਂ ਰਾਹੀਂ ਸੰਗਤ ਨੂੰ ਉਪਦੇਸ਼ ਦਿੱਤਾ ਕਿ ਸਾਨੂੰ ਅਜਿਹੇ ਧਾਰਮਿਕ ਦਿਹਾੜੇ ਮਿਲ-ਜੁਲ ਕੇ ਮਨਾਉਣੇ ਚਾਹੀਦੇ ਹਨ . ਜਿਸ ਨਾਲ ਨਾ ਕੇਵਲ ਨਗਰ ਦੀ ਉੱਨਤੀ ਦੇ ਮਾਰਗ ਖੁੱਲ੍ਹਦੇ ਹਨ । ਜਦਕਿ ਸੰਗਤ ਦਾ ਵੀ ਕਲਿਆਣ ਹੁੰਦਾ ਹੈ । ਇਸਤੋਂ ਉਪਰੰਤ ਸੰਗਤਾਂ ਲਈ ਅਤੁੱਟ ਭੰਡਾਰਾ ਵਰਤਾਇਆ ਗਿਆ । ਇਸ ਮੌਕੇ ਸਰਪੰਚ ਰਾਮ ਸਰੂਪ ਸੈਣੀ ਤੇ ਸਾਬਕਾ ਸਰਪੰਚ ਗੋਪਾਲ ਚੰਦ ਸੈਣੀ ਵੱਲੋਂ ਧਾਰਮਿਕ ਸਖਸ਼ੀਅਤਾਂ ਦਾ ਸਨਮਾਨ ਗਿਰੀ, ਸਵਾਮੀ ਬਲਵਿੰਦਰ ਗਿਰੀ, ਸਰਪੰਚ ਰਾਮ ਸਰੂਪ ਸੈਣੀ, ਸਾਬਕਾ ਸਰਪੰਚ ਗੋਪਾਲ ਚੰਦ ਸੈਣੀ, ਸ਼ਿਵ ਕੁਮਾਰ ਸੈਣੀ, ਮਾ. ਰਾਮਜੀ ਦਾਸ, ਨੀਲਮ ਸ਼ਰਮਾ, ਪੰਡਿਤ ਮੋਹਨ ਲਾਲ, ਮਦਨ ਲਾਲ, ਧਰਮਪਾਲ ਸੈਣੀ, ਜਗਦੀਸ਼ ਚੰਦਰ, ਗੁਰਸ਼ਰਨਜੀਤ ਅਤੇ ਸੋਮਨਾਥ ਸੈਣੀ ਸਹਿਤ ਭਾਰੀ ਸੰਖਿਆ 'ਚ ਸੰਗਤਾਂ ਹਾਜ਼ਰ ਸਨ . ਸੈਣੀਮਾਜਰਾ ਵਿਖੇ ਮੂਰਤੀ ਸਥਾਪਨਾ ਦਿਵਸ ਮੌਕੇ ਪੂਜਾ ਅਰਚਨਾ ਕਰਦੇ ਸੰਤ-ਮਹਾਪੁਰਸ਼ ਤੇ ਪਿੰਡ ਵਾਸੀ ।

# ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਅਬੋਹਰ ਦੀ ਮੀਟਿੰਗ ਹੋਈ

## - ਜਦੋਂ ਤੱਕ ਮੰਗਾਂ ਮੰਨੀਆਂ ਨਹੀਂ ਜਾਂਦੀਆਂ ਉਦੋਂ ਤੱਕ ਸੰਘਰਸ਼ ਜਾਰੀ ਰਹੇਗਾ - ਹਰਗੋਬਿੰਦ ਕੌਰ

✤ ਪੰਜਾਬ ਦਾ ਖੁਲਾਸਾ

**ਅਬੋਹਰ , 27 ਨਵੰਬਰ ( ਮਨਪ੍ਰੀਤ ਮੋਨੂੰ )**- ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਅਬੋਹਰ ਦੀ ਮੀਟਿੰਗ ਗੁਰਵੰਤ ਕੌਰ ਦੀ ਪ੍ਰਧਾਨਗੀ ਹੇਠ ਨਹਿਰੂ ਪਾਰਕ ਵਿਖੇ ਹੋਈ । ਜਿਸ ਦੌਰਾਨ ਯੂਨੀਅਨ ਦੇ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਵਿਸ਼ੇਸ਼ ਤੌਰ ਤੇ ਪਹੁੰਚੇ । ਮੀਟਿੰਗ ਦੌਰਾਨ ਵੱਡੀ ਗਿਣਤੀ ਵਿੱਚ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਇਕੱਠੀਆਂ ਹੋਈਆਂ । ਮੀਟਿੰਗ ਦੌਰਾਨ ਵਰਕਰਾਂ ਤੇ ਹੈਲਪਰਾਂ ਦੀਆਂ ਮੁਸ਼ਕਿਲਾਂ ਤੇ ਮੰਗਾਂ ਬਾਰੇ ਵਿਚਾਰ ਚਰਚਾ ਕੀਤੀ ਗਈ ਤੇ ਵਰਕਰਾਂ ਹੈਲਪਰਾ ਵੱਲੋਂ ਜਥੇਬੰਦੀ ਦੇ ਚੱਲ ਰਹੇ ਸੰਘਰਸ਼ ਵਿੱਚ ਵੱਧ ਤੋਂ ਵੱਧ ਯੋਗਦਾਨ ਪਾਉਣ ਦਾ ਵਿਸ਼ਵਾਸ ਦਵਾਇਆ ਗਿਆ।



ਇਸ ਮੌਕੇ ਬੋਲਦਿਆਂ ਹਰਗੋਬਿੰਦ ਕੌਰ ਨੇ ਕਿਹਾ ਕਿ ਜਦੋਂ ਤੱਕ ਪੰਜਾਬ ਸਰਕਾਰ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਮੰਗਾਂ ਨਹੀਂ ਮੰਨਦੀ ਉਦੋਂ ਤੱਕ ਜਥੇਬੰਦੀ ਦਾ ਸੰਘਰਸ਼ ਜਾਰੀ ਰਹੇਗਾ । ਉਹਨਾਂ ਪੰਜਾਬ ਸਰਕਾਰ ਤੇ ਦੋਸ਼ ਲਗਾਇਆ ਕਿ ਬਹੁਤ ਹੀ ਜਰੂਰੀ ਮੰਗਾਂ ਨੂੰ ਵੀ ਪੰਜਾਬ ਸਰਕਾਰ ਵੱਲੋਂ ਲਗਾਤਾਰ ਅਣਗੌਲਿਆਂ ਕੀਤਾ ਜਾ ਰਿਹਾ ਹੈ ਤੇ ਇਹਨਾਂ ਮੰਗਾਂ ਨੂੰ ਲੈ ਕੇ ਜਥੇਬੰਦੀ ਦਾ ਸੰਘਰਸ਼ ਚੱਲ ਰਿਹਾ ਹੈ । ਪਰ ਮਹਿਕਮੇ ਜਾਂ ਸਰਕਾਰ ਵੱਲੋਂ ਕੋਈ ਸੁਣਵਾਈ ਨਹੀਂ ਕੀਤੀ ਜਾ ਰਹੀ । ਉਹਨਾਂ ਕਿਹਾ ਕਿ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵਿੱਚੋਂ ਮੇਰੀਆਂ ਸੇਵਾਵਾਂ ਨੂੰ ਬਿਨਾਂ ਕਿਸੇ ਕਸੂਰ ਤੋਂ ਸਿਆਸੀ ਰੰਜਸ਼ ਕਰਕੇ ਖਤਮ ਕੀਤਾ ਗਿਆ ਹੈ । ਉਹਨਾਂ ਮੰਗ ਕੀਤੀ ਕਿ ਮੇਰੀਆਂ ਸੇਵਾਵਾਂ ਤੁਰੰਤ ਬਹਾਲ ਕੀਤੀਆਂ ਜਾਣ। ਉਹਨਾਂ ਇਹ ਵੀ ਮੰਗ ਕੀਤੀ ਕਿ ਆਂਗਣਵਾੜੀ ਵਰਕਰਾਂ ਨੂੰ ਪ੍ਰੀ ਨਰਸਰੀ ਟੀਚਰ ਦਾ ਦਰਜਾ ਦਿੱਤਾ ਜਾਵੇ ਤੇ ਹੈਲਪਰਾਂ ਨੂੰ ਗਰੇਡ ਦਿੱਤੇ ਜਾਣ । ਆਂਗਣਵਾੜੀ ਕੇਂਦਰਾਂ ਵਿੱਚੋਂ ਖੋਹ ਕੇ ਸਕੂਲਾਂ ਵਿੱਚ ਦਾਖਲ ਕੀਤੇ ਗਏ ਤਿੰਨ ਤੋਂ ਪੰਜ ਸਾਲ ਦੇ ਬੱਚੇ ਵਾਪਸ ਆਂਗਣਵਾੜੀ ਕੇਂਦਰਾਂ ਵਿੱਚ ਭੇਜੇ ਜਾਣ। ਆਂਗਣਵਾੜੀ ਕੇਂਦਰਾਂ ਵਿੱਚ ਭੇਜਿਆ ਜਾ ਰਿਹਾ ਰਾਸ਼ਨ ਪ੍ਰਾਈਵੇਟ ਕੰਪਨੀਆਂ ਦੀ ਥਾਂ ਤੇ ਸਰਕਾਰੀ ਅਦਾਰਿਆਂ ਦੁਆਰਾ ਸਪਲਾਈ ਕੀਤਾ ਜਾਵੇ ਅਤੇ ਤਿੰਨ ਜ਼ਿਲ੍ਹਿਆਂ ਦਾ ਰਾਸ਼ਨ ਜੋ ਐਨ ਜੀ ਓ ਨੂੰ ਦਿੱਤਾ ਗਿਆ ਹੈ ਉਹ ਵੀ ਵਾਪਸ ਸਰਕਾਰੀ ਅਦਾਰਿਆਂ ਰਾਹੀਂ ਭੇਜਿਆ ਜਾਵੇ ।

ਮਾੜਾ ਰਾਸ਼ਨ ਭੇਜਣ ਵਾਲਿਆਂ ਨੂੰ ਕਾਨੂੰਨ ਅਨੁਸਾਰ ਬਣਦੀ ਸਜ਼ਾ ਦਿੱਤੀ ਜਾਵੇ । ਆਗਣਵਾੜੀ ਵਰਕਰਾਂ ਹੈਲਪਰਾਂ ਦਾ ਮਾਣ ਭੱਤੇ ਦਾ ਕੱਟਿਆ ਹੋਇਆ ਬਕਾਇਆ ਤੁਰੰਤ ਜਾਰੀ ਕੀਤਾ ਜਾਵੇ। ਆਂਗਣਵਾੜੀ ਵਰਕਰਾਂ ਨੂੰ ਸਮਾਰਟ ਫੋਨ ਦਿੱਤੇ ਜਾਣ। ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੇ ਪੋਸ਼ਨ ਟਰੈਕਰ ਐਪ ਤੇ ਕੰਮ ਕਰਨ ਬਦਲੇ ਉਤਸ਼ਾਹ ਵਰਧਕ ਰਾਸ਼ੀ ਦੇ ਬਕਾਏ ਤੁਰੰਤ ਜਾਰੀ ਕੀਤੇ ਜਾਣ। ਉਹਨਾਂ ਇਹ ਵੀ ਕਿਹਾ ਕਿ ਆਮ ਆਦਮੀ ਪਾਰਟੀ ਨੇ ਸਰਕਾਰ ਬਨਣ ਤੋਂ ਪਹਿਲਾਂ ਇਹ ਵਾਅਦਾ ਕੀਤਾ ਸੀ ਕਿ ਜੇਕਰ ਉਹਨਾਂ ਦੀ ਸਰਕਾਰ ਬਣੀ ਤਾਂ ਉਹ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦਾ ਮਾਣ ਭੱਤਾ ਦੁੱਗਣਾ ਕਰਨਗੇ । ਪਰ ਢਾਈ ਸਾਲ ਬੀਤ ਗਏ । ਮਾਣ ਭੱਤਾ ਦੁੱਗਣਾ ਤਾਂ ਕੀ ਕਰਨਾ ਸੀ ਉਲਟਾ ਪਹਿਲਾਂ ਮਿਲਦਾ ਮਾਣ ਭੱਤਾ ਲੈਣ ਲਈ ਵੀ ਧਰਨੇ ਪ੍ਰਦਰਸ਼ਨ ਕਰਨੇ ਪਏ ।

ਇਸ ਮੌਕੇ ਸ਼ਰਨਜੀਤ ਕੌਰ , ਜਗਦੀਪ ਕੌਰ , ਰਛਪਾਲ ਕੌਰ , ਰਜਵੰਤ ਕੌਰ ,ਗੀਤਾ ਦੇਵੀ , ਕਮਲਾ ਰਾਣੀ , ਸੰਤੋਸ਼ , ਰੀਤੂ ਰਾਣੀ ਗੀਤਾ ਦੇਵੀ ਅਤੇ ਹੋਰ ਆਗੂ ਮੌਜੂਦ ਸਨ ।

## ਵੱਖ ਵੱਖ ਕਲਾਕਾਰਾਂ ਅਤੇ ਗਾਇਕ ਵਲੋਂ ਚੇਅਰਮੈਨ ਮਲਕੀਤ ਸਿੰਘ ਬੱਲ ਨੂੰ ਭੇਜੀਆਂ ਸ਼ੁਭਕਾਮਨਾਵਾਂ

✤ ਪੰਜਾਬ ਦਾ ਖੁਲਾਸਾ



**ਅੰਮ੍ਰਿਤਸਰ, 27 ਨਵੰਬਰ (ਦਿਨੇਸ਼ ਸੋਨੀ)** ਵੱਖ ਵੱਖ ਪ੍ਰਸਿੱਧ ਪੰਜਾਬੀ ਗਾਇਕ ਅਤੇ ਕਲਾਕਾਰਾ ਵਲੋ ਸ੍ਰ ਮਲਕੀਤ ਸਿੰਘ ਬੱਲ ਜੀ ਨੂੰ ਮਹਾਰਾਸ਼ਟਰ ਰਾਜ ਪੰਜਾਬੀ ਸਾਹਿਤ ਅਕਾਦਮੀ ਦੇ ਚੇਅਰਮੈਨ ਵਜੋਂ ਨਿਯੁਕਤੀ 'ਤੇ ਸ਼ੁਭ ਕਾਮਨਾਵਾਂ ਅਤੇ ਵਧਾਈਆ ਭੇਜੀਆਂ ਗਈਆਂ ਅਤੇ ਕਿਹਾ ਕਿ ਇਹ ਬਹੁਤ ਹੀ ਮਾਣ ਵਾਲੀ ਗੱਲ ਹੈ ਜੋਂ ਮਹਾਰਾਸ਼ਟਰ ਸਰਕਾਰ ਨੇ ਮਲਕੀਤ ਸਿੰਘ ਬੱਲ ਜੀ ਨੂੰ ਚੇਅਰਮੈਨ ਨਿਯੁਕਤ ਗਿਆ ਇਸ ਮੌਕੇ ਸ੍ਰ ਮਲਕੀਤ ਸਿੰਘ ਬੱਲ ਜੀ ਨੇ ਕਿਹਾ ਕਿ ਜੋ ਜ਼ਿੰਮੇਵਾਰੀ ਉਹਨਾਂ ਨੂੰ ਸੌਂਪੀ ਗਈ ਹੈ ਉਸਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ ਅਤੇ ਇਸਦੇ ਨਾਲ ਹੀ ਚੇਅਰਮੈਂਨ ਬੱਲ ਨੇ ਸਾਰੇ ਗਾਇਕ ਅਤੇ ਕਲਾਕਾਰਾ ਦਾ ਸ਼ੁੱਭਕਾਮਨਾਵਾਂ ਭੇਜਣ ਲਈ ਤਹਿ ਦਿਲੋਂ ਧੰਨਵਾਦ ਕੀਤਾ

## ਬੋੜਹਾਈ ਕਲਾਂ ਦੇ ਆਂਗਨਵਾਵੀ ਸੈਂਟਰ ਵਿਖੇ ਜਾਗਰੂਕਤਾ ਸਮਰੋਹ ਦਾ ਅਯੋਜਨ

✤ ਪੰਜਾਬ ਦਾ ਖੁਲਾਸਾ

**ਅਹਿਮਦਗੜ੍ਹ, 27 ਨਵੰਬਰ (ਬੰਟੀ ਚੌਹਾਨ)** ਇੱਥੇ ਲਾਗਲੇ ਪਿੰਡ ਬੋੜਹਾਈ ਕਲਾਂ ਦੇ ਆਂਗਨਵਾਵੀ ਸੈਂਟਰ ਨੰ. ੧੫੫ ਵਿਖੇ ਪਿੰਡ ਦੀ



ਸਰਪੰਚ ਬਬਿਤੀ ਜੁਗਰਾਜ ਕੌਰ ਦੀ ਅਗਵਾਈ ਹੇਠ ਸਮੂਹ ਪੰਚਾ ਦੀ ਹਾਜਰੀ ਵਿੱਚ ਗਰਭਵਤੀ ਔਰਤਾ ਲਈ ਗੋਦ ਭਰਾਈ ਨਾਮੀ ਵਿਸ਼ੇਸ਼ ਪ੍ਰੋਗਰਾਮ ਕਰਵਾਇਆ ਗਿਆ।ਜਿਸ ਵਿੱਚ ਪਿੰਡ ਦੀਆ ਗਰਭਵਤੀ ਔਰਤਾ ਨੂੰ ਸਿਹਤ ਦੀ ਤੰਦਰੁਸਤੀ ਸਬੰਧੀ ਜਾਗਰੂਕ ਕੀਤਾ ਗਿਆ ਤੇ ਸਮੂਹ ਔਰਤਾ ਨੂੰ ਵਿਸ਼ੇਸ਼ ਨਾਸਤਾ ਦਿੱਤ ਗਿਆ।ਇਸ ਮੌਕੇ ਸਰਪੰਚ ਜੁਗਰਾਜ ਕੌਰ ਨੇ ਸਮੂਹ ਔਰਤਾ ਨੂੰ ਵਿਸ਼ਾਸ ਦਵਾਇਆ ਕਿ ਆਂਗਵਾੜੀ ਅਧੀਨ ਦਿੱਤੀ ਜਾਦੀਆ ਸਾਰੀ ਆ ਸਕੀਮਾ ਦਾ ਲਾਭ ਦਵਾਇਆ ਜਾਵੇਗਾ ਤੇ ਆਗਨਵਾੜੀ ਸੈਂਟਰ ਨੂੰ ਹੋਰ ਵੀ ਕਿਸੇ ਵੀ ਕਿਸਮ ਦੀ ਜਰੂਰਤ ਨੂੰ ਪੂਰਾ ਕੀਤਾ ਜਾਵੇਗਾ। ਇਸ ਮੌਕੇ ਗੁਰਜੀਤ ਸਿੰਘ ਪੰਚ, ਕਲੱਬ ਪ੍ਰਧਾਨ ਸੁਖਜੀਤ ਸਿੰਘ, ਪੰਚ ਹਰਦੀਪ ਸਿੰਘ, ਬਲਵੀਰ ਸਿੰਘ, ਸਾਬਕਾ ਚੇਅਰਮੈਨ ਬਲਜਿੰਦਰ ਸਿੰਘ, ਗੁਰਜੀਤ ਸਿੰਘ ਗੀਤੀ ਪੰਚ, ਜਸਵਿੰਦਰ ਜੱਸ, ਬਲਦੇਵ ਸਿੰਘ ਪੰਚ, ਮਨਦੀਪ ਸਿੰਘ ਰਿੱਕੂ, ਮੈਡਮ ਸੁਨੀਤਾ ਰਾਣੀ, ਹੈਲਪਰ ਕੁਲਵੰਤ ਕੌਰ, ਆਦਿ ਹਾਜਰ ਸਨ।

## ਐਜੂਕੇਸ਼ਨ ਪਾਰਕ ਲਈ ਜਿਲ੍ਹੇ ਦੇ 40 ਸਕੂਲਾਂ ਲਈ 08 ਲੱਖ ਰੁਪਏ ਦੀ ਰਾਸ਼ੀ ਦੀ ਜਾਰੀ

✤ ਪੰਜਾਬ ਦਾ ਖੁਲਾਸਾ

**ਫਰੀਦਕੋਟ, 27 ਨਵੰਬਰ (ਗੁਰਦੀਪ ਸਿੰਘ ਢਿੱਲੋਂ)** ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਜਿੱਥੇ ਸੂਬੇ ਦੇ ਸਰਵਪੱਖੀ ਵਿਕਾਸ ਲਈ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ , ਉੱਥੇ ਹੀ ਸੂਬੇ ਵਿੱਚ ਸਿਹਤ ਤੇ ਸਿੱਖਿਆ ਦੇ ਖੇਤਰ ਵਿੱਚ ਵਿਕਾਸ ਤੇ ਸੁਧਾਰਾਂ ਲਈ ਵੀ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਇਨ੍ਹਾਂ ਸ਼ਬਦਾ ਦਾ ਪ੍ਰਗਟਾਵਾ ਵਿਧਾਇਕ ਫਰੀਦਕੋਟ ਸ. ਗੁਰਦਿੱਤ ਸਿੰਘ ਸੇਖੋਂ ਨੇ ਸਮੱਗਰਾ ਸਿੱਖਿਆ 2024-25 ਤਹਿਤ ਜਿਲ੍ਹੇ ਦੇ 40 ਸਕੂਲਾਂ ਵਿੱਚ ਬਣਾਏ ਜਾ ਰਹੇ ਐਜੂਕੇਸ਼ਨ ਪਾਰਕਾਂ ਲਈ ਜਾਰੀ ਹੋਈ 8 ਲੱਖ ਰੁਪਏ ਦੀ ਰਾਸ਼ੀ ਬਾਰੇ ਜਾਣਕਾਰੀ ਦਿੰਦਿਆਂ ਕੀਤਾ। ਇਸ ਸਬੰਧੀ ਹੋਰ ਵਧੇਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਸਮੱਗਰਾ ਸਿੱਖਿਆ ਤਹਿਤ ਜਿੱਥੇ ਸਕੂਲਾਂ ਵਿੱਚ ਵਧੀਆ ਸਿਖਲਾਈ ਲਈ ਕਿਤਾਬਾਂ, ਵਰਦੀ ਆਦਿ ਮੁੱਹਈਆ ਕਰਵਾਈ ਜਾ ਰਹੀ ਹੈ, ਉੱਥੇ ਹੀ ਵਿਦਿਆਰਥੀਆਂ ਦੇ ਭੂਗੋਲਿਕ, ਵਿਗਿਆਨਕ ਅਤੇ ਗਣਿਤਿਕ ਦ੍ਰਿਸ਼ਟੀਕੋਣ ਵਿੱਚ ਵਾਧਾ ਕਰਨ ਦੇ ਮੰਤਵ ਨਾਲ ਐਜੂਕੇਸ਼ਨ ਪਾਰਕ ਬਣਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪਾਰਕ ਐਜੂਕੇਸ਼ਨ ਪਾਰਕ ਵਿੱਚ ਮਾਡਲ ਫਾਈਬਰ, ਪਲਾਸਟਿਕ ਅਤੇ ਲੋਹੇ ਦੇ ਬਣਾਏ ਜਾਣਗੇ, ਜੋ ਕਿ ਬਰਸਾਤੀਂ ਮੌਸਮ ਵਿੱਚ ਵੀ ਨੁਕਸਾਨੇ ਨਹੀਂ ਜਾਣਗੇ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਪਾਰਕ ਵਿੱਚ ਇੱਕ ਆਈਡੀਆ ਬਾਕਸ ਵੀ ਲਗਾਇਆ ਜਾਵੇਗਾ,ਜਿਸ ਵਿੱਚ ਵਿਦਿਆਰਥੀ ਪਾਰਕ ਵਿੱਚ ਬੈਠ ਕੇ ਪਾਰਕ ਨੂੰ ਹੋਰ ਵਧੇਰੇ ਬਿਹਤਰ ਕਰਨ ਲਈ ਆਪਣੇ ਸੁਝਾਅ ਲਿੱਖ ਕੇ ਪਾਉਣਗੇ, ਜਿਸ ਨਾਲ ਉਨ੍ਹਾਂ ਦੀ ਪਾਰਕ ਵਿੱਚ ਦਿਲਸਚਪੀ ਵਧੇਗੀ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਿੱਖਿਆ ਸੰਸਥਾਵਾਂ ਤੇ ਵਿਸ਼ੇਸ਼ ਤਵੱਜੋਂ ਦਿੱਤੀ ਜਾ ਰਹੀ ਹੈ ਜਿਸ ਤਹਿਤ ਸਰਕਾਰੀ ਸਕੂਲਾਂ ਨੂੰ ਪੰਜਾਬ ਸਰਕਾਰ ਵੱਲੋਂ ਗਰਾਂਟਾਂ ਦੀ ਕੋਈ ਕਮੀ ਨਹੀਂ ਰਹਿਣ ਦਿੱਤੀ ਜਾ ਰਹੀ ।



## ਸੀ.ਐਮ. ਦੀ ਯੋਗਸ਼ਾਲਾ ਅਧੀਨ ਸ਼ਹਿਰ ਦੀਆਂ ਵੱਖ-ਵੱਖ ਥਾਵਾਂ 'ਤੇ ਲਗਾਈਆਂ ਜਾ ਰਹੀਆਂ ਹਨ ਮੁਫ਼ਤ ਯੋਗਾ ਕਲਾਸਾਂ

### 22 ਯੋਗਾ ਟ੍ਰੇਨਰਾਂ ਵੱਲੋਂ ਮੁਹੱਈਆ ਕਰਵਾਈਆਂ ਜਾ ਰਹੀਆਂ ਯੋਗ ਸੇਵਾਵਾਂ

✤ ਪੰਜਾਬ ਦਾ ਖੁਲਾਸਾ

**ਸ੍ਰੀ ਮੁਕਤਸਰ ਸਾਹਿਬ, 27 ਨਵੰਬਰ (ਮਨਪ੍ਰੀਤ ਮੋਨੂੰ)**:- ਲੋਕਾਂ ਨੂੰ ਸਿਹਤਮੰਦ ਰੱਖਣ ਲਈ ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੀ.ਐਮ. ਦੀ ਯੋਗਸ਼ਾਲਾ ਦੇ ਪ੍ਰੋਜੈਕਟ ਅਧੀਨ ਸ੍ਰੀ ਮੁਕਤਸਰ ਸਾਹਿਬ ਸ਼ਹਿਰ ਵਿੱਚ ਰੋਜ਼ਾਨਾ ਸਵੇਰੇ ਅਤੇ ਸ਼ਾਮ 123 ਕਲਾਸਾਂ ਯੋਗ ਦੀਆਂ ਲਗਾਈਆਂ ਜਾ ਰਹੀਆਂ ਹਨ, ਇਹ ਜਾਣਕਾਰੀ ਡਿਪਟੀ ਕਮਿਸ਼ਨਰ, ਸ੍ਰੀ ਮੁਕਤਸਰ ਸਾਹਿਬ ਸ੍ਰੀ ਰਾਜੇਸ਼ ਤ੍ਰਿਪਾਠੀ ਨੇ ਦਿੱਤੀ।



ਉਨ੍ਹਾਂ ਦੱਸਿਆ ਕਿ ਸ੍ਰੀ ਮੁਕਤਸਰ ਸਾਹਿਬ ਸ਼ਹਿਰ ਵਿੱਚ ਗੁਰੂ ਗੋਬਿੰਦ ਸਿੰਘ ਪਾਰਕ, ਪੁੱਡਾ ਕਲੋਨੀ, ਜੀ.ਟੀ.ਬੀ. ਐਨਕਲੇਵ, ਨਾਰੰਗ ਕਲੋਨੀ, ਵੋਹਰਾ ਕਲੋਨੀ, ਗੁਰੂ ਅੰਗਦ ਦੇਵ ਨਗਰ, ਕਮਿਊਨਿਟੀ ਹਾਲ ਕੋਟਕਪੂਰਾ ਰੋਡ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਬੁੱਧ ਵਿਹਾਰ, ਜੋਧੂ ਕਲੋਨੀ, ਗਾਰਡਨ ਕਲੋਨੀ, ਦਸ਼ਮੇਸ਼ ਨਗਰ ਗਲੀ ਨੰ. 4 ਅਤੇ 8, ਮਾਡਲ ਟਾਉਨ ਗਲੀ ਨੰ. 2, ਆਦੇਸ਼ ਨਗਰ ਕੋਟਕਪੂਰਾ ਰੋਡ ਗਲੀ ਨੰ. 4-ਬੀ, ਗਰੀਨ ਐਵਨਿਊ, ਭਾਈ ਜਰਨੈਲ ਸਿੰਘ ਨਗਰ, ਕੱਚਾ ਭਾਗਸਰ ਰੋਡ ਗਲੀ ਨੰ. 3 ਅਤੇ 10, ਅਬੋਹਰ ਰੋਡ ਗਲੀ. ਨੰ. 4, 7 ਅਤੇ 12 ਆਦਿ ਥਾਵਾਂ 'ਤੇ ਯੋਗਾ ਕਲਾਸਾਂ ਲਗਾਈਆਂ ਜਾ ਰਹੀਆਂ ਹਨ ਅਤੇ ਇਨ੍ਹਾਂ ਯੋਗ ਕਲਾਸਾਂ ਲਈ 22 ਯੋਗਾ ਟ੍ਰੇਨਰ ਸੇਵਾਵਾਂ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਯੋਗ ਸ਼ਰੀਰਕ ਤੇ ਮਾਨਸਿਕ ਦੋਨਾਂ ਪੱਖੋਂ ਬਹੁਤ ਲਾਭਕਾਰੀ ਹੈ ਅਤੇ ਇਸ ਨਾਲ ਬਹੁਤ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਜੇਕਰ ਕਿਸੇ ਵੀ ਮੁਹੱਲੇ ਦੇ ਲੋਕ ਆਪਣੇ ਇਲਾਕੇ ਵਿੱਚ ਯੋਗ ਕਲਾਸ ਲਗਵਾਉਣਾ ਚਾਹੁੰਦੇ ਹਨ ਤਾਂ ਉਹ ਪੰਜਾਬ ਸਰਕਾਰ ਦੇ ਹੈਲਪਲਾਈਨ ਨੰਬਰ 76694-00500 'ਤੇ ਮਿਸ ਕਾਲ ਕਰ ਸਕਦੇ ਹਨ, ਜਿਸ ਅਨੁਸਾਰ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਦੇ ਘਰ ਦੇ ਨੇੜੇ ਹੀ ਸੀ.ਐਮ. ਦੀ ਯੋਗਸ਼ਾਲਾ ਸ਼ੁਰੂ ਕਰਵਾਈ ਜਾਵੇਗੀ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਦੇ ਇਸ ਉਪਰਾਲੇ ਦਾ ਵੱਧ ਤੋਂ ਵੱਧ ਫਾਇਦਾ ਉਠਾਉਣ ਅਤੇ ਤੰਦਰੁਸਤ ਰਹਿਣ।

## ਜਨਮਦਿਨ ਮੁਬਾਰਕ



ਗੁਰਸਿਫਤ ਕੌਰ ਘੁੰਮਣ ਸਪੁੱਤਰੀ ਸਰਦਾਰ ਗੁਰਦੇਵ ਸਿੰਘ

## ਵਿਵੇਕ ਚੈਰੀਟੇਬਲ ਅੱਖਾਂ ਦਾ ਹਸਪਤਾਲ ਜਲਾਲ ਵਿਖੇ 240 ਮਰੀਜਾਂ ਦੇ ਮੁਫਤ ਲੈਂਜ ਪਾਏ ਗਏ

ਪੰਜਾਬ ਦਾ ਖੁਲਾਸਾ

**ਭਗਤਾ ਭਾਈਕਾ, 27 ਨਵੰਬਰ (ਅਵਤਾਰ ਸਿੰਘ ਮੱਲਾ)** ਸਥਾਨਕ ਸ਼ਹਿਰ ਦੇ ਨੇੜਲੇ ਪਿੰਡ ਜਲਾਲ ਵਿਖੇ ਬ੍ਰਹਮਲੀਨ ਸੰਤ ਬਾਬਾ ਕਰਨੈਲ ਦਾਸ ਜੀ ਦੇ ਅਸ਼ੀਰਵਾਦ ਨਾਲ ਮੌਜੂਦਾ ਗੱਦੀ ਨਸ਼ੀਨ ਸ਼੍ਰੀ ਮਾਨ ਸੁਆਮੀ ਬ੍ਰਹਮਮੁਨੀ ਜੀ ਦੀ ਅਗਵਾਈ ਹੇਠ ਅਤੇ ਸੰਸਥਾ ਦੇ ਮੁੱਖ ਪ੍ਰਬੰਧਕ ਸ੍ਰੀ ਮਾਨ ਬਾਬਾ ਗੰਗਾ ਰਾਮ ਜੀ ਦੇ ਯਤਨਾਂ ਸਦਕਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ 252 ਵਾਂ ਅੱਖਾਂ ਦਾ ਮੁਫਤ ਲੈਂਜ ਕੈਂਪ ਵਿਵੇਕ ਚੈਰੀਟੇਬਲ ਅੱਖਾਂ ਦਾ ਹਸਪਤਾਲ ਜਲਾਲ (ਬਠਿੰਡਾ) ਜੋ ਕਿ ਗੁਰੂਸਰ ਬਸ ਸਟੈਂਡ ਉੱਪਰ ਸਥਿਤ ਹੈ 23 ਨਵੰਬਰ ਦਿਨ ਸਨਿਚਰਵਾਰ ਨੂੰ ਲਗਾਇਆ ਗਿਆ। ਜਿਸ ਵਿੱਚ ਲਗਭਗ 240 ਯੋਗ ਮਰੀਜਾ ਦੇ ਮੁਫਤ ਲੈਂਜ ਪਾਏ ਗਏ । ਇਸ ਮੌਕੇ ਨਾਇਬ ਤਹਿਸੀਲਦਾਰ ਗੁਰਦੀਪ ਸਿੰਘ ਜੀ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਅਤੇ ਇਥੇ ਦੇ ਕਾਰਜਾਂ ਦੀ ਸਲਾਘਾ ਕਰਦਿਆਂ ਕਿਹਾ ਕਿ ਵਿਵੇਕ ਚੈਰੀਟੇਬਲ ਅੱਖਾਂ ਦਾ ਹਸਪਤਾਲ ਮਨੁੱਖਤਾ ਦੀ ਸੇਵਾ ਨੂੰ ਸਭ ਤੋ ਉੱਤਮ ਮੰਨ ਕੇ ਬਹੁਤ ਹੀ ਨੇਕ ਕਾਰਜ ਕਰ ਰਿਹਾ ਹੈ ।ਇਸ ਮੌਕੇ ਸ੍ਰੀ ਮਾਨ ਸੰਤ ਬਾਬਾ ਗੰਗਾ ਰਾਮ ਜੀ ਨੇ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਉੱਚ ਕੋਟੀ ਦੇ ਡਾਕਟਰ ਰਵੀਕਾਂਤ ਬਮੋਤਰਾ ਐਮ ਐਸ ਆਈ ਸਰਜਨ , ਡਾ ਮਿਨਾਕਸ਼ੀ ਸਿੱਧੂ ਐਮ ਐਸ ਆਈ ਸਰਜਨ , ਡਾ ਸੁਪ੍ਰੀਤ ਕੌਰ ਵੱਲੋਂ 910 ਮਰੀਜਾ ਦਾ ਚੈੱਕ ਅੱਪ ਕਰਕੇ ਮੁਫਤ ਦਵਾਈਆਂ ਦਿਤੀਆਂ ਗਈਆਂ ਅਤੇ ਆਪ੍ਰੇਸ਼ਨ ਯੋਗ 240 ਮਰੀਜਾਂ ਦੇ ਮੁਫਤ ਲੈਂਜ ਪਾਏ ਗਏ ਇਸ ਮੌਕੇ ਗੁਰੂ ਕਾ ਲੰਗਰ ਵੀ ਅਤੁੱਟ ਵਰਤਾਇਆ ਗਿਆ । ਇਸ ਮੌਕੇ ਸੰਤ ਸਰਬਾਨੰਦ ਜੀ ਹਰਿਦੁਆਰ ਵਾਲੇ ,ਸਤੀਸ਼ ਕੁਮਾਰ ਸ਼ਰਮਾਂ ਕਲਿਆਣ ਵਾਲੇ ,ਕੇਵਲ ਸਿੰਘ ਭੰਡਾਰੀ, ਡਾ. ਬੀਰਭਾਨ ਜਲਾਲ ,ਜਸਵਿੰਦਰ ਸਿੰਘ, ਪੱਪੂ ਕਲਰਕ ਅਤੇ ਸਮੁੱਚਾ ਸਟਾਫ ਹਾਜਰ ਸਨ।





## ਸਰਵਹਿੱਤਕਾਰੀ ਵਿੱਦਿਆ ਮੰਦਰ ਭੀਖੀ ਵਿਖੇ ਲਗਾਇਆ ਸੀਨੀਅਰ ਵਿਦਆਰਥੀਆਂ ਦਾ ਸਿਹਤ ਜਾਂਚ ਕੈਂਪ

ਪੰਜਾਬ ਦਾ ਖੁਲਾਸਾ

**ਭੀਖੀ, 27 ਨਵੰਬਰ (ਕਮਲ ਜਿੰਦਲ)**- ਸਰਵਹਿੱਤਕਾਰੀ ਵਿਦਆ ਮੰਦਰ ਭੀਖੀ ਵਿਖੇ ਸਿਹਤ ਵਿਭਾਗ ਭੀਖੀ ਦੀ ਸਮੁੱਚੀ ਟੀਮ ਵੱਲੋਂ ਸਿਹਤ ਜਾਂਚ ਕੈਂਪ ਤਹਿਤ ਸੀਨੀਅਰ ਵਿਦਆਰਥੀਆਂ ਦੀ ਸਿਹਤ ਦੀ ਜਾਂਚ ਕੀਤੀ ਗਈ। ਇਸ ਮੌਕੇ ਜਾਣਕਾਰੀ ਦਿੰਦਿਆਂ ਸਕੂਲ ਪ੍ਰਿੰਸੀਪਲ ਡਾ: ਗਗਨਦੀਪ ਪਰਾਸ਼ਰ ਨੇ ਦੱਸਿਆ ਕਿ ਇਸ ਸਮੇਂ ਸਰਕਾਰੀ ਹਸਪਤਾਲ ਭੀਖੀ ਦੇ ਦੰਦਾਂ ਦੇ ਡਾਕਟਰ ਨਿਰਮਲ ਸਿੰਘ, ਸਿਹਤ ਅਧਿਕਾਰੀ ਕਮਲਜੀਤ ਸਿੰਘ, ਦਵਾਈ ਵਿਭਾਗ ਤੋਂ ਸੇਵਾ ਮੁਕਤ ਗੁਰਦੀਪ ਸਿੰਘ ਅਤੇ ਸਕੂਲ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੈਂਬਰ ਡਾ. ਮੱਖਣ ਲਾਲ ਅਤੇ ਉਹਨਾਂ ਦੇ ਸਹਾਇਕ ਗੋਲਡੀ ਜੀ ਦਾ ਪੂਰਾ ਸਹਿਯੋਗ ਰਿਹਾ। ਇਸ ਦੌਰਾਨ ਦੰਦਾਂ ਦੇ ਮਾਹਿਰ ਡਾ: ਨਿਰਮਲ ਸਿੰਘ ਨੇ 200 ਬੱਚਿਆਂ ਦੇ ਦੰਦਾਂ ਦੀ ਜਾਂਚ ਕੀਤੀ ਫ਼ ਉਨ੍ਹਾਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਦੰਦਾਂ ਦੀ ਸਹੀ ਦੇਖਭਾਲ ਨਾ ਕਰਨ ਨਾਲ ਦੰਦਾਂ ਸਬੰਧੀ ਕਈ ਤਰ੍ਹਾਂ ਦੀਆਂ ਬਿਮਾਰੀਆਂ ਲੱਗ ਜਾਂਦੀਆਂ ਹਨ ਫ਼ ਉਨ੍ਹਾਂ ਬੱਚਿਆਂ ਨੂੰ ਸਿਹਤ ਪ੍ਰਤੀ ਸੁਚੇਤ ਰਹਿਣ ਦੀ ਸਲਾਹ ਦਿੰਦਿਆਂ ਕਿਹਾ ਕਿ ਜੇਕਰ ਛੋਟੀਆਂ-ਮੋਟੀਆਂ ਬਿਮਾਰੀਆਂ ਦਾ ਸਮੇਂ ਸਿਰ ਇਲਾਜ ਨਾ ਕੀਤਾ ਜਾਵੇ ਤਾਂ ਉਹ ਗੰਭੀਰ ਸਮੱਸਿਆਵਾਂ ਦਾ ਰੂਪ ਧਾਰਨ ਕਰ ਸਕਦੇ ਹਨ । ਸਾਨੂੰ ਸਵੇਰੇ ਜਲਦੀ ਉੱਠ ਕੇ ਸੈਰ ਕਰਨੀ ਚਾਹੀਦੀ ਹੈ ਕਿਉਂਕਿ ਸਵੇਰ ਦੀ ਹਵਾ ਸ਼ੁੱਧ ਹੁੰਦੀ ਹੈ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਨੇ ਡਾਕਟਰਾਂ ਦੀ ਟੀਮ ਵੱਲੋਂ ਸਿਹਤ ਪ੍ਰਤੀ ਜਾਗਰੂਕਤਾ ਫੈਲਾਉਣ ਲਈ ਚੁੱਕੇ ਕਦਮਾਂ ਦੀ ਸ਼ਲਾਘਾ ਕਰਦਿਆਂ ਤਹਿ ਦਿਲੋਂ ਧੰਨਵਾਦ ਕੀਤਾ ।

## ਗੁਰਦੁਆਰਾ ਸੁਖਚੈਨਆਣਾ ਸਾਹਿਬ ਵਿਖੇ ਹਫਤਾਵਰੀ ਧਾਰਮਿਕ ਸਮਾਗਮ ਕਰਵਾਇਆ ਗਿਆ

ਪੰਜਾਬ ਦਾ ਖੁਲਾਸਾ





**ਫਗਵਾੜਾ, 27 ਨਵੰਬਰ (ਪ੍ਰੀਤ ਕੌਰ ਪ੍ਰੀਤੀ)** ਗੁਰਦੁਆਰਾ ਸੁਖਚੈਨਆਣਾ ਸਾਹਿਬ ਵਲੋਂ ਸ. ਪ੍ਰਭਜੋਤ ਸਿੰਘ ਜੀ ਦੇ ਸਮੂਹ ਪਰਿਵਾਰ ਅਤੇ ਸਮੂਹ ਸਾਧ ਸੰਗਤ ਦੇ ਭਰਭੂਰ ਸਹਿਯੋਗ ਨਾਲ ਹਫਤਾਵਰੀ ਗੁਰਮਤਿ ਸਮਾਗਮ ਗੁਰਦੁਆਰਾ ਸੁਖਚੈਨਆਣਾ ਸਾਹਿਬ ਵਿਖੇ ਕਰਵਾਇਆ ਗਿਆ । ਇਸ ਸਮਾਗਮ ਵਿੱਚ ਭਾਈ ਮਹਾਂਵੀਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸ੍ਰੀ ਅੰਮ੍ਰਿਤਸਰ ਸਾਹਿਬ ਵਾਲੇ ,ਭਾਈ ਸ਼ਮਸੇਰ ਸਿੰਘ,ਭਾਈ ਗੁਰਜੀਤ ਸਿੰਘ ਭੱਠਲ ਕਵੀਸ਼ਰੀ ਜਥਾ ,ਭਾਈ ਕੇਵਲ ਸਿੰਘ ਕਥਾ ਵਾਚਕ ,ਭਾਈ ਸਤਿੰਦਰਜੀਤ ਸਿੰਘ ਖਾਲਸਾ, ਭਾਈ ਬਲਵਿੰਦਰ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸੁਖਚੈਨਆਣਾ ਸਾਹਿਬ ਆਦਿ ਜਥਿਆ ਨੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਦੁਆਰਾ ਨਿਹਾਲ ਕੀਤਾ । ਇਸ ਮੌਕੇ ਸ.ਨਰਿੰਦਰ ਸਿੰਘ ਮੈਨੇਜਰ,ਗੁਰਪ੍ਰੀਤ ਸਿੰਘ ਅਕਾਉਂਟੈਂਟ,ਭਾਈ ਹਰਜਿੰਦਰ ਸਿੰਘ ਸਟੋਰ ਕੀਪਰ, ,ਮੋਹਣ ਸਿੰਘ ,ਗੁਰਪਰੀਤ ਸਿੰਘ,ਗੁਰਭੇਜ ਸਿੰਘ, ਸ. ਜਰਨੈਲ ਸਿੰਘ ਵਾਹਦ , ਜਤਿੰਦਰ ਸਿੰਘ ਖਾਲਸਾ ,ਰਵਿੰਦਰ ਸਿੰਘ ਰਾਏ, ਸ. ਹਰਵਿੰਦਰ ਸਿੰਘ ਬਾਵਾ, ਪਲਵਿੰਦਰ ਸਿੰਘ ਲਾਡੀ , ,ਜਸਵਿੰਦਰ ਸਿੰਘ ਘੁੰਮਣ ,ਤਰਸੇਮ ਸਿੰਘ ਸੇਮੀ , ਭਾਈ ਬਲਵਿੰਦਰ ਸਿੰਘ ਹੈਡ ਗ੍ਰੰਥੀ, ਭਾਈ ਅੰਮ੍ਰਿਤਪਾਲ ਸਿੰਘ ,ਜਸਵੀਰ ਸਿੰਘ ਢਿੱਲੋਂ,ਕੁਲਵਿੰਦਰ ਸਿੰਘ ਕਿੰਦਾ, ਅਮਰਜੀਤ ਸਿੰਘ ਬੱਬਲੀ ,ਅਰਵਿੰਦਰ ਸਿੰਘ ਨੀਟਾ ,ਜਸਵੀਰ ਸਿੰਘ ਸੱਗੂ,ਆਦਿ ਹਾਜ਼ਰ ਸਨ ।ਸੰਗਤਾਂ ਲਈ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ ।

## ਐਡਵੋਕੇਟ ਧਾਮੀ ਨੇ ਸੁਪਰੀਮ ਕੋਰਟ ਦੇ ਸੇਵਾ ਮੁਕਤ ਜੱਜ ਸ. ਕੁਲਦੀਪ ਸਿੰਘ ਦੇ ਚਲਾਣੇ 'ਤੇ ਗਹਿਰੇ ਦੁੱਖ ਦਾ ਕੀਤਾ ਇਜ਼ਹਾਰ

ਪੰਜਾਬ ਦਾ ਖੁਲਾਸਾ

**ਜੈਤੋ, 27 ਨਵੰਬਰ (ਰਘੂਨੰਦਨ ਪਰਾਸ਼ਰ** ):ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੁਪਰੀਮ ਕੋਰਟ ਦੇ ਸੇਵਾ ਮੁਕਤ ਜੱਜ ਸ. ਕੁਲਦੀਪ ਸਿੰਘ ਦੇ ਅਕਾਲ ਚਲਾਣਾ ਕਰ ਜਾਣ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਜਸਟਿਸ ਕੁਲਦੀਪ ਸਿੰਘ ਇਮਾਨਦਾਰ ਅਤੇ ਮਨੁੱਖਤਾ ਪ੍ਰਤੀ ਹਮਦਰਦੀ ਭਰੀ ਸੋਚ ਰੱਖਣ ਵਾਲੇ ਇਨਸਾਨ ਸਨ, ਜਿਨ੍ਹਾਂ ਵੱਲੋਂ ਸੁਪਰੀਮ ਕੋਰਟ ਦੇ ਬਤੌਰ ਜੱਜ ਵਜੋਂ ਨਿਭਾਈਆਂ ਸੇਵਾਵਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸ. ਕੁਲਦੀਪ ਸਿੰਘ ਨੇ ਪ੍ਰਦੂਸ਼ਣ ਅਤੇ ਵਾਤਾਵਰਣ ਦੇ ਮਾਮਲਿਆਂ ਵਿਚ ਮਿਸਾਲੀ ਫੈਸਲੇ ਸੁਣਾਏ। ਇਸ ਦੇ ਨਾਲ ਹੀ ਸਿੱਖ ਸੰਘਰਸ਼ ਦੌਰਾਨ ਝੂਠੇ ਪੁਲਿਸ ਮੁਕਾਬਲਿਆਂ ਦੀ ਜਾਂਚ ਵੀ ਕਰਵਾਈ। ਜਸਟਿਸ ਕੁਲਦੀਪ ਸਿੰਘ ਦਾ ਅਕਾਲ ਚਲਾਣਾ ਸਮਾਜ ਅਤੇ ਪਰਿਵਾਰ ਲਈ ਵੱਡਾ ਘਾਟਾ ਹੈ, ਜੋ ਪੂਰਾ ਨਹੀਂ ਹੋ ਸਕਦਾ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਜਸਟਿਸ ਕੁਲਦੀਪ ਸਿੰਘ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਰਤਾ ਪੁਰਖ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਣਾਂ ਵਿਚ ਨਿਵਾਸ ਦੇਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਪ੍ਰਦਾਨ ਕਰਨ।

## ਬਹੁਪੱਖੀ ਸਖ਼ਸ਼ੀਅਤ ਦਾ ਮਾਲਕ ਹੈ - ਬਲਜੀਤ ਸ਼ਰਮਾ

ਪੰਜਾਬ ਦਾ ਖੁਲਾਸਾ

**ਬਠਿੰਡਾ, 27 ਨਵੰਬਰ (ਸੱਤਪਾਲ ਮਾਨ)** : - ਬਲਜੀਤ ਸ਼ਰਮਾ ਇਕ ਮਘਦਾ ਸੂਰਜ, ਸੰਵੇਦਨਸ਼ੀਲ, ਉੱਚੀ ਅਤੇ ਬੁਲੰਦ ਸੋਚ ਦਾ ਮਾਲਕ, ਹਮੇਸ਼ਾ ਪੰਜਾਬ ਪੰਜਾਬੀਅਤ ਤੇ ਪੰਜਾਬੀ ਮਾਂ ਬੋਲੀ, ਕਿਰਸਾਨ ਤੇ ਕਿਸਾਨੀ , ਪਿੰਡਾਂ ਤੇ ਸ਼ਹਿਰਾਂ ਦੀ ਗੱਲ ਰੱਖਣ ਵਾਲਾ ਪੰਜਾਬੀ ਵਿਰਸੇ ਤੇ ਸੱਭਿਆਚਾਰ ਨੂੰ ਜਿਉਦਾ ਰੱਖਣ ਲਈ ਆਕਾਸ਼ਵਾਣੀ ਐਫ.ਐਮ. ਬਠਿੰਡਾ ਤੋਂ ਆਪਣੀ ਸ਼ੁੱਧ ਪੰਜਾਬੀ ਤੇ ਵਿਆਕਰਨ ਰਾਹੀ ਠੇਠ ਮਲਵਈ ਭਾਸ਼ਾ ਚ' ਧਾਰਾ ਪ੍ਰਵਾਹ ਬੋਲਦਾ ਹੋਇਆ, ਬੱਚਿਆਂ, ਨੌਜਵਾਨਾਂ, ਯੂਨੀਵਰਸਿਟੀਆਂ, ਕਾਲਜਾਂ, ਪੇਂਡੂ ਤੇ ਸ਼ਹਿਰੀ ਖਿੱਤੇ ਦੀਆਂ ਨੌਜਵਾਨ ਕੁੜੀਆਂ ਕਿਸਾਨੀ ਵੀਰਾਂ ਤੇ ਬੀਬੀ ਬਜ਼ੁਰਗਾਂ ਤੇ ਸਮੂਹ ਆਕਾਸ਼ਬਾਣੀ ਬਠਿੰਡਾ ਨੂੰ ਸੁਣਨ ਵਾਲੇ ਬੁੱਧੀਜੀਵੀ ਹਲਕਿਆਂ ਵਿੱਚ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ !ਬਲਜੀਤ ਸ਼ਰਮਾ ਨੇ ਆਪਣੀ ਆਕਾਸ਼ਵਾਣੀ ਜਲੰਧਰ , ਆਕਾਸ਼ਵਾਣੀ ਸ਼ਿਮਲਾ ਤੇ ਆਕਾਸ਼ਵਾਣੀ ਪਟਿਆਲਾ ਕੇਂਦਰਾਂ ਤੇ ਵੀ ਆਪਣੀਆਂ ਸੇਵਾਵਾਂ ਦਿੱਤੀਆਂ ਨੇ ਖਿਦਰਾਨੇ ਦੀ ਢਾਬ ਸ੍ਰੀ ਮੁਕਤਸਰ ਸਾਹਿਬ ਦਾ ਜੰਮਪਲ ਇੱਕ ਕਿਰਸਾਨੀ ਪਰਿਵਾਰ ਦਾ ਮਾਤਾ ਵਿੱਦਿਆ ਦੇਵੀ ਦੀ ਕੁੱਖੋਂ ਅਤੇ ਪਿਤਾ ਸਵਰਗਵਾਸੀ ਸ੍ਰੀ ਯਸ ਕੁਮਾਰ ਸ਼ਰਮਾ ਜੀ ਦੇ ਘਰ ਜਨਮ ਲਿਆ , ਜਿਨ੍ਹਾਂ ਨੇ ਆਪਣੇ ਦੋ ਬੱਚਿਆਂ ਬਲਜੀਤ ਅਤੇ ਦਿਲਜੀਤ ਨੂੰ ਬਹੁਤ ਵਧੀਆ ਸੰਸਕਾਰ ਦਿੱਤੇ ਨੇ ਉੱਚ ਵਿੱਦਿਆ ਲਈ ਆਪਣੇ ਦੋਹਾਂ ਬੱਚਿਆਂ ਨੂੰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਕਾਨੂੰਨ ਦੀ ਵਿੱਦਿਆ ਪ੍ਰਾਪਤ ਕਰਾਉਣ ਲਈ ਬਹੁਤ ਅਣਥੱਕ ਮਿਹਨਤ ਕੀਤੀ ! ਬਲਜੀਤ ਸ਼ਰਮਾ ਦੇ ਛੋਟੇ ਭਰਾ ਬਲਜੀਤ ਸ਼ਰਮਾ ਦੀ ਬਦੌਲਤ ਜ਼ਿਲ੍ਹਾ ਅਟਾਰਨੀ ਬਠਿੰਡਾ ਵਿਖੇ ਆਪਣੀ ਸੇਵਾਵਾਂ ਦੇ ਰਹੇ ਨੇ ਤੇ ਸਮਾਜ ਦੀ ਸੱਚੀ ਨਿਸ਼ਚਾ ਨਾਲ ਸੇਵਾ ਕਰ ਰਹੇ ਨੇ। ਬਲਜੀਤ ਸ਼ਰਮਾ ਸੱਚ ਨੂੰ ਬਹੁਤ ਵੱਡਾ ਮੰਨਦੇ ਨੇ ਸੱਚ ਤੋਂ ਬਿਨਾਂ ਤੇ ਸੱਚ ਤੋਂ ਕਿਨਾਰਾ ਕਰਨ ਵਾਲੇ ਲੋਕ ਉਸਨੂੰ ਚੰਗੇ ਨਹੀਂ ਲੱਗਦੇ , ਸੱਚ ਕਹਿਣਾ , ਸੱਚ ਹੰਢਾਉਣਾ , ਸੱਚ ਲਿਖਣਾ ਅਤੇ ਸੱਚ ਬੋਲਣਾ ਉਹਨਾਂ ਨੂੰ ਚੰਗਾ ਲੱਗਦਾ ਹੈ। ਰਾਤ ਨੂੰ ਰਾਤ ਦਿਨ ਨੂੰ ਦਿਨ ਨਾ ਕਹਿਣ ਵਾਲੇ ਲੋਕ ਉਸ ਨੂੰ ਧਰਤੀ ਤੇ ਭਾਰ ਲੱਗਦੇ ਨੇ। ਅਜਿਹੇ ਲੋਕਾਂ ਦਾ ਭਾਰ ਉਸਦੀ ਚੇਤਨਤਾ ਦੇ ਦਾਇਰੇ ਨੂੰ ਵਿਸ਼ਾਲ ਕਰਦਾ ਹੈ। ਉਹ ਚਾਹੁੰਦਾ ਹੈ ਕਿ ਇਸ ਧਰਤੀ ਤੇ ਭੇਦ ਭਾਵ ਨਾ ਹੋਣ ਮਨੁੱਖ ਨੂੰ ਮਨੁੱਖ ਦੇ ਤੌਰ ਤੇ ਲਿਆ ਜਾਣਾ ਚਾਹੀਦਾ ਹੈ। ਉਹ ਵਿਚਲੀ ਲਿਆਕਤ ਦੇ ਆਧਾਰ ਤੇ ਹਰ ਥਾਂ ਤੇ ਉਸ ਨੂੰ ਇੱਜਤ ਮਾਣ ਮਿਲਦਾ ਮਿਲਣਾ ਚਾਹੀਦਾ ਹੈ। ਬਲਜੀਤ ਸ਼ਰਮਾ ਦੇ ਅੰਦਰ ਅੱਗ ਹੈ , ਇਹ ਅੱਗ ਕਦੇ ਜਾਗਦੇ ਦੀ ਧੁਖਦੀ ਹੈ ਕਦੇ ਛੋਲੇ ਛੱਡਦੀ ਤੇ ਕਦੇ ਸੁਲਗਦੀ ਹੈ। ਇਹ ਅੱਗ ਕਦੇ - ਕਦੇ ਅੰਤਾਂ ਦਾ ਸੇਕ ਛੱਡਦੀ ਮਹਿਸੂਸ ਹੁੰਦੀ ਹੈ ਤੇ ਕਦੇ ਕਈ ਥਾਈ ਇਹੋ ਅੱਗ ਕੋਸੀ - ਕੋਸੀ ਜਾਪਦੀ ਨਿੱਘ ਜਿਹਾ ਦਿੰਦੀ ਹੈ। ਸੂਰਜ ਤੇ ਸਮੁੰਦਰ ਨਾਲ ਉਸ ਦੀ ਰਾਸ਼ੀ ਮਿਲਦੀ ਹੈ , ਉਹ ਆਪਣੀ ਆਵਾਜ਼ ਨਾਲ ਸਰੋਤਿਆਂ ਨੂੰ ਮੰਤਰ ਮੁਗਧ ਕਰਦਾ ਹੋਇਆ ਆਪਣੇ ਕਾਵਿ ਖਿਆਲਾਂ ਚ ਮਘਨ ਹੋਇਆ ਅਕਸਰ ਸੂਰਜ ਵਿੱਚ ਜਾ ਰਲਦਾ ਹੈ ਤੇ ਕਈ ਵੇਰਾਂ ਲਿਖਤਾਂ ਤੇ ਬੋਲਦਾ ਸਮੁੰਦਰ ਦੀਆਂ ਗਹਿਰਾਈਆਂ ਵਿੱਚ ਗਵਾਚ ਜਾਂਦਾ ਹੈ । ਸੂਰਜ ਅਤੇ ਸਮੁੰਦਰ ਉਸਦੀ ਸਮੁੱਚੀ ਸ਼ਕਤੀ ਵਿੱਚੋਂ ਇੱਕ ਮੁੱਖ ਪਹਿਲੂ ਬਣ ਕੇ ਉਭਰਦੇ ਹਨ। ਇਹਨਾਂ ਸਾਰੇ ਸਮੀਕਰਨਾਂ ਅਤੇ ਪਸਾਰਾਂ ਕਰਕੇ ਕਈ ਵਾਰੀ ਉਹ ਬੋਲਦਾ - ਬੋਲਦਾ ਕਈ ਬੰਦਿਸ਼ਾਂ ਦੀ ਪਰਵਾਹ ਨਾ ਕਰਦਾ ਹੋਇਆ ਆਕਾਸ਼ਵਾਣੀ ਦੇ ਪਲੇਟਫਾਰਮ ਤੋਂ ਸੱਚ ਬੋਲਣ ਦੀ ਜੁਰਤ ਰੱਖਦਾ ਹੈ। ਬਲਜੀਤ ਸ਼ਰਮਾ ਦੀ ਰਹਿਨੁਮਾਈ ਚ ਆਕਾਸ਼ਵਾਣੀ ਐਫ.ਐਮ. ਬਠਿੰਡਾ ਤੋਂ ਪ੍ਰਸਾਰਿਤ ਹੁੰਦੇ ਪ੍ਰੋਗਰਾਮ ਸਰੋਤਿਆਂ ਦੀ ਖਿੱਚ ਦਾ ਕੇਂਦਰ ਬਣੇ ਹੋਏ ਨੇ । ਜਿਨ੍ਹਾਂ ਵਿੱਚੋਂ ਆਪਣਾ ਵਿਰਸਾ ਆਪਣਾ ਸੱਭਿਆਚਾਰ , ਪਿੰਡਾਂ ਵਾਲੇ ਸ਼ਹਿਰਾਂ ਵਾਲੇ , ਖੁੰਢ ਚਰਚਾ , ਸੁਖਨ ਦੇ ਵਾਰਿਸ , ਹੱਡ ਬੀਤੀਆਂ ਜੱਗ ਬੀਤੀਆਂ, ਰੱਬ ਨੇ ਬਣਾਈਆਂ ਜੋੜੀਆਂ, ਹੈਲੋ ਡਾਕਟਰ, ਦੋ ਗੱਲਾਂ ਕਰੀਏ, ਇੱਕ ਤੂੰ ਹੋਵੇ ਇੱਕ ਮੈਂ ਹੋਵਾਂ, ਛਾਵਾਂ ਠੰਡੀਆਂ ਨੇ ਬੋਹੜ ਦੀਆਂ, ਮਿੱਟੀਆਂ ਬਾਜਾਂ ਮਾਰਦੀ , ਮੇਰਾ ਪਿੰਡ ਫੌਜੀ ਵੀਰਾਂ ਦੀ ਪਸੰਦ, ਗੱਥੇ ਸਰਹੱਦਾਂ ਦੇ ਵੀ ਸਰੋਤਾ ਮੰਚ ਵਿਸ਼ੇਸ਼ ਨੇ । ਬਲਜੀਤ ਸ਼ਰਮਾ ਨੇ ਆਪਣੇ ਆਉਣ ਵਾਲੇ ਦਿਨਾਂ ਵਿੱਚ ਹੋਰ ਵੀ ਨਵੇਂ ਪ੍ਰੋਗਰਾਮ ਸਰੋਤਿਆਂ ਦੀ ਪਸੰਦ ਤੇ ਆਮ ਲੋਕਾਂ ਦੀ ਆਵਾਜ਼ ਸਰਕਾਰ ਤੱਕ ਪਹੁੰਚਾਉਣ ਤੇ ਉਹਨਾਂ ਦੀਆਂ ਸਮੱਸਿਆ ਦੇ ਹੱਲ ਲਈ ਮੌਕੇ ਤੇ ਹੀ ਨਿਜੱਠਣ ਲਈ ਵੀ ਨਵੇਂ ਪ੍ਰੋਗਰਾਮ ਉਲੀਕਣ ਦਾ ਵਾਅਦਾ ਕੀਤਾ ਤੇ ਸਮੂਹ ਪ੍ਰਿੰਟ ਮੀਡੀਆ ਦੇ ਸੰਗੀਤਕਾਰ ਤੇ ਨਵੇਂ ਪੱਤਰਕਾਰ ਵੀਰਾਂ ਨੂੰ ਵੀ ਉਹਨਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਚੱਲਣ ਤੇ ਆਕਾਸ਼ਵਾਣੀ ਐਫ. ਐਮ. ਬਠਿੰਡਾ ਦੀ ਵਿਹੜੇ ਵਿੱਚ ਆਉਣ ਲਈ ਖੁੱਲੇ ਦਿਲ ਨਾਲ ਸੱਦਾ ਦਿੱਤਾ।



## ਪੱਲਸ ਪੋਲੀਓ ਰਾਓਂਡ ਲਈ ਜਿਲਾ ਟਾਸਕ ਫੋਰਸ ਦੀ ਕੀਤੀ ਮੀਟਿੰਗ

ਪੰਜਾਬ ਦਾ ਖੁਲਾਸਾ




**ਅੰਮ੍ਰਿਤਸਰ27 ਨਵੰਬਰ ( ਦਿਨੇਸ਼ ਸੋਨੀ** ) ਸਿਹਤ ਵਿਭਾਗ ਅੰਮ੍ਰਿਤਸਰ ਵਲੋਂ ਵਧੀਕ ਡਿਪਟੀ ਕਮਿਸ਼ਨਰ ਸ੍ਰ ਹਰਸਿਮਰਨ ਸਿੰਘ ਢਿੱਲੋਂ ਜੀ ਦੀ ਪ੍ਰਧਾਨਗੀ ਹੇਠਾਂ ਵਿਸ਼ਵ ਸਿਹਤ ਸੰਗਠਨ ਵਲੋਂ ਸਿਵਲ ਸਰਜਨ ਡਾ ਕਿਰਨਦੀਪ ਕੌਰ ਦੀ ਅਗਵਾਈ ਹੇਠ ਮਿਤੀ 8,9 ਅਤੇ 10 ਦਸੰਬਰ 2024 ਨੂੰ ਕੀਤੇ ਜਾਣ ਵਾਲੇ ਪੱਲਸ ਪੋਲੀਓ ਰਾਓਂਡ ਦੀ ਕਾਮਯਾਬੀ ਲਈ ਜਿਲਾ ਟਾਸਕ ਫੋਰਸ ਦੀ ਮੀਟਿੰਗ ਕੀਤੀ ਗਈ।ਇਸ ਮੀਟਿੰਗ ਵਿਚ ਵੱਖ-ਵੱਖ ਬਲਾਕਾ ਦੇ ਸੀਨੀਅਰ ਮੈਡੀਕਲ ਅਫਸਰ, ਸ਼ਹਿਰੀ ਮੈਡੀਕਲ ਅਫਸਰ, ਆਈ.ਸੀ.ਡੀ.ਐਸ, ਬਿਜਲੀ ਵਿਭਾਗ, ਸਿੱਖਿਆ ਵਿਭਾਗ, ਨਰਸਿੰਗ ਕਾਲਜ, ਆਈ.ਐਮ.ਏ., ਪੰਚਾਇਤੀ ਵਿਭਾਗ, ਰੋਡਵੇਜ ਅਤੇ ਪਲਿਸ ਵਿਭਾਗ ਤੋ ਆਏ ਨੁਮਾਇੰਦਿਆ ਨੇ ਸ਼ਮੂਲੀਅਤ ਕੀਤੀ ਗਈ। ਇਸ ਮੌਕੇ ਜਿਲਾ ? ਟੀਕਾਕਰਣ ਅਫਸਰ ਡਾ ਭਾਰਤੀ ਧਵਨ ਨੇ ਕਿਹਾ ਕਿ ਬੇਸ਼ਕ ਭਾਰਤ ਪੋਲਿ ? ਮੁਕਤ ਦੇਸ਼ਾ ਦੀ ਗਿਣਤੀ ਵਿਚ ਆ ਚੁੱਕਾ ਹੈ, ਪਰ ਫਿਰ ਵੀ ਇਸ ਮੁਕਾਮ ਨੂੰ ਬਰਕਰਾਰ ਰੱਖਣ ਲਈ ਵਿਸ਼ਵ ਸਿਹਤ ਸੰਗਠਨ ਵਲੋ ਇਹ ਰਾਊਡ ਚਲਾਏ ਜਾ ਰਹੇ ਹਨ।ਉਨਾ ਨੇ ਕਿਹਾ ਪੋਲੀ ? ਵਰਗੀ ਲਾ-ਇਲਾਜ ਬਿਮਾਰੀ ਨਾਲ ਨਜਿਠਣ ਲਈ ਇਕਲੇ ਸਿਹਤ ਵਿਭਾਗ ਨੂੰ ਹੀ ਕਮਰਬੰਦ ਹੋਣ ਦੇ ਨਾਲ ਬਾਕੀ ਵਿਭਾਗਾਂ ਦੇ ਸਹਿਯੋਗ ਦੀ ਉਨੀ ਹੀ ਲੋੜ ਹੈ।ਇਸ ਆ ?ਣ ਵਾਲੇ ਰਾਊਡ ਲਈ ਸਿਹਤ ਵਿਭਾਗ ਵਲੋ ਮੁਕੰਮਲ ਤੋਰ ਤੇ ਤਿਆਰੀ ਕਰ ਲਈ ਗਈ ਹੈ। ਉਨਾਂ ਆਏ ਹੋਏ ਸਮੂਹ ਸੀਨੀਅਰ ਮੈਡੀਕਲ ਅਫਸਰ ਅਤੇ ਸ਼ਹਿਰੀ ਮੈਡੀਕਲ ਅਫਸਰਾ ਨੂੰ ਹਦਾਇਤ ਕੀਤੀ ਕਿ ਇਸ ਰਾਊਡ ਵਿਚ ਨਵ-ਜਨਮੇ ਬੱਚੇ ਤੋ ਲੈਕੇ 5 ਸਾਲ ਤੱਕ ਦਾ ਕੋਈ ਵੀ ਬੱਚਾ ਜੀਵਨ ਰੂਪੀ ਪੋਲੀ ਦੀਆ 2 ਬੂੰਦਾਂ ਤੋ ਵਾਂਝਾ ਨਹੀ ਰਹਿਣਾ ਚਾਹੀਦਾ।ਇਸ ਅਵਸਰ ਤੇ ਡਬਲਯ.ਐਚ.ਓ. ਵਲੋਂ ਡਾ ਇਸ਼ਿਤਾ ਨੇ ਕਿਹਾ ਕਿ ਇਸ ਰਾਊਡ ਜੋ ਕਿ ਮਿਤੀ 10,11 ਅਤੇ 12 ਦਿਸੰਬਰ 2024 ਨੂੰ ਚਲਾਇਆ ਜਾ ਰਿਹਾ ਹੈ, ਤਹਿਤ 2782768 ਅਬਾਦੀ ਦੇ 549027 ਘਰਾਂ ਵਿੱਚ ਰਹਿੰਦੇ 0 ਤੋ 5 ਸਾਲ ਦੇ 297250 ਬੱਚਿਆ ਨੂੰ 1407 ਟੀਮਾਂ ਵਲੋ ਪੋਲੀ ? ਦੀਆਂ 2 ਬੂੰਦਾਂ ਪਿਲਾਈਆ ਜਾਣਗੀਆ ਅਤੇ 291 ਸੁਪਰਵਾਈਜਰਾ ਵਲੋ ਇਨਾਂ ਦਾ ਨਿਰੀਖਣ ਕੀਤਾ ਜਾਵੇਗਾ ਇਸ ਮੌਕੇ ਡਾ ਮਨਮੀਤ ਕੌਰ ਡਾ ਸੁਨੀਤ ਗੁਰਮ ਗੁਪਤਾ, ਡਾ ਵਨੀਤ ਕੌਰ, ਜਿਲਾ ? ਐਮ.ਈ.ਆਈ.ਓ. ਅਮਰਦੀਪ ਸਿੰਘ, ਸਮੂਹ ਸਨੀਅਰ ਮੈਡੀਕਲ ਅਫਸਰ ਅਤੇ ਅਰਬਨ ਮੈਡੀਕਲ ਅਫਸਰ ਹਾਜਰ ਸਨ।

## ਧੁੰਦ 'ਚ ਸੜਕ ਹਾਦਸੇ ਤੋਂ ਬਚੋ : ਅਮਰਿੰਦਰ ਸੰਧੂ

ਪੰਜਾਬ ਦਾ ਖੁਲਾਸਾ



**ਜੈਤੋ, 27 ਨਵੰਬਰ (ਮਨਜੀਤ ਸਿੰਘ ਢੱਲਾ)**- ਧੁੰਦ ਕਾਰਨ ਸੜਕਾਂ 'ਤੇ ਵਾਹਨ ਚਾਲਕਾਂ ਨੂੰ ਮੰਜ਼ਿਲ ਤੱਕ ਪਹੁੰਚਣ ਲਈ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਧੁੰਦ ਕਾਰਨ ਲੋਕਾਂ ਨੂੰ ਵੀ ਆਪਣੇ ਕੰਮਾਂ- ਕਾਰਾਂ ਉੱਤੇ ਜਾਣ ਲਈ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਧੁੰਦ ਦੇ ਮੌਸਮ ਵਿੱਚ ਸੜਕ ਉੱਪਰ ਗੱਡੀ ਚਲਾਉਣ ਸਮੇਂ ਕਦੀ ਵੀ ਬਹੁਤੀ ਕਾਹਲੀ ਨਾ ਕਰੋ, ਆਰਾਮ ਨਾਲ ਅੱਗੇ-ਪਿੱਛੇ ਵੇਖ ਕੇ ਗੱਡੀ ਚਲਾਓ ਤਾਂ ਕਿ ਸੁਰੱਖਿਅਤ ਸਫ਼ਰ ਰਾਹੀਂ ਹਰ ਕੋਈ ਆਪਣੇ ਟੀਚੇ 'ਤੇ ਪਹੁੰਚ ਸਕੇ। ਇਨ੍ਹਾਂ ਸ਼ਬਦਾ ਦਾ ਪ੍ਰਗਟਾਵਾ ਅਧਿਆਪਕ ਤੇ ਸਮਾਜ ਸੇਵੀ ਅਮਰਿੰਦਰ ਸਿੰਘ ਸੰਧੂ ਵਾਸੀ ਜੈਤੋ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ। ਉਨ੍ਹਾਂ ਕਿਹਾ ਕਿ ਧੁੰਦ ਦੇ ਮੌਸਮ ਵਿੱਚ ਵਾਹਨ ਚਾਲਕਾਂ ਨੂੰ ਜ਼ਿਆਦਾ ਦੂਰ ਤੱਕ ਰਾਹ 'ਚ ਚਲਦੇ ਦੂਜੇ ਵਾਹਨ ਨਜ਼ਰ ਨਹੀਂ ਆਉਂਦੇ ਇਸ ਲਈ ਸਾਰੇ ਹੀ ਵਾਹਨ ਚਾਲਕਾਂ ਨੂੰ ਧੁੰਦ ਦੇ ਦਿਨਾਂ 'ਚ ਫੋਗ ਲਾਇਟ ਦੀ ਵਰਤੋਂ ਜ਼ਰੂਰ ਕੀਤੀ ਜਾਣੀ ਚਾਹੀਦੀ ਹੈ ।ਯਾਤਰਾ 'ਤੇ ਨਿਕਲਣ ਸਮੇਂ ਵਾਹਨਾਂ ਦੀ ਹੈੱਡਲਾਈਟ, ਟੇਲ ਲਾਈਟ, ਫੌਗ ਲਾਈਟ, ਇੰਡੀਕੇਟਰ ਤੇ ਰਿਫਲੈਕਟਰ ਸਹਿਤ ਬ੍ਰੇਕ, ਟਾਇਰ, ਵਿੰਡ ਸਕ੍ਰੀਨ ਵਾਈਪਰ, ਬੈਟਰੀ ਅਤੇ ਕਾਰ ਹੀਟਿੰਗ ਸਿਸਟਮ ਨੂੰ ਵੀ ਚਾਲੂ ਹਾਲਤ ਵਿੱਚ ਰੱਖਣਾ ਜ਼ਰੂਰੀ ਹੈ। ਵਾਹਨਾਂ ਦੇ ਵਿੱਚ ਉਚਿਤ ਦੂਰੀ ਰੱਖੀ ਜਾਵੇ। ਧੁੰਦ ਵਿੱਚ ਵਾਹਨ ਚਲਾਉਂਦੇ ਹੋਏ ਗੈਰ-ਜ਼ਰੂਰੀ ਓਵਰਟੇਕਿੰਗ ਨਾ ਕੀਤੀ ਜਾਵੇ, ਸੰਧੂ ਨੇ ਗਲਬਾਤ ਜਾਰੀ ਕਰਦਿਆਂ ਕਿਹਾ ਕਿ ਸੜਕ ਤੇ ਗੱਡੀ ਚਲਾਉਣ ਸਮੇਂ ਲਾਇਨ ਨਾ ਬਦਲੀ ਜਾਵੇ ਅਤੇ ਭੀੜ ਵਾਲੀਆਂ ਸੜਕਾਂ 'ਤੇ ਵਾਹਨ ਨੂੰ ਰੋਕਣ ਤੋਂ ਬਚਿਆ ਜਾਵੇ। ਧੁੰਦ ਦੇ ਮੌਸਮ ਵਿਚ ਗੱਡੀ ਨੂੰ ਘੱਟ ਰਫਤਾਰ ਵਿਚ ਚਲਾਓ ਅਤੇ ਆਪਣੀ ਜਾਨ ਤੇ ਦੂਸਰੇ ਰਾਹਗੀਰਾਂ ਦੀ ਜਾਨ ਵੀ ਬਚਾਓ।

## ਸਰਕਾਰੀ ਹਾਈ ਸਕੂਲ ਢੈਪਈ (ਫਰੀਦਕੋਟ) ਵਿਖੇ ਸਾਲਾਨਾ ਅਥਲੈਟਿਕਸ ਮੀਟ ਕਰਵਾਈ

ਪੰਜਾਬ ਦਾ ਖੁਲਾਸਾ




**ਜੈਤੋ 27 ਨਵੰਬਰ (ਗੁਰਦੀਪ ਸਿੰਘ ਢਿੱਲੋਂ/ਰਘੂਨੰਦਨ ਪਰਾਸ਼ਰ)**: ਸਰਕਾਰੀ ਹਾਈ ਸਕੂਲ ਢੈਪਈ ਜ਼ਿਲ੍ਹਾ ਫਰੀਦਕੋਟ ਵਿਖੇ ਮੁੱਖ ਅਧਿਆਪਕਾ ਮੈਡਮ ਅਮਨਦੀਪ ਕੌਰ ਦੀ ਯੋਗ ਅਗਵਾਈ ਹੇਠ ਸਲਾਨਾ ਅਥਲੈਟਿਕ ਮੀਟ ਬਹੁਤ ਹੀ ਸ਼ਾਨਦਾਰ ਤਰੀਕੇ ਨਾਲ ਸਫ਼ਲਤਾ ਪੂਰਵਕ ਕਰਵਾਈ ਗਈ। ਸਕੂਲ ਵਿੱਚ ਬਣਾਏ ਗਏ ਤਿੰਨਾਂ ਹਾਊਸ ਸ਼ਹੀਦ ਭਗਤ ਸਿੰਘ ਹਾਊਸ, ਸ਼ਹੀਦ ਕਰਤਾਰ ਸਿੰਘ ਸਰਾਭਾ ਹਾਊਸ ਅਤੇ ਸ਼ਾਇਦ ਊਧਮ ਸਿੰਘ ਦੇ ਵਿਦਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਨਾਲ ਵੱਖ-ਵੱਖ ਖੇਡਾਂ ਵਿੱਚ ਹਾਊਸ ਵਾਇਜ਼ ਹਿੱਸਾ ਲਿਆ। ਮੁੱਖ ਮਹਿਮਾਨ ਵਜੋਂ ਪਿੰਡ ਦੇ ਨਵੇਂ ਬਣੇ ਸਰਪੰਚ ਰਣਧੀਰ ਸਿੰਘ ਚਹਿਲ ਅਤੇ ਢੈਪਈ ਪਿੰਡ ਦੀ ਨਵੀਂ ਬਣੀ ਪੰਚਾਇਤ ਤੇ ਪਿੰਡ ਦੀ ਪੁਰਾਣੀ ਪੰਚਾਇਤ ਦੇ ਮੈਂਬਰਾਂ ਅਤੇ ਸਾਬਕਾ ਐੱਸ ਐਮ ਸੀ ਚੇਅਰਮੈਨ ਰਣਜੀਤ ਸਿੰਘ ਚਾਹਲ ਤੇ ਨਵੇਂ ਐੱਸ ਐਮ ਸੀ ਚੇਅਰਮੈਨ ਮੁਸਕਾਨ ਨੇ ਵੀ ਸ਼ਿਰਕਤ ਕੀਤੀ ਅਤੇ ਵਿਸ਼ੇਸ਼ ਮਹਿਮਾਨ ਵਜੋਂ ਏਸੇ ਸਕੂਲ ਦੇ ਸੇਵਾਮੁਕਤ ਅਧਿਆਪਕ ਬਲਜੀਤ ਸਿੰਘ ਚੇਅਰਮੈਨ ਦਸ਼ਮੇਸ਼ ਮਿਸ਼ਨ ਸਕੂਲ ਹਰੀ ਨੌਂ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਢੈਪਈ ਦੇ ਹੈੱਡ ਟੀਚਰ ਹੁਕਮ ਚੰਦ ਵੀ ਪਹੁੰਚੇ। ਇਸ ਅਥਲੈਟਿਕਸ ਮੀਟ ਦੌਰਾਨ ਸਾਰੇ ਹਾਊਸਾਂ ਦੇ ਵਿਦਿਆਰਥੀਆਂ ਦੀਆਂ ਅੰਡਰ 14, ਅੰਡਰ 17 ਟੀਮਾਂ ਬਣਾ ਕੇ ਅਥਲੈਟਿਕਸ ਖੇਡਾਂ 100 ਮੀਟਰ ਰੇਸ, 200 ਮੀਟਰ ਰੇਸ, ਲੰਬੀ ਛਾਲ, ਉੱਚੀ ਛਾਲ, ਸ਼ਾਟਪੁੱਟ, ਫਨ ਗੇਮਜ਼ ਆਦਿ ਦੇ ਮੁਕਾਬਲੇ ਕਰਵਾਏ ਗਏ। ਵਿਦਿਆਰਥੀਆਂ ਨੂੰ ਰਿਫਰੈਸ਼ਮੈਂਟ ਅਤੇ ਖਾਣੇ ਦਾ ਵੀ ਪ੍ਰਬੰਧ ਕੀਤਾ ਗਿਆ। ਸਾਰੇ ਜੇਤੂ ਵਿਦਿਆਰਥੀਆਂ ਨੂੰ ਮੈਡਲ ਪਾਕੇ ਸਨਮਾਨਿਤ ਕੀਤਾ ਗਿਆ। ਸਮੁੱਚੇ ਟੂਰਨਾਮੈਂਟ ਦੌਰਾਨ ਸਭ ਤੋਂ ਵੱਧ ਮੈਡਲ ਜਿੱਤਣ ਵਾਲੇ ਊਧਮ ਸਿੰਘ ਹਾਊਸ ਨੇ ਓਵਰਆਲ਼ ਟਰਾਫ਼ੀ ਜਿੱਤੀ। ਇਸ ਹਾਊਸ ਦੇ ਅਧਿਆਪਕਾਂ ਮੈਡਮ ਨੀਰੂ ਗੋਇਲ, ਪ੍ਰਮੋਦ ਧੀਰ, ਪੂਜਾ ਨੂੰ ਸਾਂਝੇ ਤੌਰ ਤੇ ਜੇਤੂ ਖਿਡਾਰੀਆਂ ਨਾਲ ਟਰਾਫ਼ੀ ਦੇਕੇ ਕੇ ਸਨਮਾਨਿਤ ਕੀਤਾ ਗਿਆ। ਪਿੰਡ ਦੇ ਨਵੇਂ ਚੁਣੇ ਸਰਪੰਚ ਰਣਧੀਰ ਸਿੰਘ ਚਹਿਲ ਅਤੇ ਹਾਜ਼ਰ ਪੰਚਾਇਤ ਮੈਂਬਰਾਂ, ਮਹਿਮਾਨਾਂ ਆਦਿ ਨੂੰ ਵੀ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡੀ ਪੀ ਈ ਜਤਿੰਦਰ ਭੋਲਾ, ਪਰਮਜੀਤ ਸਿੰਘ, ਅਮਨਦੀਪ ਸਿੰਘ, ਜਗਰੂਪ ਸਿੰਘ, ਕਰਮਦੀਪ ਕੌਰ, ਸ਼ਵੇਤਾ,ਦਲਜੀਤ ਕੌਰ, ਸ਼ਿਖਾ, ਪੂਜਾ, ਸੇਵਾਦਾਰ ਕਾਲਾ ਸਿੰਘ ਆਦਿ ਨੇ ਭਰਪੂਰ ਸਹਿਯੋਗ ਦਿੱਤਾ।

## ਇੰਪੀਰੀਅਲ ਇੰਟਰਨੈਸ਼ਨਲ ਸਕੂਲ ਵਿਖੇ ਗੁੱਡ ਟੱਚ ਅਤੇ ਬੈਡ ਟਚ ਸਬੰਧੀ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ

ਪੰਜਾਬ ਦਾ ਖੁਲਾਸਾ



**ਪੱਟੀ ਸਦੀਕ, 27 ਨਵੰਬਰ (ਬਲਕਰਨ ਸਿੰਘ ਮਸ਼ਾਲ)**- ਇੰਪੀਰੀਅਲ ਇੰਟਰਨੈਸ਼ਨਲ ਸਕੂਲ ਫਾਰ ਐਕਸੀਲੈਂਸ, ਖੂਈਆਂ ਸਰਵਰ ਵਿਖੇ ਬੱਚਿਆਂ ਲਈ ਗੁੱਡ ਟੱਚ ਅਤੇ ਬੈਡ ਟੱਚ ਵਿਸ਼ੇ 'ਤੇ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ ਇਸ ਪ੍ਰੋਗਰਾਮ ਵਿੱਚ ਥਾਣਾ ਖੂਈਆਂ ਸਰਵਰ ਦੇ ਕਾਂਸਟੇਬਲ ਮਨਪ੍ਰੀਤ ਕੌਰ, ਸੰਜੂ ਰਾਣੀ ਅਤੇ ਸੀਨੀਅਰ ਕਾਂਸਟੇਬਲ ਮਿਸਟਰ ਡੈਨੀਅਲ ਨੇ ਬੱਚਿਆਂ ਨੂੰ ਚੰਗੇ ਅਤੇ ਮਾੜੇ ਛੋਹ ਦਾ ਫਰਕ ਸਮਝਾਇਆ। ਵਰਕਸ਼ਾਪ ਦੌਰਾਨ ਅਧਿਕਾਰੀਆਂ ਨੇ ਦੱਸਿਆ ਕਿ ਸਿਰਫ਼ ਲੜਕੀਆਂ ਹੀ ਨਹੀਂ ਸਗੋਂ ਲੜਕਿਆਂ ਨੂੰ ਵੀ ਅਜਿਹੇ ਖ਼ਤਰਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਬੱਚਿਆਂ ਨੂੰ ਅਜਨਬੀਆਂ ਤੋਂ ਸਾਵਧਾਨ ਰਹਿਣ ਅਤੇ ਕਿਸੇ ਵੀ ਦੁਰਵਿਵਹਾਰ ਦੀ ਸੂਚਨਾ ਤੁਰੰਤ ਆਪਣੇ ਮਾਪਿਆਂ ਅਤੇ ਸਕੂਲ ਪ੍ਰਸ਼ਾਸਨ ਨੂੰ ਦੇਣ ਦੀ ਸਲਾਹ ਦਿੱਤੀ ਗਈ। ਅਧਿਕਾਰੀਆਂ ਨੇ ਬੱਚਿਆਂ ਲਈ ਚਾਈਲਡ ਹੈਲਪਲਾਈਨ ਨੰਬਰ 1098 ਅਤੇ ਪੁਲਿਸ ਹੈਲਪਲਾਈਨ ਨੰਬਰ 112 ਵਰਗੇ ਮਹੱਤਵਪੂਰਨ ਨੰਬਰ ਵੀ ਸਾਂਝੇ ਕੀਤੇ। ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਨਵਨੀਤ ਦੇਵਗਨ ਨੇ ਕਿਹਾ ਕਿ ਬੱਚਿਆਂ ਨੂੰ ਚੰਗੇ ਮਾੜੇ ਬਾਰੇ ਜਾਗਰੂਕ ਕਰਨਾ ਸਕੂਲ ਦੀ ਅਹਿਮ ਜ਼ਿੰਮੇਵਾਰੀ ਹੈ। ਸਕੂਲ ਦੇ ਡਾਇਰੈਕਟਰ ਸੁਖਵਿੰਦਰ ਪਾਲ ਨੇ ਦੱਸਿਆ ਕਿ ਇਸ ਪ੍ਰੋਗਰਾਮ ਦਾ ਉਦੇਸ਼ ਬੱਚਿਆਂ ਨੂੰ ਜਾਗਰੂਕ ਅਤੇ ਸੁਰੱਖਿਅਤ ਬਣਾਉਣਾ ਹੈ, ਕਿਉਂਕਿ ਅੱਜ ਦੇ ਸਮਾਜ ਵਿੱਚ ਬੱਚਿਆਂ ਨਾਲ ਬਦਸਲੂਕੀ ਅਤੇ ਛੇੜਛਾੜ ਵਰਗੀਆਂ ਸਮੱਸਿਆਵਾਂ ਨੂੰ ਰੋਕਣ ਲਈ ਸੁਚੇਤ ਹੋਣਾ ਬਹੁਤ ਜ਼ਰੂਰੀ

## ਸਿਵਲ ਸਰਜਨ ਨੇ ਡੀ-ਵਰਮਿੰਗ ਡੇਅ ਸਬੰਧੀ ਬੈਨਰ ਕੀਤਾ ਜਾਰੀ

ਪੰਜਾਬ ਦਾ ਖੁਲਾਸਾ




**ਫਰੀਦਕੋਟ, 27 ਨਵੰਬਰ (ਗੁਰਦੀਪ ਸਿੰਘ ਢਿੱਲੋਂ)** ਸਿਹਤ ਵਿਭਾਗ ਫਰੀਦਕੋਟ ਵੱਲੋਂ ਡਾ. ਚੰਦਰ ਸ਼ੇਖਰ ਕੱਕੜ ਸਿਵਲ ਸਰਜਨ ਦੀ ਅਗਵਾਈ ਹੇਠ 28 ਨਵੰਬਰ 2024 ਨੂੰ ਪੇਟ ਦੇ ਕੀੜਿਆਂ ਤੋਂ ਮੁਕਤੀ ਦਿਵਸ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਸਿਹਤ ਵਿਭਾਗ ਦੀ ਟੀਮ ਵੱਲੋਂ ਜਾਗਰੂਕਤਾ ਬੈਨਰ ਅਤੇ ਪੋਸਟਰ ਰਿਲੀਜ ਕੀਤੇ ਗਏ।

ਇਸ ਮੌਕੇ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ. ਚੰਦਰ ਸ਼ੇਖਰ ਕੱਕੜ ਨੇ ਦੱਸਿਆ ਕਿ ਮਿਤੀ 28 ਨਵੰਬਰ 2024 ਨੂੰ ਜਿਲ੍ਹੇ ਦੇ ਸਾਰੇ ਸਰਕਾਰੀ ਅਤੇ ਪ੍ਰਾਈਵੇਟ ਸਕੂਲ, ਆਂਗਣਵਾੜੀ ਸੈਂਟਰ ਅਤੇ ਸਕੂਲ ਨਾ ਜਾਣ ਵਾਲੇ 1 ਤੋਂ 19 ਸਾਲ ਤੱਕ ਦੇ ਸਾਰੇ ਬੱਚਿਆਂ ਨੂੰ ਐਲਬੈਂਡਾਜੋਲ ਦੀ ਖੁਰਾਕ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਜੇਕਰ ਕਿਸੇ ਕਾਰਨ ਕੋਈ ਬੱਚਾ ਇਸ ਦਿਨ ਖੁਰਾਕ ਨਹੀਂ ਲੈਂਦਾ ਤਾਂ ਬਾਕੀ ਰਹਿੰਦੇ ਬੱਚਿਆਂ ਨੂੰ ਮੋਪਅੱਪ ਰਾਊਂਡ ਵਾਲੇ ਦਿਨ ਮਿਤੀ 5 ਦਸੰਬਰ ਨੂੰ ਖੁਰਾਕ ਦਿੱਤੀ ਜਾਵੇਗੀ। ਉਨ੍ਹਾਂ ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੇਟ ਦੇ ਕੀੜਿਆਂ ਤੋਂ ਮੁਕਤੀ ਲਈ ਇਹ ਖੁਰਾਕ ਬੱਚਿਆਂ ਲਈ ਬਹੁਤ ਜਰੂਰੀ ਹੈ ਕਿਉਂਕਿ ਪੇਟ ਦੇ ਕੀੜੇ ਬੱਚਿਆਂ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਵਿੱਚ ਰੁਕਾਵਟ ਪਾਉਂਦੇ ਹਨ। ਉਨ੍ਹਾਂ ਕਿਹਾ ਇਸ ਮੁਹਿੰਮ ਨੂੰ ਸਫਲ ਬਣਾਉਣ ਲਈ ਇਸਤਰੀ ਅਤੇ ਸਮਾਜਿਕ ਸੁਰੱਖਿਆ ਵਿਭਾਗ, ਸਿੱਖਿਆ ਵਿਭਾਗ ਅਤੇ ਸਮਾਜ ਸੇਵੀ ਸੰਸਥਾਵਾਂ ਦੀ ਮਦਦ ਵੀ ਲਈ ਜਾਵੇਗੀ। ਇਸ ਮੌਕੇ ਜਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਵਿਵੇਕ ਰਾਜੌਰਾ, ਕਾਰਜਕਾਰੀ ਜਿਲ੍ਹਾ ਟੀਕਾਕਰਨ ਅਫਸਰ ਡਾ. ਸਰਵਦੀਪ ਰੋਮਾਣਾ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਵਿਸ਼ਵਦੀਪ ਗੋਇਲ, ਜਿਲ੍ਹਾ ਮਾਸ ਮੀਡੀਆ ਅਫਸਰ ਕੁਲਵੰਤ ਸਿੰਘ, ਡਿਪਟੀ ਮਾਸ ਮੀਡੀਆ ਅਫਸਰ ਸੁਧੀਰ ਧੀਰ, ਸਕੂਲ ਹੈਲਥ ਕੁਆਰਡੀਨੇਟਰ ਸੰਦੀਪ ਕੁਮਾਰ ਹਾਜ਼ਰ ਸਨ।

## ਰਾਸ਼ਟਰੀ ਏਕਤਾ ਅਤੇ ਸੰਵਿਧਾਨ ਦੀ ਸ਼ਾਨ ਦਾ ਜਸ਼ਨ

ਪੰਜਾਬ ਦਾ ਖੁਲਾਸਾ



**ਪੱਟੀ ਸਦੀਕ, 27 ਨਵੰਬਰ (ਬਲਕਰਨ ਸਿੰਘ ਮਸ਼ਾਲ)**- ਆਧਾਰਸ਼ਿਲਾ ਸਕੂਲ ਵਿੱਚ 75ਵੇਂ ਸੰਵਿਧਾਨ ਦਿਵਸ ਮੌਕੇ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਅਧਿਆਪਕ ਮਯੰਕ ਨੇ ਸੰਵਿਧਾਨ 'ਤੇ ਆਧਾਰਿਤ ਇਕ ਦਿਲਚਸਪ ਕੁਇਜ਼ ਦਾ ਆਯੋਜਨ ਕੀਤਾ, ਜਿਸ ਨਾਲ ਬੱਚਿਆਂ ਦੀ ਉਤਸੁਕਤਾ ਵਧ ਗਈ। ਅਧਿਆਪਕ ਸ਼ਾਲੂ ਨੇ ਇਸ ਦਿਨ ਦੀ ਮਹੱਤਤਾ ਬਾਰੇ ਚਰਚਾ ਕਰਦਿਆਂ ਸੰਵਿਧਾਨ ਦੀਆਂ ਕਦਰਾਂ-ਕੀਮਤਾਂ ਨੂੰ ਸਮਝਣ ਅਤੇ ਅਪਣਾਉਣ ਦਾ ਸੰਦੇਸ਼ ਦਿੱਤਾ। ਇਸ ਮੌਕੇ ਅੱਠਵੀਂ ਜਮਾਤ ਦੇ ਵਿਦਿਆਰਥੀ ਸੁਖਸਾਂਝ ਨੇ ਸਹੁੰ ਚੁਕਾਈ ਅਤੇ ਸੱਤਵੀਂ ਜਮਾਤ ਦੇ ਵਿਦਿਆਰਥੀ ਅਕਸਾਜ ਨੇ ਪ੍ਰਸਤਾਵਨਾ ਦਾ ਪਾਠ ਕਰਦਿਆਂ ਸੰਵਿਧਾਨ ਦੇ ਆਦਰਸ਼ਾਂ ਦਾ ਸਤਿਕਾਰ ਕਰਨ ਦਾ ਸੱਦਾ ਦਿੱਤਾ। ਪਿ ?ਸੀਪਲ ਮਨੀ ਵਧਵਾ ਨੇ ਜਾਣ-ਪਛਾਣ ਸਬੰਧੀ ਮਹੱਤਵਪੂਰਨ ਤੱਥ ਸਾਂਝੇ ਕੀਤੇ ਅਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਅਤੇ ਕਰਤੱਵਾਂ ਬਾਰੇ ਯਾਦ ਕਰਵਾਇਆ ਮੀਟਿੰਗ ਦੇ ਅੰਤ ਵਿੱਚ ਸਾਰਿਆਂ ਨੇ ਸੰਵਿਧਾਨ ਦੇ ਆਦਰਸ਼ਾਂ ਨੂੰ ਜੀਵਨ ਵਿੱਚ ਅਪਣਾਉਣ ਅਤੇ ਰਾਸ਼ਟਰੀ ਏਕਤਾ ਨੂੰ ਕਾਇਮ ਰੱਖਣ ਦਾ ਸੰਕਲਪ ਲਿਆ।

## ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜਾਦਿਆ ਅਤੇ ਮਾਤਾ ਗੁਜਰੀ ਜੀ ਦੇ ਸ਼ਹੀਦੀ ਦਿਵਸ ਦੇ ਸਬੰਧ ਵਿੱਚ 25 ਵਾਂ ਮਹਾਨ ਕੀਰਤਨ ਦਰਬਾਰ 29 ਦਸੰਬਰ ਨੂੰ

ਪੰਜਾਬ ਦਾ ਖੁਲਾਸਾ



**ਫਗਵਾੜਾ, 27 ਨਵੰਬਰ (ਪ੍ਰੀਤ ਕੌਰ ਪ੍ਰੀਤੀ)** ਬਾਬਾ ਫਤਿਹ ਸਿੰਘ ਵੈਲਫੇਅਰ ਸੁਸਾਇਟੀ (ਰਜ਼ਿ) ਬਾਬਾ ਫਤਿਹ ਸਿੰਘ ਨਗਰ ਫਗਵਾੜਾ ਵਲੋਂ ਸਮੂਹ ਸਾਧ ਸੰਗਤ ਦੇ ਭਰਭੂਰ ਸਹਿਯੋਗ ਨਾਲ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜਾਦਿਆ ਅਤੇ ਮਾਤਾ ਗੁਜਰੀ ਜੀ ਦੇ ਸ਼ਹੀਦੀ ਦਿਵਸ ਦੇ ਸਬੰਧ ਵਿੱਚ 25 ਵਾਂ ਮਹਾਨ ਕੀਰਤਨ ਦਰਬਾਰ 29 ਦਸੰਬਰ ਨੂੰ ਗੁਰਦੁਆਰਾ ਸੱਤ ਸਮਾਇਣ ਸਾਹਿਬ, ਗਲੀ ਨੰਬਰ 6, ਬਾਬਾ ਫਤਿਹ ਸਿੰਘ ਨਗਰ ਫਗਵਾੜਾ ਵਿਖੇ ਸਵੇਰੇ 10-00 ਵਜੇ ਤੋਂ ਦੁਪਿਹਰ 4-00 ਵਜੇ ਤੱਕ ਕਰਵਾਇਆ ਜਾ ਰਿਹਾ ਹੈ ।ਸੁਸਾਇਟੀ ਦੇ ਚੇਅਰਮੈਨ ਮੇਜਰ ਸਿੰਘ ਸੈਣੀ,ਰਾਮਪਾਲ ਸਿੰਘ ਪ੍ਰਧਾਨ,ਦਲਜੀਤ ਸਿੰਘ ਕਾਲਾ ਅਤੇ ਸ.ਜਤਿੰਦਰ ਸਿੰਘ ਖਾਲਸਾ ਨੇ ਦੱਸਿਆ ਇਸ ਸਮਾਗਮ ਵਿੱਚ ਭਾਈ ਅਰਵਿੰਦਰ ਸਿੰਘ ਨੂਰ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਾਲੇ ,ਭਾਈ ਨਿਰਮਲ ਸਿੰਘ ਨੂਰ ਢਾਡੀ ਜਥਾ , ਭਾਈ ਹਰਦੀਪ ਸਿੰਘ ਜੀ ਲੁਧਿਆਣੇ ਵਾਲੇ ,ਭਾਈ ਗੁਰਦਿੱਤ ਸਿੰਘ ਫਗਵਾੜੇ ਵਾਲੇ ,ਭਾਈ ਰੌਣਕ ਸਿੰਘ ਆਦਿ ਜਥੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਅਤੇ ਢਾਡੀ ਵਾਰਾਂ ਨਾਲ ਨਿਹਾਲ ਕਰਨਗੇ ।ਇਸ ਸਮਾਗਮ ਸਬੰਧੀ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਹਨ । ਸਮਾਗਮ ਨੂੰ ਸਫਲ ਕਰਨ ਲਈ ਸੁਸਾਇਟੀ ਮੈਂਬਰਾਂ ਦੀਆਂ ਡਿਊਟੀਆਂ ਲਗਵਾ ਦਿੱਤੀਆਂ ਹਨ । ਇਲਾਕੇ ਦੀਆਂ ਸੰਗਤਾਂ ਵਿੱਚ ਸਮਾਗਮ ਲਈ ਭਾਰੀ ਉਤਸ਼ਾਹ ਹੈ ।ਸੰਗਤਾਂ ਲਈ ਗੁਰੂ ਕਾ ਲੰਗਰ ਅਤੁੱਟ ਵਰਤੇਗਾ ।ਇਸ ਮੌਕੇ ਸੁਸਾਇਟੀ ਦੇ ਮੈਂਬਰਾਂ ਗੁਰਮੀਤ ਸਿੰਘ, ਜੋਗਿੰਦਰ ਸਿੰਘ,ਮਹਿੰਗਾ ਸਿੰਘ, ਰੇਸ਼ਮ ਸਿੰਘ,ਮਾਸਟਰ ਗੁਰਨਾਮ ਸਿੰਘ, ਅਮਰੀਕ ਸਿੰਘ,ਪਰਸੋਤਮ ਲਾਲ, ਸਤਨਾਮ ਸਿੰਘ,ਤਰਸੇਮ ਸਿੰਘ,ਮਲਕੀਤ ਸਿੰਘ,ਨਵਜੋਤ ਸਿੰਘ,ਨੇ ਸੰਗਤਾਂ ਨੂੰ ਸਮਾਗਮ ਵਿੱਚ ਵੱਧ ਚੜ੍ਹ ਕੇ ਪਹੁੰਚਣ ਦੀ ਅਪੀਲ ਕੀਤੀ ਹੈ ।

# ਨਰੋਤਮ ਵਿਦਿਆ ਮੰਦਿਰ ਸੀਨੀਅਰ ਸੈਕੰਡਰੀ ਸਕੂਲ ਖੰਨਾ ਵਿਖੇ ਆਈ ਐਮ ਕਲਾਮ ਸਾਇੰਸ ਪ੍ਰਦਰਸ਼ਨੀ ਦਾ ਆਯੋਜਨ

✤ ਪੰਜਾਬ ਦਾ ਖੁਲਾਸਾ

**ਖੰਨਾ, 26 ਨਵੰਬਰ (ਜੇ ਐਸ ਖੰਨਾ)** ਇਲਾਕੇ ਦੀ ਵਿਦਿਅਕ ਖੇਤਰ ਵਿੱਚ ਕਈ ਸਾਲਾਂ ਤੋਂ ਸ਼ਾਨਦਾਰ ਸੇਵਾਵਾਂ ਨਿਭਾਅ ਰਹੀ ਵਿਦਿਅਕ ਸੰਸਥਾ ਨਰੋਤਮ ਵਿਦਿਆ ਮੰਦਿਰ ਸੀਨੀਅਰ ਸੈਕੰਡਰੀ ਸਕੂਲ ਖੰਨਾ ਨੇ ਦੇਸ਼ ਦੇ ਗਿਆਰਵੇਂ ਰਾਸ਼ਟਰਪਤੀ ਡਾਕਟਰ ਏ ਪੀ ਜੇ ਅਬਦੁਲ ਕਲਾਮ ਦੀ ਯਾਦ ਵਿੱਚ " ਆਈ ਐਮ ਕਲਾਮ" ਸਾਇੰਸ ਪ੍ਰਦਰਸ਼ਨੀ ਦਾ ਆਯੋਜਨ ਸਕੂਲ ਦੇ ਪ੍ਰਿੰਸੀਪਲ ਆਦਰਸ਼ ਕੁਮਾਰ , ਡਾਇਰੈਕਟਰ ਪ੍ਰਭਜੀਤ ਪ੍ਰੰਜ , ਵਾਇਸ ਪ੍ਰਿੰਸੀਪਲ ਕੰਚਨ ਸ਼ਰਮਾ ਅਤੇ ਕੋਆਰਡੀਨੇਟਰ ਵੰਦਨਾ ਸ਼ਰਮਾ ਦੀ ਅਗਵਾਈ ਹੇਠ ਸ਼ਾਨਦਾਰ ਅਤੇ ਸੁਚੱਜੇ ਢੰਗ ਨਾਲ ਕੀਤਾ ਗਿਆ। ਇਸ ਪ੍ਰਦਰਸ਼ਨੀ ਵਿੱਚ ਬਾਇਲੋਜੀ , ਫਿਜ਼ਿਕਸ ਅਤੇ ਕੈਮਿਸਟਰੀ ਦੇ ਵੱਖ ਵੱਖ ਮਾਡਲ ਬਣਾਏ ਗਏ। ਇਸ ਪ੍ਰਦਰਸ਼ਨੀ ਵਿੱਚ ਛੇਵੀਂ ਜਮਾਤ ਤੋਂ ਲੈ ਕੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੇ ਬਹੁਤ ਹੀ ਡੂੰਘੀ ਦਿਲਚਸਪੀ ਦਿਖਾਉਂਦੇ ਹੋਏ ਵੱਧ ਚੜ੍ਹ ਕੇ ਭਾਗ ਲਿਆ। ਇਹ ਪ੍ਰਦਰਸ਼ਨੀ ਸਕੂਲ ਦੇ ਕੈਮਿਸਟਰੀ ਦੇ ਅਧਿਆਪਕ ਕੋਮਲ ਕੌਰ, ਬਾਇਲੋਜੀ ਦੇ ਅਧਿਆਪਕ ਹਿਮਾਂਸ਼ੀ ਸ਼ਰਮਾ ਅਤੇ ਫਿਜ਼ਿਕਸ ਦੇ ਅਧਿਆਪਕ ਸਿਮਰਨਜੋਤ ਕੌਰ ਅਤੇ ਰਾਜਵੀਰ ਕੌਰ ਦੇ ਸਹਿਯੋਗ ਨਾਲ ਕਰਵਾਈ ਗਈ। ਸਾਰੇ ਹੀ ਮਾਡਲ ਬਹੁਤ ਹੀ ਖਿੱਚ ਦਾ ਕੇਂਦਰ ਬਣੇ। ਫਿਜ਼ਿਕਸ ਦੇ ਮਾਡਲਾਂ ਵਿੱਚ ਗ੍ਰੈਵੀਟੇਸ਼ਨ, ਕੰਡਕਟਰ ਅਤੇ ਇੰਸੂਲੇਟਰ , ਟਾਈਪਸ ਆਫ ਮੋਸ਼ਨ, ਨਿਊਟਨ ਲਾਅ ਆਫ ਮੋਸ਼ਨ, ਲਾਅ ਆਫ ਰਿਫਲੈਕਸ਼ਨ, ਯੂਨੀਵਰਸਲ ਲਾਅ ਆਫ ਗਰੈਵੀਟੇਸ਼ਨ ਆਦਿ ਵਿਸ਼ਿਆਂ ਦੇ ਉੱਪਰ ਮਾਡਲ , ਚਾਰਟ ਅਤੇ ਵਰਕਿੰਗ ਮਾਡਲ ਬਣਾਏ ਗਏ। ਇਸੇ ਤਰ੍ਹਾਂ ਬਾਇਲੋਜੀ ਵਿੱਚ ਵੀ ਸੋਲਰ , ਐਡੀ ਸੋਲਰ ਇਕਲਿਪਸ, ਹਿਊਮਨ ਆਈ , ਹਿਊਮਨ ਹਾਰਟ , ਰੈਸਪੀਰੇਟਰੀ ਐਂਡ ਡਾਈਜੈਸਟਿਵ ਸਿਸਟਮ, ਪਲਾਂਟ ਸੈਲ ਐਨੀਮਲ ਵਾਟਰ ਮੈਨੇਜਮੈਂਟ ,ਐਨਵਾਇਰਮੈਂਟ ਪੋਲਿਊਸ਼ਨ ਮੌਰੇ ਐਂਡ ਫਰਟੀਲਾਈਜਰ ਆਦਿ ਵਿਸ਼ਿਆ ਉੱਪਰ ਵਰਕਿੰਗ ਮਾਡਲ ਬਣਾਏ ਗਏ। ਇਸੇ ਤਰਾਂ ਕੈਮਿਸਟਰੀ ਵਿਸ਼ੇ ਵਿੱਚ ਬੱਚਿਆਂ ਨੇ ਵਿੰਡ ਟਰਬਾਈਨ ਸੋਲਰ ਸਿਸਟਮ ਵੱਲਕੈਨਿਕ ਇਰੱਪਸ਼ਨ ਏਸਿਡ ਬੇਸ ਟੈਸਟ ,



ਲੰਗਸ , ਚੰਦਰਆਨ - 3 ਵਾਟਰਸਾਈਕਲ , ਡੇ/ਨਾਈਟ ਆਦਿ ਵਿਸ਼ਿਆਂ ਉੱਪਰ ਵਰਕਿੰਗ ਮਾਡਲ ਬਣਾਏ ਗਏ। ਸਾਰੇ ਵਿਦਿਆਰਥੀਆਂ ਨੇ ਇਸ ਪ੍ਰਦਰਸ਼ਨੀ ਵਿੱਚ ਬਹੁਤ ਹੀ ਉਤਸ਼ਾਹ ਨਾਲ ਭਾਗ ਲਿਆ। ਹਰੇਕ ਵਿਦਿਆਰਥੀ ਨੇ ਮਾਡਲ ਬਣਾਉਣ ਦੇ ਨਾਲ ਨਾਲ ਬਹੁਤ ਹੀ ਬਰੀਕੀ ਨਾਲ ਉਸਦਾ ਵਿਸਥਾਰ ਸਹਿਤ ਵਰਨਣ ਵੀ ਕੀਤਾ। ਇਸ ਪ੍ਰਦਰਸ਼ਨੀ ਵਿੱਚ ਜੱਜ ਦੀ ਭੂਮਿਕਾ ਵਰੁਨ ਲਾਂਬਾ ਪਰਸਨੈਲਟੀ ਡਿਵੈਲਪਮੈਂਟ ਐਂਡ ਸੋਫਟ ਸਕਿਲ ਟਰੇਨਰ ਗੁਲਜਾਰ ਗਰੁੱਪ, ਵਿਕਰਮ ਸਿੰਘ ਤੇਜਾ ਐਮਡੀ ਆਫ ਤੇਜਾ'ਜ਼ ਐਕਸੈਂਟ , ਰਿੱਕੀ ਸ਼ਾਹੀ ਐਮ ਡੀ ਅਨੂੰ ਇਨਫੋਟੈਕ ਖੰਨਾ, ਕਪਿਲ ਦੇਵ ਸੋਨੀ ਇੰਚਾਰਜ ਗੌਰਮੈਂਟ ਮਿਡਲ ਸਕੂਲ ਰਾਮਗੜ੍ਹ, ਸੁਖਪਾਲ ਵਰਮਾ ਰੀਜਨਲ ਹੈਡ ਭਾਰਤੀ ਭਵਨ ਪਬਲਿਕੇਸ਼ਨ ਫਾਊਂਡਰ ਆਫ ਸਕੂਲ ਸਮਾਰਟ ਐਜੂਕੇਸ਼ਨ ਐਪਸ ਅਤੇ ਦੀਪਕ ਹਸੀਜਾ ਪ੍ਰਸਿੱਧ ਕਾਰੋਬਾਰੀ ਖੰਨਾ ਨੇ ਨਿਭਾਈ। ਇਸ ਵਿਗਿਆਨ ਪ੍ਰਦਰਸ਼ਨੀ ਵਿੱਚ ਸੱਤਵੀਂ ਜਮਾਤ ਦੀਆਂ ਵਿਦਿਆਰਥਣਾ ਸਿਮਰ ਧੀਮਾਨ , ਗੁਰਸਹਿਜ ਕੌਰ , ਪਵਨਪ੍ਰੀਤ ਕੌਰ ਅਤੇ ਗੁਰਕੀਰਤ ਕੌਰ ਨੇ ਵਲਕੈਨਿਕ ਇਰੱਪਸ਼ਨ ਉੱਪਰ ਵਰਕਿੰਗ ਮਾਡਲ ਬਣਾ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਬਾਨੀ ਵਰਮਾ, ਜਸ਼ਨਪ੍ਰੀਤ ਕੌਰ , ਗਗਨਜੋਤ ਕੌਰ , ਅਵਨੀਤ ਕੌਰ ਅਤੇ ਤ੍ਰਿਪਤਜੋਤ ਕੌਰ ਨੇ ਚੰਦਰਆਨ - 3 'ਤੇ ਮਾਡਲ ਬਣਾ ਕੇ ਦੂਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਜਸਮੀਨ ਕੌਰ ਅਤੇ ਚਾਂਦਨੀ ਨੇ ਡਾਈਜੈਸਟਿਵ ਸਿਸਟਮ ਤੇ ਮਾਡਲ ਬਣਾ ਕੇ ਤੀਜਾ , ਗਗਨਪ੍ਰੀਤ ਕੌਰ ਅਤੇ ਮਹਿਕਪ੍ਰੀਤ ਕੌਰ ਨੇ ਵੇਸਟ ਵਾਟਰ ਫਿਲਟਰੇਸ਼ਨ ਤੇ ਮਾਡਲ ਬਣਾ ਕੇ ਚੌਥਾ ਅਤੇ ਮਨਪ੍ਰੀਤ ਸਿੰਘ ਅਤੇ ਆਕਾਸ਼ ਜੀਤ ਸਿੰਘ ਨੇ ਹਾਈਡਰੋਜਨ ਇਰੇਟਰ ਉੱਪਰ ਮਾਡਲ ਤਿਆਰ ਕਰਕੇ ਪੰਜਵਾਂ ਸਥਾਨ ਹਾਸਿਲ ਕੀਤਾ। ਸਾਇੰਸ ਪ੍ਰਦਰਸ਼ਨੀ ਵਿੱਚ ਸਾਰੇ ਵਿਦਿਆਰਥੀਆ ਅਤੇ ਅਧਿਆਪਕਾਂ ਨੇ ਬਹੁਤ ਹੀ ਉਤਸ਼ਾਹ ਨਾਲ ਭਾਗ ਲਿਆ। ਇਸ ਖੁਸ਼ੀ ਦੇ ਮੌਕੇ ਉੱਪਰ ਸੰਸਥਾ ਦੇ ਮੁਖੀ ਆਦਰਸ਼ ਕੁਮਾਰ ਨੇ ਸਾਰੇ ਵਿਦਿਆਰਥੀਆਂ , ਅਧਿਆਪਕਾਂ ਅਤੇ ਮੁੱਖ ਮਹਿਮਾਨਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਭਵਿੱਖ ਵਿੱਚ ਵੀ ਇਹੋ ਜਿਹੀਆਂ ਪ੍ਰਦਰਸ਼ਨੀਆਂ ਲਗਾਉਂਦੇ ਰਹਿਣਗੇ ਤਾਂ ਕਿ ਹਰ ਇੱਕ ਬੱਚੇ ਵਿੱਚ ਬਹੁ ਪੱਖੀ ਪ੍ਰਤਿਭਾ ਉੱਭਰ ਕੇ ਸਾਮ੍ਹਣੇ ਆ ਸਕੇ। ਇਸ ਮੌਕੇ ਸਕੂਲ ਦੇ ਅਧਿਆਪਕ ਸੁਖਵਿੰਦਰ ਕੌਰ , ਗੌਰਵ ਪਾਂਧੀ , ਗੁਰਚਰਨ ਸਿੰਘ , ਮੁਸਕਾਨ ਸ਼ਾਹੀ, ਹਰਜੀਤ ਕੌਰ , ਨਿਭਾ ਮਹਾਜਨ , ਪਿੰਕੀ ਸ਼ੋਰੀ, ਰਮਿੰਦਰਦੀਪ ਕੌਰ ਅਤੇ ਅਵਨੀਤ ਕੌਰ ਤੋਂ ਇਲਾਵਾ ਸਮੁੱਚਾ ਸਟਾਫ ਮੌਜੂਦ ਸੀ। ਇਸ ਮੌਕੇ ਆਏ ਹੋਏ ਮੁੱਖ ਮਹਿਮਾਨਾ ਅਤੇ ਵਿਦਿਆਰਥੀਆਂ ਦੇ ਮਾਪਿਆਂ ਦਾ ਕਹਿਣਾ ਸੀ ਕਿ ਅਜਿਹੀਆਂ ਪ੍ਰਦਰਸ਼ਨੀਆਂ ਅੱਗੇ ਤੋਂ ਵੀ ਜਾਰੀ ਰਹਿਣੀਆਂ ਚਾਹੀਦੀਆਂ ਹਨ ਕਿਉਂਕਿ ਅਜਿਹੀਆਂ ਪ੍ਰਦਰਸ਼ਨੀਆਂ ਵਿਦਿਆਰਥੀਆਂ ਵਿੱਚ ਛੁਪੇ ਅੰਦਰਲੇ ਵਿਅਕਤੀਤਵ ਨੂੰ ਉਘਾੜਨ ਵਿੱਚ ਸਹਾਈ ਹੁੰਦੀਆਂ ਹਨ। ਉਨਾਂ ਦਾ ਕਹਿਣਾ ਸੀ ਕਿ " ਆਈ ਐਮ ਕਲਾਮ " ਵਿਗਿਆਨ ਪ੍ਰਦਰਸ਼ਨੀ ਇੱਕ ਕਾਮਯਾਬ ਅਤੇ ਸਫਲ ਪ੍ਰਦਰਸ਼ਨੀ ਸਾਬਤ ਹੋਈ ਹੈ। ਇਸ ਸਮਾਗਮ ਦੇ ਅੰਤ ਵਿੱਚ ਗੁਲਜਾਰ ਗਰੁੱਪ ਦੇ ਸਾਫਟ ਸਕਿਲ ਟਰੇਨਰ ਵਰੁਨ ਲਾਂਬਾ ਅਤੇ ਅਨੂੰ ਇਨਫੋਟੈਕ ਦੇ ਐਮ ਡੀ ਰਿਕੀ ਸ਼ਾਹੀ ਨੇ ਕਿਹਾ ਕਿ ਇਹ ਪ੍ਰਦਰਸ਼ਨੀ ਵਿਦਿਆਰਥੀਆਂ ਦੇ ਮਨਾਂ ਉੱਤੇ ਅਮਿਟ ਪੈੜਾਂ ਛੱਡਦੀ ਹੋਈ ਸਮਾਪਤ ਹੋ ਗਈ।

# ਡੀਸੀ ਵੱਲੋਂ ਝੋਨੇ ਦੀ ਹੋਈ ਲੁੱਟ ਤੇ ਜਾਂਚ ਕਮੇਟੀ ਗਠਤ

## 70 ਤੋਂ ਵੱਧ ਸ਼ਿਕਾਇਤਾਂ ਕਿਸਾਨਾਂ ਕਰਵਾਈਆਂ ਐਸ ਡੀ ਐਮ ਪਾਸ ਦਰਜ਼

✤ ਪੰਜਾਬ ਦਾ ਖੁਲਾਸਾ



**ਫੱਤੂ ਢੀਂਗਾ, 27 ਨਵੰਬਰ (ਅਮਨਦੀਪ ਕੌਰ)**- ਝੋਨੇ ਦੀ ਫ਼ਸਲ ਦੀ ਖਰੀਦ ਦੌਰਾਨ ਵੱਡੀ ਪੱਧਰ ਤੇ ਹੋਈਆਂ ਬੇ-ਨਿਯਮੀਆ ਤੇ ਕਾੱਟ ਲਾ ਫ਼ਸਲ ਖਰੀਦਣ ਤੇ ਅਮਿਤ ਪੰਚਾਲ ਡਿਪਟੀ ਕਮਿਸ਼ਨਰ ਕਪੂਰਥਲਾ ਵੱਲੋਂ ਜਾਂਚ ਕਮੇਟੀ ਗਠਤ ਕੀਤੀ ਗਈ। ਅੱਜ ਪੰਜਾਬ ਕਿਸਾਨ ਯੂਨੀਅਨ (ਬਾਗੀ) ਵੱਲੋਂ ਭਰਾਤਰੀ ਜਥੇਬੰਦੀਆਂ ਭਾਰਤੀ ਕਿਸਾਨ ਯੂਨੀਅਨ (ਡਕੌਂਦਾ) , ਕੁੱਲ ਹਿੰਦ ਕਿਸਾਨ ਸਭਾ ਦੇ ਸਹਿਯੋਗ ਨਾਲ ਵੱਡੀ ਗਿਣਤੀ ਕਿਸਾਨਾਂ ਦਾ ਇਕੱਠ ਮਾਰਕਿਟ ਕਮੇਟੀ ਦਫ਼ਤਰ ਦਾਨਾ ਮੰਡੀ ਕਪੂਰਥਲਾ ਵਿਖੇ ਕੀਤਾ ਗਿਆ। ਇਕੱਠ ਦੌਰਾਨ ਆੜਤੀਆਂ ਖਿਲਾਫ ਲਿਖਤੀ ਸ਼ਿਕਾਇਤਾਂ ਤਹਿਸੀਲ ਕਪੂਰਥਲਾ ਅਧੀਨ ਆਉਂਦੀਆਂ ਦਾਨਾ ਮੰਡੀਆਂ ਵਿੱਚ ਕਾੱਟ ਲਾ ਵੇਚੀ ਗਈ ਝੋਨੇ ਦੀ ਫ਼ਸਲ ਸਬੰਧੀ ਕਿਸਾਨਾਂ ਕੋਲੋਂ ਲਈਆ ਗਈਆ ।ਇਸ ਉਪਰੰਤ ਕਾਫਲੇ ਦੇ ਰੂਪ ਵਿੱਚ ਐਸ ਡੀ ਐਮ ਦਫਤਰ ਕਪੂਰਥਲਾ ਵਿਖੇ ਪਹੁੰਚ ਮੇਜਰ ਡਾ ਅਰਵੀਨ ਕੌਰ ਐਸ ਡੀ ਐਮ ਕਪੂਰਥਲਾ ਨੂੰ 70 ਤੋਂ ਵੱਧ ਸ਼ਿਕਾਇਤਾਂ ਆੜਤੀਆਂ ਖਿਲਾਫ ਦਰਜ ਕਰਵਾਈਆਂ ਮੇਜਰ ਡਾ ਅਰਵੀਨ ਕੌਰ ਵੱਲੋਂ ਆਏ ਕਿਸਾਨ ਆਗੂਆਂ ਤੇ ਕਿਸਾਨਾਂ ਨੂੰ ਭਰੋਸਾ ਦਿਵਾਇਆ ਗਿਆ ਕਿ ਤੁਹਾਡੇ ਵੱਲੋਂ ਦਿੱਤੀਆਂ ਸ਼ਿਕਾਇਤਾਂ ਦੀ ਜਾਂਚ ਪਾਰਦਰਸ਼ੀ ਢੰਗ ਨਾਲ ਕੀਤੀ ਜਾਵੇਗੀ।

ਸਬੰਧਿਤ ਵਿਭਾਗ ਨੂੰ ਅੱਜ ਹੀ ਲਿਖਤੀ ਪੱਤਰ ਭੇਜ ਆੜਤੀਆਂ ਨੂੰ ਨੋਟਿਸ ਜਾਰੀ ਕਰਨ ਨਿਰਦੇਸ਼ ਦੇ ਦਿੱਤੇ ਜਾਣਗੇ ਤੇ ਦੋਸ਼ੀਆਂ ਖਿਲਾਫ ਜਲਦ ਵਿਭਾਗੀ ਤੇ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਆਗੂਆਂ ਨੇ ਕਿਹਾ ਕਿ ਰੋਜ਼ਾਨਾ ਪਿੰਡਾਂ ਵਿਚੋਂ ਪੀੜਤ ਕਿਸਾਨਾਂ ਦੀਆਂ ਸ਼ਿਕਾਇਤਾਂ ਆਉਂਦੀਆਂ ਰਹਿਣਗੀਆਂ ਤੇ ਐਸ ਡੀ ਐਮ ਵੱਲੋਂ ਸਟੈਨੋ ਦੀ ਡਿਊਟੀ ਲਗਾਈ ਗਈ ਕਿ ਆਈ ਸ਼ਿਕਾਇਤਾਂ ਨੂੰ ਲੈ ਤੁਰੰਤ ਉਹਨਾਂ ਦੇ ਧਿਆਨ ਵਿੱਚ ਲਿਆਂਦਾ ਜਾਵੇ।ਪੰਜਾਬ ਕਿਸਾਨ ਯੂਨੀਅਨ (ਬਾਗੀ) ਦੇ ਸੂਬਾ ਪ੍ਰਧਾਨ ਪਰਮਜੀਤ ਸਿੰਘ ਜੱਬੋਵਾਲ, ਸੂਬਾ ਜਨਰਲ ਸਕੱਤਰ ਗੁਰਦੀਪ ਸਿੰਘ ਭੰਡਾਲ, ਬੋਹੜ ਸਿੰਘ ਹਜਾਰਾ, ਸੰਦੀਪ ਪਾਲ ਸਿੰਘ ਕਾਲੇਵਾਲ, ਹਰਨੇਕ ਸਿੰਘ ਜੈਨਪੁਰ, ਸੁਖਦੇਵ ਸਿੰਘ ਖੀਰਾਂਵਾਲੀ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਤੋਂ ਜ਼ਿਲ੍ਹਾ ਪ੍ਰਧਾਨ ਧਰਮਿੰਦਰ ਸਿੰਘ,ਰਾਣਾ ਸੈਦੋਵਾਲ, ਕੁੱਲ ਹਿੰਦ ਕਿਸਾਨ ਸਭਾ ਤੋਂ ਮੁਕੰਦ ਸਿੰਘ ਵੱਲੋਂ ਵਫ਼ਦ ਦੇ ਰੂਪ ਡਿਪਟੀ ਕਮਿਸ਼ਨਰ ਕਪੂਰਥਲਾ ਅਮਿਤ ਪੰਚਾਲ ਨੂੰ ਮੁੱਖ ਮੰਤਰੀ ਪੰਜਾਬ ਤੇ ਖੇਤੀਬਾੜੀ ਮੰਤਰੀ ਪੰਜਾਬ ਦੇ ਨਾਂ ਮੰਗ ਪੱਤਰ ਸੌਂਪਿਆ ਗਿਆ।

ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਐਸ ਐਸ ਪੀ ਰੇਟਾਂ ਤੋਂ ਘੱਟ ਰੇਟਾਂ ਤੇ ਹੋਈ ਖਰੀਦ ਸਬੰਧੀ ਜਾਂਚ ਕਮੇਟੀ ਗਠਤ ਕੀਤੀ ਜਾਵੇ ।ਜਿਸ ਤੇ ਤੁਰੰਤ ਐਕਸ਼ਨ ਲੈਂਦਿਆਂ ਡੀਸੀ ਵੱਲੋਂ ਕਮੇਟੀ ਦਾ ਗਠਨ ਕਰ ਦਿੱਤਾ ਗਿਆ ਤੇ ਜਲਦ ਤਹਿਸੀਲ ਸੁਲਤਾਨਪੁਰ ਲੋਧੀ ਤੇ ਕਪੂਰਥਲਾ ਵਿਖੇ ਐਸ ਡੀ ਐਮ ਨੂੰ ਦਿੱਤੀਆਂ ਲਿਖਤੀ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਦਾ ਭਰੋਸਾ ਦਿੱਤਾ।ਜੋ ਝੋਨੇ ਦੀ ਟਰਾਲੀਆਂ ਅੱਜ ਡੀਸੀ ਦਫ਼ਤਰ ਵਿਖੇ ਸੁੱਟ ਰੋਸ ਪ੍ਰਦਰਸ਼ਨ ਕੀਤਾ ਜਾਣਾ ਸੀ ਨੂੰ ਪ੍ਰਸ਼ਾਸਨ ਵੱਲੋਂ ਅੱਜ ਸ਼ਾਮ ਤੱਕ ਸਰਕਾਰੀ ਰੇਟਾਂ ਤੇ ਖ਼ਰੀਦਣ ਦੇ ਦਿੱਤੇ ਭਰੋਸੇ ਤੋਂ ਬਾਅਦ ਮੁਲਤਵੀ ਕਰ ਦਿੱਤਾ ਗਿਆ। ਇਸ ਸਮੇਂ ਪੰਜਾਬ ਕਿਸਾਨ ਯੂਨੀਅਨ ਬਾਗੀ ਦੇ ਐਸ ਸੀ ਵਿੰਗ ਪ੍ਰਧਾਨ ਚਰਨਜੀਤ ਹੰਸ, ਤਰੁਣ, ਮਨਜੀਤ ਸਿੰਘ, ਚਰਨਜੀਤ ਸਿੰਘ, ਯੂਥ ਵਿੰਗ ਤੋਂ ਲਵਪ੍ਰੀਤ ਸਿੰਘ ਗੋਪੀਪੁਰ,ਸੋਨੀ ਭੁਲੱਰ,ਦੀਪ ਗੋਪੀਪੁਰ, ਰਘਬੀਰ ਸਿੰਘ, ਸੁਖਵਿੰਦਰ ਸਿੰਘ, ਗੁਰਦਿਆਲ ਸਿੰਘ ਨਰਕਟ, ਸੁਰਜੀਤ ਸਿੰਘ ਸਰਪੰਚ, ਭਗਵੰਤ ਸਿੰਘ, ਜਤਿੰਦਰ ਸਿੰਘ, ਰਾਜਵਿੰਦਰ ਸਿੰਘ ਗੁਰਜੰਟ ਸਿੰਘ ਮੰਗਲ ਸਿੰਘ ਮਲਕੀਤ ਸਿੰਘ ਅਮਰਜੀਤ ਸਿੰਘ, ਰਣਜੀਤ ਸਿੰਘ ਬਲਵਿੰਦਰ ਬਾਜਵਾ, ਗੁਰਦੀਪ ਸਿੰਘ ਨਰਵੈਲ ਸਿੰਘ, ਸਤਵਿੰਦਰ ਸਿੰਘ, ਹਰਭਜਨ ਸਿੰਘ,ਭਿੰਦਾ ਸੁਰਖਪੁਰ, ਗੁਰਨਾਮ ਭੰਡਾਲ, ਹਰਜਿੰਦਰ ਸਿੰਘ, ਕੁਲਵਿੰਦਰ ਸਿੰਘ, ਬਲਵੀਰ ਸਿੰਘ ਆਦਿ ਹਾਜਿਰ ਸਨ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਲਗਾਏ ਆਰ ਉ ਸਿਸਟਮ ਦਾ ਕੈਬਨਿਟ ਮੰਤਰੀ ਪੰਜਾਬ ਵੱਲੋਂ ਉਦਘਾਟਨ





✤ ਪੰਜਾਬ ਦਾ ਖੁਲਾਸਾ

**ਮਲੋਟ, 27 ਨਵੰਬਰ ( ਕ੍ਰਿਸ਼ਨ ਮਦਾਨ/ਅਮਰਨਾਥ ਸੋਨੀ )** ਡਾਕਟਰ ਐਸ ਪੀ ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਸ ਜੱਸਾ ਸਿੰਘ ਸੰਧੂ ਕੋਮੀ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ ਤੇ ਸਰਕਾਰੀ ਪ੍ਰਾਇਮਰੀ ਸਕੂਲ ਵੈਸਟ 2 ਮੰਡੀ ਹਰਜੀਰਾਮ ਮਲੋਟ ਵਿਖੇ ਬੱਚਿਆਂ ਨੂੰ ਸਾਫ ਪਾਣੀ ਪੀਣ ਲਈ ਮੁਫ਼ਤ ਆਰ ਉ ਸਿਸਟਮ ਲਗਾਇਆ ਗਿਆ ਸੀ ਜਿਸ ਦਾ ਉਦਘਾਟਨ ਅੱਜ ਡਾਕਟਰ ਬਲਜੀਤ ਕੌਰ ਮਾਨਯੋਗ ਕੈਬਨਿਟ ਮੰਤਰੀ ਪੰਜਾਬ ਸਰਕਾਰ ਵੱਲੋਂ ਅਪਣੇ ਕਰ ਕਮਲਾਂ ਨਾਲ ਕੀਤਾ ਗਿਆ ਉਦਘਾਟਨ ਉਪਰੰਤ ਆਪਣੇ ਭਾਸ਼ਣ ਵਿਚ ਕੈਬਨਿਟ ਮੰਤਰੀ ਪੰਜਾਬ ਸਰਕਾਰ ਵੱਲੋਂ ਡਾ ਐਸ ਪੀ ਸਿੰਘ ਓਬਰਾਏ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ ਅਤੇ ਟਰੱਸਟ ਵੱਲੋਂ ਦੁਨੀਆ ਭਰ ਵਿੱਚ ਕੀਤੇ ਜਾ ਰਹੇ ਮਾਨਵਤਾ ਦੀ ਭਲਾਈ ਲਈ ਕੰਮਾਂ ਦੀ ਵੀ ਚਰਚਾ ਕੀਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਮਾਲਵਾ ਖੇਤਰ ਦਾ ਪਾਣੀ ਬਹੁਤ ਹੀ ਜ਼ਹਿਰੀਲਾ ਹੋਣ ਕਾਰਨ ਬੱਚੇ ਵੱਖ ਵੱਖ ਬੀਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ । ਆਰ ਉ ਲੱਗਣ ਉਪਰੰਤ ਸਕੂਲ ਦੇ ਵਿਦਿਆਰਥੀਆਂ, ਅਧਿਆਪਕਾਂ, ਅਤੇ ਵਿਦਿਆਰਥੀਆਂ ਦੇ ਮਾਪਿਆਂ ਵੱਲੋਂ ਡਾ ਓਬਰਾਏ ਦਾ ਧੰਨਵਾਦ ਕੀਤਾ ਗਿਆ ਅਨਿਲ ਜੁਨੇਜਾ ਪ੍ਰਧਾਨ ਮਲੋਟ ਇਕਾਈ ਨੇ ਕਿਹਾ ਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਮਲੋਟ ਏਰੀਆ ਵਿੱਚ ਇਸ ਤੋਂ ਪਹਿਲਾਂ ਵੀ 18 ਆਰ ਉ ਸਿਸਟਮ ਵੱਖ ਵੱਖ ਸਕੂਲਾਂ ਵਿੱਚ ਲਗਾਏ ਜਾ ਚੁੱਕੇ ਹਨ।ਇਸ ਮੌਕੇ ਅਰਸ਼ਦੀਪ ਸਿੰਘ ਪੀ ਏ ਅਰਵਿੰਦਰ ਪਾਲ ਸਿੰਘ ਚਾਹਲ ਜ਼ਿਲਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ, ਅਨਿਲ ਜੁਨੇਜਾ ਪ੍ਰਧਾਨ ਮਲੋਟ ਇਕਾਈ, ਜਸਬੀਰ ਸਿੰਘ ਰਿਟਾਇਰਡ ਏ ਐਸ ਆਈ, ਅਸ਼ੋਕ ਕੁਮਾਰ,ਜਸਵਿੰਦਰ ਸਿੰਘ ਵਾਲੀਆ, ਸੁਭਾਸ਼ ਦਹੂਜਾ,ਸੋਹਣ ਲਾਲ ਗੁੰਬਰ,ਜਗਜੀਤ ਸਿੰਘ ਔਲਖ, ਭਗਤ ਸਿੰਘ ਵਾਲੀਆ,ਬਲਜੀਤ ਕੌਰ,ਅੰਜਨਾ ਰਾਣੀ ਕਿਰਨਾ ਰਾਣੀ ਸੰਤੋਸ਼ ਰਾਣੀ, ਅਨਿਲ ਗੌਦਾਰਾ, ਸਕੂਲ ਪ੍ਰਿੰਸੀਪਲ, ਸਮੂਹ ਸਟਾਫ, ਮਲੋਟ ਸ਼ਹਿਰ ਦੇ ਪਤਵੰਤੇ ਹਾਜਰ ਸਨ।

# ਮੋਟੀਵੇਟਰ ਵਰਕਰਾਂ ਦੀ ਟ੍ਰੇਨਿੰਗ ਸ਼ੁਰੂ, ਵਿਭਾਗ ਵੱਲੋਂ ਵਾਟਰ ਪਾਲਸੀ ਲਾਗੂ ਕਰਨ ਦਾ ਭਰੋਸਾ, ਵਿਭਾਗੀ ਮੀਟਿੰਗ 4 ਦਸੰਬਰ ਨੂੰ

✤ ਪੰਜਾਬ ਦਾ ਖੁਲਾਸਾ



**ਬਠਿੰਡਾ, 27 ਨਵੰਬਰ (ਰਾਮ ਸਿੰਘ ਕਲਿਆਣ)**- ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵਿੱਚ ਲੰਬੇ ਸਮੇ ਤੋਂ ਬਤੌਰ ਮੋਟੀਵੇਟਰ ਕੰਮ ਕਰ ਰਹੇ ਵਰਕਰਾਂ ਦੀ ਵਿਭਾਗ ਵੱਲੋਂ ਸੈਨੀਟੇਸ਼ਨ ਦੇ ਕੰਮ ਦੀ ਟਰੇਨਿੰਗ 21 ਨਵੰਬਰ ਤੋਂ ਸ਼ੁਰੂ ਹੋ ਚੁੱਕੀ ਹੈ ਜੋ 17 ਦਸੰਬਰ ਤੱਕ ਚੱਲੇਗੀ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸੂਬਾ ਆਗੂ ਰਵਿੰਦਰ ਅਲੀਸ਼ੇਰ ਅਤੇ ਰਣਜੀਤ ਸਿੰਘ ਸ੍ਰੀ ਅੰਮ੍ਰਿਤਸਰ ਨੇ ਦੱਸਿਆ ਕੀ ਵਿਭਾਗ ਵੱਲੋਂ ਸੈਨੀਟੇਸ਼ਨ ਦੇ ਕੰਮ ਸੋਲਿਡ ਵੇਸਟ ਅਤੇ ਲਿਕੁਅਡ ਵੇਸਟ ਸਮੇਂਤ ਹੋਰ ਪ੍ਰੋਜੈਕਟਾਂ ਦੀ ਵਿਭਾਗ ਵੱਲੋਂ 11 ਬੈਚ ਬਣਾਕੇ ਟਰੇਨਿੰਗ ਦਿੱਤੀ ਜਾ ਰਹੀ ਹੈ। ਔਰਤ ਮੋਟੀਵੇਟਰਾਂ ਲਈ ਟਰੇਨਿੰਗ ਦਾ ਅਲੱਗ ਪ੍ਰਬੰਧ ਕੀਤਾ ਗਿਆ ।

ਜਲ ਸਪਲਾਈ ਵਿਭਾਗ ਵੱਲੋਂ ਟਰੇਨਿੰਗ ਦੌਰਾਨ ਰਹਿਣ ਅਤੇ ਖਾਣ ਪੀਣ ਦਾ ਢੁਕਵਾਂ ਪ੍ਰਬੰਧ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਜਲ ਸਪਲਾਈ ਅਤੇ ਸੈਨੀਟੇਸ਼ਨ ਨੰਬਰ ਭਾਗ ਵਿੱਚ ਲੰਮੇ ਸਮੇਂ ਤੋਂ ਕੰਮ ਕਰ ਰਹੇ ਮੋਟੀਵੇਟਰ ਆਪਣੀਆਂ ਯੋਗ ਮੰਗਾਂ ਲਈ ਸੰਘਰਸ਼ ਕਰ ਰਹੇ ਹਨ ਅਤੇ ਇਸ ਲਈ ਕਾਂਗਰਸ ਸਰਕਾਰ ਵੇਲੇ ਮਲੇਰਕੋਟਲਾ ਨੇੜੇ ਤੱਤਕਾਲੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਰਜੀਆ ਸੁਲਤਾਨਾ ਦੇ ਇਲਾਕੇ ਵਿੱਚ ਵਾਟਰ ਵਰਕਸ ਦੀਆਂ ਟੈਂਕੀਆਂ ਉੱਤੇ ਲੰਮਾ ਸਮਾਂ ਸੰਘਰਸ਼ ਕੀਤਾ ਸੀ । ਉਸ ਸਮੇ ਤੱਤਕਾਲੀ ਵਿਰੋਧੀ ਧਿਰ ਦੇ ਨੇਤਾ ਅਤੇ ਪੰਜਾਬ ਦੇ ਮੌਜੂਦਾ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਉਸ ਸਮੇਂ ਮੋਟੀਵੇਟਰਾਂ ਦੇ ਧਰਨੇ ਵਿੱਚ ਸ਼ਾਮਿਲ ਹੋ ਕੇ ਉਹਨਾਂ ਦੀਆਂ ਮੰਗਾਂ ਨੂੰ ਜਾਇਜ਼ ਕਰਾਰ ਦਿੰਦਿਆਂ ਤਤਕਾਲੀ ਸਰਕਾਰ ਨੂੰ ਮੋਟੀਵੇਟਰਾਂ ਦੀਆਂ ਮੰਗਾਂ ਪੂਰੀਆਂ ਕਰਨ ਲਈ ਅਪੀਲ ਕੀਤੀ ਸੀ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਬਣ ਉਪਰੰਤ ਉਨਾਂ ਦੀਆਂ ਮੰਗਾਂ ਪੂਰੀਆਂ ਕਰਨ ਦਾ ਭਰੋਸਾ ਦਿਵਾਇਆ ਸੀ ਅਤੇ ਪੰਜਾਬ ਵਿੱਚ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਭਗਵੰਤ ਸਿੰਘ ਮਾਨ ਨੇ ਲੋਹੜੀ ਦੇ ਤਿਉਹਾਰ ਮੌਕੇ ਮੋਟੀਵੇਟਰਾਂ ਨੂੰ ਲੋਹੜੀ ਦਾ ਤੋਹਫਾ ਦਿੰਦੇ ਹੋਏ ਪੱਕੇ ਰੁਜ਼ਗਾਰ ਦਾ ਵਾਅਦਾ ਕੀਤਾ ਸੀ ਅਤੇ ਇਸ ਨੂੰ ਲੈ ਕੇ ਮੋਟੀਵੇਟਰ ਸ਼ਾਂਤਮਈ ਢੰਗ ਨਾਲ ਲਗਾਤਾਰ ਆਪਣਾ ਸੰਘਰਸ਼ ਜਾਰੀ ਰੱਖਿਆ ਤੇ ਪੰਜਾਬ ਸਰਕਾਰ ਅਤੇ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਨਾਲ ਸਮੇਂ ਸਮੇਂ ਤੇ ਮੀਟਗਾਂ ਦਾ ਦੌਰ ਚਲਦਾ ਰਿਹਾ।

ਸੂਬਾ ਸਕੱਤਰ ਰਣਵੀਰ ਰਵੀ ਕੁਲਰੀਆਂ ਅਤੇ ਸਤਨਾਮ ਸਿੰਘ ਨੇ ਦੱਸਿਆ ਕਿ ਬੀਤੀ 17 ਨਵੰਬਰ ਨੂੰ ਹਰਦੀਪ ਸਿੰਘ ਮੁੰਡੀਆ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਪੰਜਾਬ ਦੀ ਰਿਹਾਇਸ਼ ਤੇ ਵਿਭਾਗ ਦੇ ਪ੍ਰਿੰਸੀਪਲ ਸੈਕਟਰੀ,ਵਿਭਾਗ ਮੁੱਖੀ ਸਮੇਤ ਹੋਰ ਉੱਚ ਅਧਿਕਾਰੀਆਂ ਨਾਲ ਹੋਈ ਮੀਟਿੰਗ ਵਿੱਚ ਵਿਭਾਗ ਅਤੇ ਜਲ ਮੰਤਰੀ ਵੱਲੋਂ ਦੱਸਿਆ ਗਿਆ ਹੈ ਕਿ ਵਾਟਰ ਕੰਪੋਨੈਂਟ ਦੀ ਪਾਲਸੀ ਲਾਗੂ ਕਰਨ ਸਬੰਧੀ ਵਿਭਾਗ ਨੇ 4 ਦਸੰਬਰ ਤੱਕ ਦਾ ਸਮਾਂ ਦਿੱਤਾ ਹੈ ਅਤੇ 4 ਤਰੀਕ ਨੂੰ ਦੁਬਾਰਾ ਫਿਰ ਮੀਟਿੰਗ ਕਰਕੇ ਹੱਲ ਕਰਨ ਦਾ ਭਰੋਸਾ ਦਿੱਤਾ ਹੈ। ਇਸ ਮੌਕੇ ਜਗਸੀਰ ਸੰਗਰੂਰ, ਹੁੰਦਲ ਗੁਰਦਾਸਪੁਰ, ਜਗਜੀਤ ਬਠਿੰਡਾ, ਗੁਰਿੰਦਰ ਸਮਰਾ, ਹੈਪੀ ਪਠਾਨਕੋਟ, ਰਵਿੰਦਰ ਹੁਸ਼ਿਆਰਪੁਰ ਸਮੇਤ ਹੋਰ ਜਿਲ੍ਹਿਆਂ ਦੇ ਆਗੂ ਹਾਜ਼ਰ ਰਹੇ।

# 13 ਸਾਲਾਂ ਵੈਭਵ ਸੂਰਿਆਵੰਸ਼ੀ ਆਈ.ਪੀ.ਐਲ ਵਿੱਚ ਦਿਖਾਵੇਗਾ ਜਲਵਾ

✤ ਪੰਜਾਬ ਦਾ ਖੁਲਾਸਾ

**ਰਾਮੇਆਣਾ, 27 ਨਵੰਬਰ (ਮਾਸਟਰ ਸਰਬਜੀਤ ਸਿੰਘ ਮਲ੍ਹੋਤਰਾ)**- ਬਿਹਾਰ ਦੇ ਤਾਜਪੁਰ ਵਿੱਚ ਰਹਿਣ ਵਾਲਾ ਵੈਭਵ ਸੂਰਿਆਵੰਸ਼ੀ ਆਈ. ਪੀ.ਐਲ ਵਿੱਚ ਸਭ ਤੋਂ ਘੱਟ ਉਮਰ ਦਾ ਖਿਡਾਰੀ ਹੋਵੇਗਾ। ਉਹ ਆਈ. ਪੀ. ਐਲ ਵਿੱਚ ਰਾਜਸਥਾਨ ਰਾਇਲਸ ਵੱਲੋਂ ਖੇਡੇਗਾ , ਜਿਹਨਾਂ ਨੇ ਉਸਨੂੰ 1 ਕਰੋੜ 10 ਲੱਖ ਵਿੱਚ ਵੱਡੀ ਕੀਮਤ ਦੇ ਕੇ ਖਰੀਦਿਆ ਹੈ। ਵੈਭਵ ਦੀ



ਇਸ ਸਮੇਂ ਉਮਰ ਸਿਰਫ਼ 13 ਸਾਲ ਦੀ ਹੈ । ਉਹ ਅੰਡਰ -19 ਟੀਮ ਵਿੱਚ ਖੇਡ ਚੁੱਕਿਆ ਹੈ, ਜਿੱਥੇ ਉਸਨੇ ਸ਼ਾਨਦਾਰ ਸੈਂਕੜਾ ਬਣਾਇਆ। ਵੈਭਵ 7 ਸਾਲ ਦੀ ਉਮਰ ਤੋਂ ਹੀ ਕ੍ਰਿਕਟ ਸਿੱਖ ਰਿਹਾ ਹੈ, ਉਹ ਹਫਤੇ ਵਿੱਚ ਚਾਰ ਦਿਨ ਲੰਮੀ ਦੂਰੀ ਤਹਿ ਕਰਕੇ ਪਟਨਾ ਵਿਖੇ ਅਭਿਆਸ ਕਰਨ ਜਾਂਦਾ ਸੀ। ਇਸ ਵਿੱਚ ਉਸਨੂੰ 4 ਘੰਟੇ ਤੋਂ ਉੱਪਰ ਦਾ ਸਫ਼ਰ ਕਰਨਾ ਪੈਂਦਾ ਸੀ। ਵੈਭਵ ਆਪਣੀ ਧਮਾਕੇਦਾਰ ਬੱਲੇਬਾਜ਼ੀ ਲਈ ਜਾਣੇ ਜਾਂਦੇ ਹਨ, ਇਸ ਲਈ ਹੀ ਰਾਜਸਥਾਨ ਰਾਇਲਸ ਨੇ ਉਹਨਾਂ ਤੇ ਇਹਨਾਂ ਪੈਸਾ ਖਰਚ ਕੀਤਾ ਹੈ। ਕ੍ਰਿਕਟ ਪ੍ਰਸ਼ੰਸਕ ਆਉਣ ਵਾਲੇ ਆਈ. ਪੀ.ਐਲ ਵਿੱਚ ਵੈਭਵ ਸੂਰਿਆਵੰਸ਼ੀ ਦੇ ਜਲਵੇ ਦੇਖਣ ਲਈ ਬੇਤਾਬ ਹਨ।

# ਸ. ਸੋਭਾ ਸਿੰਘ ਮੈਮੋਰੀਅਲ ਚਿੱਤਰਕਾਰ ਸੋਸਾਇਟੀ ਬਠਿੰਡਾ ਚਾਰ ਰੋਜ਼ਾ ਸਲਾਨਾ ਕਲਾ ਮੇਲਾ ਸ਼ੁਰੂ

✤ ਪੰਜਾਬ ਦਾ ਖੁਲਾਸਾ

**ਬਠਿੰਡਾ, 27 ਨਵੰਬਰ ( ਸੱਤਪਾਲ ਮਾਨ )** : - ਸ. ਸੋਭਾ ਸਿੰਘ ਮੈਮੋਰੀਅਲ ਚਿੱਤਰਕਾਰ ਸੋਸਾਇਟੀ(ਰਜਿ.) ਬਠਿੰਡਾ ਵੱਲੋਂ ਕਰਵਾਏ ਜਾ ਰਹੇ 30ਵੇਂ ਸਲਾਨਾ ਚਾਰ ਰੋਜ਼ਾ ਕਲਾ ਉਤਸਵ ਦਾ ਸ਼ਾਨਦਾਰ ਆਗਾਜ਼ ਅੱਜ 'ਟੀਚਰਜ਼ ਹੋਮ' ਸੰਸਥਾ ਨੇੜੇ ਫੌਜੀ ਚੌਕ ਬਠਿੰਡਾ ਵਿਖੇ ਹੋਣ ਜਾ ਰਿਹਾ ਹੈ। ਇਸ ਸਾਲ ਇਹ ਕਲਾ ਮੇਲਾ ਵਿਸ਼ਵ ਪ੍ਰਸਿੱਧ ਆਰਟਿਸਟ ਸ਼੍ਰੀ ਸਤੀਸ਼ ਗੁਜਰਾਲ ਜੀ ਨੂੰ ਸਮਰਪਿਤ ਹੈ। ਇਸ ਕਲਾ ਮੇਲੇ ਵਿੱਚ ਬਠਿੰਡਾ ਅਤੇ ਇਸ ਦੇ ਨਾਲ ਲੱਗਦੇ ਇਲਾਕਿਆਂ ਤੋਂ ਇਲਾਵਾ ਚੰਡੀਗੜ੍ਹ, ਹਰਿਆਣਾ, ਹਿਮਾਚਲ ਪ੍ਰਦੇਸ਼, ਰਾਜਸਥਾਨ, ਦਿੱਲੀ ਆਦਿ ਵੱਖ-ਵੱਖ ਸਥਾਨਾਂ ਤੋਂ 50 ਤੋਂ ਵੱਧ ਚਿੱਤਰਕਾਰਾਂ ਦੀਆਂ ਪੇਂਟਿੰਗਾਂ ਦਰਸਾਈਆਂ ਜਾ ਰਹੀਆਂ ਹਨ। ਵੀਰਵਾਰ ਤੋਂ ਸ਼ੁਰੂ ਹੋ ਕੇ ਇਹ ਸਮਾਗਮ ਐਤਵਾਰ ਤੱਕ ਜਾਰੀ ਰਹੇਗਾ। ਜਿਸ ਦਾ ਆਨੰਦ ਸ਼ਹਿਰ ਨਿਵਾਸੀ ਅਤੇ ਦੂਰ ਦੁਰਾਡੇ ਤੋਂ ਆਏ ਲੋਕ ਮਾਣ ਸਕਦੇ ਹਨ।

ਇਸ ਮੌਕੇ ਸੋਸਾਇਟੀ ਦੇ ਪ੍ਰਧਾਨ ਡਾ. ਅਮਰੀਕ ਸਿੰਘ ਅਤੇ ਜਨਰਲ ਸਕੱਤਰ ਆਰਟਿਸਟ ਗੁਰਪ੍ਰੀਤ ਬਠਿੰਡਾ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਸ 30ਵੇਂ ਸਲਾਨਾ ਕਲਾ ਸੰਮੇਲਨ ਦੌਰਾਨ ਪਹਿਲੇ ਦਿਨ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਦੇ ਵੱਖ-ਵੱਖ ਵਿਸ਼ਿਆਂ ਤੇ ਅਧਾਰਿਤ ਕਲਾ ਮੁਕਾਬਲੇ ਕਰਵਾਏ ਜਾਣਗੇ। ਸ਼ਹਿਰ ਦੀਆਂ ਉੱਘੀਆਂ ਸ਼ਖਸੀਅਤਾਂ ਇਸ ਕਲਾ ਮੇਲੇ ਤੇ ਪ੍ਰਦਸ਼ਨੀ ਦੀ ਸ਼ਾਨ ਬਣਨਗੀਆਂ ਜਿਵੇਂ ਕਿ ਬਠਿੰਡਾ ਦੇ ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਆਈ.ਏ.ਐਸ. ਅਤੇ ਇੰਪਰੂਵਮੈਂਟ ਟਰਸਟ ਦੇ ਚੇਅਰਮੈਨ ਜਤਿੰਦਰ ਸਿੰਘ ਭੱਲਾ ਇਸ ਕਲਾ



ਪ੍ਰਦਰਸ਼ਨੀ ਦੇ ਪਹਿਲੇ ਦਿਨ ਰਸਮੀ ਤੌਰ ਤੇ ਉਦਘਾਟਨ ਕਰਨਗੇ। ਇਹਨਾਂ ਤੋਂ ਇਲਾਵਾ ਤਸਵਿੰਦਰ ਸਿੰਘ ਮਾਨ ਪ੍ਰਿੰਸੀਪਲ ਦਸ਼ਮੇਸ਼ ਪਬਲਿਕ ਸਕੂਲ ਬਠਿੰਡਾ, ਵੇਦ ਪ੍ਰਕਾਸ਼ ਸ਼ਰਮਾ ਗੌਰਮੈਂਟ ਕੰਟਰੈਕਟਰ, ਅੰਕਿਤ ਮਿੱਤਲ ਪਵਨ ਗਲਾਸ ਵਰਕਰਸ , ਅਵਤਾਰ ਸਿੰਘ ਪ੍ਰਿੰਸੀਪਲ ਲਿਟਲ ਫਲਾਵਰ ਪਬਲਿਕ ਸਕੂਲ ਬਠਿੰਡਾ, ਨਵਜੋਤ ਪਾਲ ਸਿੰਘ ਰੰਧਾਵਾ ਆਈ.ਏ.ਐਸ. ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਸ਼ਿਰਕਤ ਕਰਨਗੇ। ਇਸ ਸੰਮੇਲਨ ਦੇ ਅਖੀਰਲੇ ਦਿਨ ਮੁੱਖ ਮਹਿਮਾਨ ਦੇ ਤੌਰ ਤੇ ਸ. ਜਗਰੂਪ ਸਿੰਘ ਗਿੱਲ ਐਮ.ਐਲ.ਏ. ਬਠਿੰਡਾ ਸ਼ਹਿਰੀ, ਵਿਸ਼ੇਸ਼ ਮਹਿਮਾਨ ਵਿਜੇ ਮਲਹੋਤਰਾ ਐਮ. ਡੀ. ਕੀਰਤੀ ਪਬਲੀਕੇਸ਼ਨ ਗੁੜਗਾਉਂ, ਸੁਖਮੰਦਰ ਸਿੰਘ ਚੱਠਾ ਐਮ.ਡੀ. ਫਤਿਹ ਗਰੁੱਪ ਆਫ ਇੰਸਟੀਟਿਊਸ਼ਨ ਰਾਮਪੁਰਾ ਫੂਲ ਇਸ ਕਲਾ ਮੇਲੇ ਦੀ ਸ਼ੋਭਾ ਵਧਾਉਣਗੇ। ਸ. ਸੋਭਾ ਸਿੰਘ ਮੈਮੋਰੀਅਲ ਚਿੱਤਰਕਾਰ ਸੋਸਾਇਟੀ ਵੱਲੋਂ ਕੁੱਝ ਨਾਮਵਰ ਕਲਾਕਾਰਾਂ ਨੂੰ ਸਨਮਾਨਿਤ ਕੀਤਾ ਜਾ ਰਿਹਾ ਹੈ ਜਿਨਾਂ ਵਿਚ ਲਾਈਫ ਟਾਈਮ ਅਚੀਵਮੈਂਟ ਅਵਾਰਡ ਕੇਵਲ ਕ੍ਰਿਸ਼ਨ ਨੂੰ ਅਤੇ ਸਾਲਾਨਾ ਕਲਾ ਸਨਮਾਨ ਤਹਿਤ ਕੁਲਦੀਪ ਸਿੰਘ ਚੰਡੀਗੜ੍ਹ, ਸਰਬਜੀਤ ਸਿੰਘ ਚੰਡੀਗੜ੍ਹ ਅਤੇ ਮੋਹਨਜੀਤ ਕੌਰ ਲਹਿਰਾ ਗਾਗਾ, ਜਸਪਾਲ ਸਿੰਘ ਪਾਲਾ, ਭਾਵਨਾ ਗਰਗ, ਟੇਕ ਚੰਦ ਆਦਿ ਚਿੱਤਰਕਾਰਾਂ ਦੇ ਨਾਮ ਸ਼ਾਮਿਲ ਹਨ। ਇਹਨਾਂ ਤੋਂ ਇਲਾਵਾ ਇਸ ਕਲਾ ਪ੍ਰਦਰਸ਼ਨੀ ਵਿੱਚ ਭਾਗ ਲੈਣ ਵਾਲੇ ਸਾਰੇ ਚਿੱਤਰਕਾਰਾਂ ਦਾ ਸਨਮਾਨ ਕੀਤਾ ਜਾਵੇਗਾ। ਨਾਲ ਹੀ ਕਲਾ ਮੁਕਾਬਲੇ ਵਿੱਚ ਪੁਜ਼ੀਸ਼ਨਾਂ ਹਾਸਿਲ ਕਰਨ ਵਾਲੇ ਜੇਤੂ ਵਿਦਿਆਰਥੀਆਂ ਨੂੰ ਇਕ ਦਸੰਬਰ ਦਿਨ ਐਤਵਾਰ ਨੂੰ ਸਰਟੀਫਿਕੇਟ, ਟਰਾਫੀਆਂ ਅਤੇ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਇੱਥੇ ਹੀ ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਚਿੱਤਰਕਾਰ ਸ. ਸੋਭਾ ਸਿੰਘ ਹੁਰਾਂ ਦਾ ਜਨਮ ਦਿਨ ਇਸੇ ਪ੍ਰਦਰਸ਼ਨੀ ਦੌਰਾਨ 29 ਨਵੰਬਰ ਦੀ ਸ਼ਾਮ ਨੂੰ ਮਨਾਇਆ ਜਾਵੇਗਾ ਅਤੇ 30 ਨਵੰਬਰ ਦੀ ਸ਼ਾਮ ਨੂੰ ਵੱਖ-ਵੱਖ ਚਿੱਤਰਕਾਰ ਲਾਈਵ ਪੇਂਟਿੰਗ ਵੀ ਬਣਾਉਣਗੇ। ਪ੍ਰਬੰਧਕਾਂ ਵੱਲੋਂ ਸ਼ਹਿਰ ਨਿਵਾਸੀਆਂ ਨੂੰ ਉਚੇਚੇ ਤੌਰ ਤੇ ਇਸ ਪ੍ਰੋਗਰਾਮ ਵਿੱਚ ਸ਼ਿਰਕਤ ਕਰਨ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ। ਇਸ ਮੌਕੇ ਸਰਪ੍ਰਸਤ ਅਮਰਜੀਤ ਸਿੰਘ, ਪ੍ਰਧਾਨ ਡਾਕਟਰ ਅਮਰੀਕ ਸਿੰਘ, ਜਨਰਲ ਸਕੱਤਰ ਗੁਰਪ੍ਰੀਤ ਆਰਟਿਸਟ , ਪੇਂਟਰ ਸੁਰੇਸ਼ ਮੰਗਲਾ, ਸੋਹਣ ਸਿੰਘ, ਹਰਦਰਸ਼ਨ ਸੋਹਲ, ਬਲਰਾਜ ਬਰਾੜ ਮਾਨਸਾ, ਯਸ਼ਪਾਲ ਜੈਤੋ, ਕੇਵਲ ਕ੍ਰਿਸ਼ਨ, ਹਰੀ ਚੰਦ ਸਾਬਕਾ ਪ੍ਰਧਾਨ, ਸੰਦੀਪ ਸ਼ੇਰਗਿਲ, ਮਿਥੁਨ ਮੰਡਲ, ਵਿਜੇ ਭੂਦੇਵ, ਭਾਵਨਾ ਗਰਗ, ਬਸੰਤ ਸਿੰਘ, ਪ੍ਰੇਮ ਚੰਦ, ਅਮਰੀਕ ਮਾਨਸਾ, ਗੁਰਪ੍ਰੀਤ ਮਾਨਸਾ, ਗੁਰਜੀਤ ਪਲਾਹਾ, ਟੇਕ ਚੰਦ, ਰਿਤੇਸ਼ ਕੁਮਾਰ, ਅਮਿਤ, ਇੰਦਰਜੀਤ ਸਿੰਘ, ਪਰਸ਼ੋਤਮ ਕੁਮਾਰ, ਪਰਮਿੰਦਰ ਪੈਰੀ, ਚਿੰਤਨ ਸ਼ਰਮਾਂ, ਸੁਖਰਾਜ ਕੌਰ, ਨਿਸ਼ਾ ਗਰਗ, ਅੰਮ੍ਰਿਤਾ ਨੰਦਨ, ਸ਼ੀਤਲ ਨੰਦਨ, ਰੂਬੀ ਰਾਣੀ, ਪਰਮਿੰਦਰ ਕੌਰ, ਮਨਪ੍ਰੀਤ ਕੌਰ, ਰਮਨਦੀਪ ਕੌਰ, ਰੇਖਾ ਕੁਮਾਰੀ, ਸੀਰਜ, ਕਨਿਕਾ, ਸਿਮਰੋਜ਼, ਕ੍ਰਿਸ਼ਮੀਤ, ਆਦਿ ਹਾਜ਼ਿਰ ਸਨ ।

# ਸਰਪੰਚ ਜਸਵੰਤ ਦਰਦ ਪ੍ਰੀਤ ਬਹੁਪੱਖੀ ਸ਼ਖ਼ਸੀਅਤ



ਸਾਡਾ ਪਿੰਡ ਮੰਡੀ ਕਲਾਂ ਦਾਨੀਆਂ,ਸਾਹਿਤਕਾਰਾਂ ਤੇ ਸਰੋਤਿਆਂ ਦਾ ਬਠਿੰਡੇ ਜ਼ਿਲ੍ਹੇ ਦਾ ਵੱਡਾ ਪਿੰਡ ਐ।ਜਿੱਦਾਂ ਬਾਬੂ ਸਿੰਘ ਮਾਨ ਮਰਾੜਾਂ,ਦਿਦਾਰ ਸੰਧੂ ਭੈਰੋਵਾਲ ਆਪਣੇ ਪਿੰਡਾਂ ਦੇ ਸਰਪੰਚ ਰਹੇ ਐ। ਓਸੇ ਤਰ੍ਹਾਂ ਸਾਡੇ ਪਿੰਡ ਦੇ ਗਾਇਕ ਕੰਪੋਜ਼ਰ,ਗੀਤਕਾਰ,ਕਾਮੇਡੀ ਕਲਾਕਾਰ ਬੀਨਾ ਸਾਗਰ ਪਿੰਡ ਦੇ ਪਹਿਲਾਂ ਸਰਪੰਚ ਰਹੇ ਹਾਂ। ਹੁਣ ਸਾਡੇ ਪਿੰਡ ਵਿੱਚੋਂ ਬਣੇ ਅਲੱਗ ਪਿੰਡ ਕੋਠੇ ਮੰਡੀ ਕਲਾਂ ਦੇ ਨਵੇਂ ਬਣੇ ਸਰਪੰਚ ਸ਼ਾਇਰ,ਪੱਤਰਕਾਰ,ਗੀਤਕਾਰ ਜਸਵੰਤ ਦਰਦ ਪੀ ?ਤ ਚੋਣ ਜਿੱਤੇ ਹਨ।

ਸਾਡਾ ਪਿੰਡ ਮੰਡੀ ਕਲਾਂ ਵੀ ਇਨ੍ਹਾਂ ਮਹਾਨ ਗਾਇਕ ਗੀਤਕਾਰਾਂ ਦੇ ਬਰਾਬਰ ਹੋ ਗਿਆ।ਜਸਵੰਤ ਦਰਦ ਪੀਤ ਨੂੰ ਪਿੰਡ ਦੇ ਸੂਝਵਾਨ ਲੋਕਾਂ ਨੇ ਧੱਕੇ ਨਾਲ ਘਰ ਆ ਕੇ ਸਰਪੰਚੀ ਦੀ ਚੋਣ ਲੜਨ ਲਈ ਬੇਨਤੀ ਕਰਦਿਆਂ ਵਿਸਵਾਸ ਦਿਆਇਆ ਕਿ ਪੱਤਰਕਾਰ ਸਾਹਿਬ ਤੁਹਾਨੂੰ ਕੱਲੀ ਕੱਲੀ ਵੋਟ ਦੇਵਾਂਗਾ ਤੇ ਤੁਹਾਡੇ ਘਰ ਦਾ ਪਾਣੀ ਵੀ ਨਹੀਂ ਪੀਵਾਂਗੇ। ਜਸਵੰਤ ਦਰਦ ਪੀਤ ਚੋਣ ਜਿੱਤ ਕੇ ਪਿੰਡ ਕੋਠੇ ਮੰਡੀ ਕਲਾਂ ਦੇ ਸਰਪੰਚ ਚੁਣੇ ਗਏ।ਚੋਣ ਜਿੱਤਣ ਵਾਲੀ ਰਾਤ ਨੂੰ ਰਾਮਪੁਰਾ ਦੇ ਵਿਧਾਇਕ ਬਲਕਾਰ ਸਿੱਧੂ,ਸਮਾਜਸੇਵੀ ਲੱਖਾ ਸਿਧਾਨਾ,ਆਪ ਮੰਡੀ ਕਲਾਂ ਪਹੁੰਚ ਕਿ ਵਧਾਈ ਦਿੰਦਿਆਂ ਜਿੱਤ ਦੀ ਖੁਸ਼ੀ ਦੇ ਹਾਰ ਪਾਕੇ ਗਏ। ਰਾਮਪੁਰਾ ਏਰੀਏ ਦੇ ਪੱਤਰਕਾਰ ਵੀਰ ਪਹੁੰਚ ਗਏ। ਅਨੇਕਾਂ ਗੀਤਕਾਰ,ਗਾਇਕਾ ਦੇ ਵਧਾਈ ਦੇ ਫੋਨ ਆਏ।ਕਈ ਸਾਬਕਾ ਵਜ਼ੀਰਾਂ ਦੇ ਫੋਨ ਆਏ। ਜਸਵੰਤ ਦਰਦ ਪੀਤ ਪਿਸੱਧ ਗ਼ਜ਼ਲਗੋ ਮਲਕੀਤ ਮੀਤ ਦੇ ਛੋਟੇ ਭਰਾ ਹਨ।ਦਰਦ ਪੀਤ ਦੇ ਸਵਰਗੀ ਪਿਤਾ ਜੀ ਵੀ ਇੱਕ ਮਹਾਨ ਵਿਆਕਤੀ ਸਨ।ਇਸ ਪਰਿਵਾਰ ਦਾ ਪਿੰਡ ਮੰਡੀ ਕਲਾਂ ਵਿੱਚ ਇੱਕ ਖਾਸ ਸਥਾਨ ਹੈ। ਮੈਂ ਆਪਣੇ ਯਾਰ ਨੂੰ ਵਧਾਈ ਦਿੰਦਿਆਂ ਫੇਸਬੁੱਕ ਦੋਸਤਾਂ ਦੇ ਸਨਮੁਖ ਕਰ ਰਿਹਾ ਹਾਂ।

**ਇਕਬਾਲ ਸਿੱਧੂ ਭਾਈਕਾ ਮੰਡੀ ਕਲਾਂ**

# ਵੱਡਾ ਘੱਲੂਘਾਰਾ ਕਲੱਬ ਰੋਹੀੜਾ ਨੇ ਲੋੜਵੰਦ ਪਰਿਵਾਰਾ ਦੀਆਂ ਲੜਕੀਆਂ ਦੇ ਅਨੰਦ ਕਾਰਜ ਕਰਵਾਏ

✤ ਪੰਜਾਬ ਦਾ ਖੁਲਾਸਾ

**ਅਹਿਮਦਗੜ, 27 ਨਵੰਬਰ (ਬੰਟੀ ਚੌਹਾਨ)** ਵੱਡਾ ਘੱਲੂਘਾਰਾ ਗੁਰਦੁਆਰਾ ਸਾਹਿਬ ਸ਼ਹੀਦ ਗੰਜ ਰੋਹੀੜਾ ਵਿਖੇ ਵੱਡਾ ਘੱਲੂਘਾਰਾ ਕਲੱਬ ਰੋਹੀੜਾ ਵਲੋ ਲੋੜਵੰਦ ਪਰਿਵਾਰਾ ਦੀਆਂ ਲੜਕੀਆ ਦੇ ਸਮੂਹਕ ਵਿਆਹ ਕਰਵਾਏ ਗਏ।ਜੱਥੇਦਾਰ ਬਾਬਾ ਜਗਤਾਰ ਸਿੰਘ ਤਰਨਤਾਰਨ ਵਾਲਿਆਂ ਅਤੇ ਬਾਬਾ ਕ੍ਰਿਪਾਲ ਸਿੰਘ ਭਵਾਨੀਗੜ੍ਹ ਦੀ ਸਰਪ੍ਰਸਤੀ ਹੇਠ ਇਲਾਕਾ ਨਿਵਾਸੀਆ ਦੇ ਸਹਿਯੋਗ ਨਾਲ ਕਲੱਬ ਦੇ ਚੇਅਰਮੈਨ ਸੂਰਤ ਸਿੰਘ ਫੋਜੀ, ਸਾਬਕਾ ਸਰਪੰਚ ਹਰਚੰਦ ਸਿੰਘ ਰੋਹੀੜਾ, ਪ੍ਰਧਾਨ ਬਲਵਿੰਦਰ ਸਿੰਘ ਰੋਹੀੜਾ ਆਦਿ ਆਗੂਆਂ ਦੀ ਦੇਖ-ਰੇਖ ਵਿੱਚ ਕਰਵਾਏ ਵਿਆਹ ਸਮਾਰੋਹ ਦੌਰਾਨ ਆਈਆਂ ਬਰਾਤਾਂ ਦਾ ਸਵਾਗਤ ਕੀਤਾ ਤੇ ਬਾਅਦ ਚਾਹ-ਪਾਣੀ ਛਕਾਉਣ ਉਪਰੰਤ ਬਾਬਾ ਨਿਰਮਲ ਸਿੰਘ ਖਾਲਸਾ ਚੀਮੇ ਵਾਲੇ ਅਤੇ ਬਾਬਾ ਸਤਨਾਮ ਸਿੰਘ ਪੋਲੋਮਾਜਰੇ ਵਾਲਿਆਂ ਦੇ ਕੀਰਤਨੀ ਜਥੇ ਨੇ ੬ ਸਮੂਹ ਲੜਕੀਆ ਦੇ ਅਨੰਦ ਕਾਰਜ ਕਰਵਾਏ ਤੇ ਅੰਮ੍ਰਿਤਮਈ



**ਵਿਆਹ ਵਾਲੀਆ ਲੜਕੀਆ ਨੂੰ ਘਰੇਲੂ ਵਰਤੋਂ ਵਾਲਾ ਸਮਾਨ ਵੀ ਦਿੱਤਾ ਗਿਆ**

ਬਾਣੀ ਦੇ ਰਸ਼ਭਿੰਨੇ ਕੀਰਤਨ ਰਾਹੀ ਸੰਗਤਾਂ ਨੂੰ ਨਿਹਾਲ ਕੀਤਾ।ਵਿਆਹ ਵਾਲੀਆ ਲੜਕੀਆ ਨੂੰ ਲੋੜ ਅਨੁਸਾਰ ਘਰੇਲੂ ਵਰਤੋਂ ਵਾਲਾ ਸਮਾਨ ਵੀ ਦਿੱਤਾ ਗਿਆ।ਇਸ ਮੌਕੇ ਅਕਾਲੀ ਆਗੂ ਜਸਵੀਰ ਸਿੰਘ ਦਿਓਲ, ਹਰਦੇਵ ਸਿੰਘ ਸੇਹਕੇ, ਸਾਬਕਾ ਚੇਅਰਮੈਨ ਨਿਰਮਲ ਸਿੰਘ ਚੀਮਾਂ, ਸਾਬਕਾ ਸਰਪੰਚ ਬਲਜੀਤ ਸਿੰਘ ਘੰਗਰਾਣਾ, ਬਾਬਾ ਕਾਲਾ ਸਿੰਘ, ਤਰਲੋਚਨ ਸਿੰਘ ਖੇੜਾ, ਬਾਬਾ ਗੁਰਮੇਲ ਸਿੰਘ, ਬਾਬਾ ਤਾਰੀ ਸਿੰਘ, ਮੁੱਖ ਗ੍ਰੰਥੀ ਭਾਈ ਦਵਿੰਦਰ ਸਿੰਘ ਫਲੌਂਡ ਪੰਜਾਬ ਫੀਡ ਐਸੋਸੀਏਸ਼ਨ ਦੇ ਪ੍ਰਧਾਨ ਅਸ਼ੋਕ ਕੁਮਾਰ ਡੱਬੀ, ਹੌਲਦਾਰ ਰੁਪਿੰਦਰ ਸਿੰਘ, ਸੁਖਦਰਸ਼ਨ ਸਿੰਘ ਸਾਬਕਾ ਸਰਪੰਚ ਪੋਹੀੜ, ਜਗਦੇਵ ਸਿੰਘ ਪੋਹੀੜ, ਥਾਣੇਦਾਰ ਚਮਕੌਰ ਸਿੰਘ, ਨੰਬਰਦਾਰ ਬਲਜਿੰਦਰ ਸਿੰਘ, ਗੁਰਪ੍ਰੀਤ ਸਿੰਘ ਢੱਡੇਵਾੜੀ, ਇਰਫਾਨ ਖਾਨ ਰੋਹੀੜਾ ਨੇ ਵਿਸ਼ੇਸ ਤੌਰ ਤੇ ਸ਼ਿਰਕਤ ਕੀਤੀ ਤੇ ਕਲੱਬ ਵਲੋ ਕੀਤੇ ਕਾਰਜ ਦੀ ਸ਼ਲਾਘਾ ਕਰਦਿਆ ਨਵ ਵਿਆਹੇ ਜੋੜਿਆ ਨੂੰ ਮੁਬਾਰਕਬਾਦ ਦਿੱਤੀ।

# ਡਿਪਟੀ ਕਮਿਸ਼ਨਰ ਵੱਲੋਂ ਲੋਕਾਂ ਨੂੰ ਸੀ.ਐਮ. ਦੀ ਯੋਗਸ਼ਾਲਾ ਤਹਿਤ ਜਾਰੀ ਯੋਗ ਕੈਂਪਾਂ ਦਾ ਵੱਧ ਤੋਂ ਵੱਧ ਲਾਹਾ ਲੈਣ ਦੀ ਅਪੀਲ

✤ ਪੰਜਾਬ ਦਾ ਖੁਲਾਸਾ

**ਫ਼ਰੀਦਕੋਟ, 27 ਨਵੰਬਰ (ਗੁਰਦੀਪ ਸਿੰਘ ਵਿੱਲੋਂ)**- ਪੰਜਾਬ ਦੇ ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਸੀ.ਐਮ. ਦੀ ਯੋਗਸ਼ਾਲਾ ਨੂੰ ਫਰੀਦਕੋਟ ਜ਼ਿਲ੍ਹੇ ਵਿਚ ਵੱਡਾ ਹੁਲਾਰਾ ਮਿਲ ਰਿਹਾ ਹੈ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ੍ਰੀ ਵਿਨੀਤ ਕੁਮਾਰ ਨੇ ਦਿੱਤੀ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸ੍ਰੀ ਵਿਨੀਤ ਨੇ ਦੱਸਿਆ ਕਿ ਸੀ.ਐਮ.ਦੀ ਯੋਗਸ਼ਾਲਾ ਪੰਜਾਬ ਸਰਕਾਰ ਦੁਆਰਾ ਸੂਬੇ ਦੇ ਨਾਗਰਿਕਾਂ ਨੂੰ ਮੁਫ਼ਤ ਯੋਗ ਸਿੱਖਿਆ ਦੇਣ ਦੀ ਇੱਕ ਪਹਿਲ ਹੈ। ਇਸ ਯੋਜਨਾ ਤਹਿਤ ਪੰਜਾਬ ਵਿੱਚ ਪ੍ਰਮਾਣਿਤ ਯੋਗ ਟੀਚਰਾਂ ਦੀ ਇੱਕ ਟੀਮ ਸਥਾਪਤ ਕੀਤੀ ਗਈ ਹੈ ਤਾਂ ਜੋ ਯੋਗ ਨੂੰ ਘਰ ਘਰ ਤੱਕ ਪਹੁੰਚਾਇਆ ਜਾ ਸਕੇ ਅਤੇ ਜਨਤਾ ਨੂੰ ਯੋਗ ਟੀਚਰਾਂ ਦੀ ਸੁਵਿਧਾ ਦੇ ਕੇ ਇਸ ਨੂੰ ਇੱਕ ਜਨ ਅੰਦੋਲਨ ਵਿੱਚ ਬਦਲਿਆ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਦਾ ਉਦੇਸ਼ ਨਾਗਰਿਕਾਂ ਦੀ ਸ਼ਰੀਰਕ ਅਤੇ ਮਾਨਸਿਕ ਸਿਹਤ ਨੂੰ ਬਿਹਤਰ ਬਣਾਉਣ ਵਿੱਚ



ਧਿਆਨ ਅਤੇ ਯੋਗ ਦੇ ਮਹੱਤਵ ਨੂੰ ਉਜਾਗਰ ਕਰਨਾ ਹੈ।

ਉਨ੍ਹਾਂ ਦੱਸਿਆ ਕਿ ਸੀ ਐਮ ਦੀ ਯੋਗਸ਼ਾਲਾ ਤਹਿਤ ਫਰੀਦਕੋਟ ਜ਼ਿਲ੍ਹੇ ਵਿੱਚ ਵੱਖ ਵੱਖ ਥਾਵਾਂ ਤੇ ਕਲਾਸਾਂ ਲਗਾਈਆਂ ਜਾ ਰਹੀਆਂ ਹਨ, ਜਿਸ ਦਾ ਲੋਕ ਭਰਪੂਰ ਆਨੰਦ ਉਠਾ ਰਹੇ ਹਨ। ਉਨ੍ਹਾਂ ਕਿਹਾ ਕਿ ਇਸੇ ਤਹਿਤ ਗੁਰੂਦੁਆਰਾ ਬਾਬਾ ਨਾਮਦੇਵ ਡੋਗਰ ਬਸਤੀ ਗਲੀ ਨੰਬਰ 5 ਵਿਖੇ ਵੀ ਟਰੇਨਰ ਅਮਨਦੀਪ ਕੌਰ ਵੱਲੋਂ ਸ਼ਾਮ 6.15 ਤੋਂ 7.15 ਤੱਕ ਜਿਲ੍ਹਾ ਵਾਸੀਆਂ ਨੂੰ ਯੋਗ ਅਭਿਆਸ ਕਰਵਾਇਆ ਗਿਆ। ਉਨ੍ਹਾਂ ਸਮੂਹ ਜਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਸੀ.ਐਮ. ਦੀ ਯੋਗਸ਼ਾਲਾ ਤਹਿਤ ਜਿਲ੍ਹੇ ਵਿੱਚ ਜਾਰੀ ਯੋਗ ਕੈਂਪਾਂ ਦਾ ਵੱਧ ਤੋਂ ਵੱਧ ਲਾਹਾ ਪ੍ਰਾਪਤ ਕਰਨ।

ਉਨ੍ਹਾਂ ਕਿਹਾ ਕਿ ਯੋਗਾ ਸਿਖਣ ਦੇ ਚਾਹਵਾਨਾਂ ਲਈ ਪੰਜਾਬ ਸਰਕਾਰ ਨੇ ਹੈਲਪਲਾਈਨ ਨੰਬਰ 76694-00500 ਸਥਾਪਿਤ ਕੀਤਾ ਹੈ, ਜਿਸ ਤੇ ਮੁਫਤ ਯੋਗ ਕਲਾਸਾਂ ਆਪਣੇ ਮੁਹੱਲੇ ਵਿੱਚ ਲਗਾਉਣ ਲਈ ਲੋਕ ਮਿਸ ਕਾਲ ਕਰ ਸਕਦੇ ਹਨ। ਇਸ ਤੋਂ ਇਲਾਵਾ cmdiyogsala.punjab.gov.in ਤੇ ਵੀ ਪੰਜੀਕਰਨ ਕੀਤਾ ਜਾ ਸਕਦਾ ਹੈ। ਜੇਕਰ 25 ਲੋਕਾਂ ਦਾ ਸਮੂਹ ਹੋਵੇ ਤਾਂ ਉਹ ਆਪਣੇ ਮੁਹੱਲੇ ਜਾਂ ਕਿਸੇ ਵੀ ਕਾਲੋਨੀ ਵਿੱਚ ਯੋਗ ਕਰਨ ਦੇ ਲਈ ਮੁਫਤ ਯੋਗ ਕਲਾਸਾਂ ਲੈਣ ਲਈ ਫੋਨ ਨੰਬਰ ਤੇ ਮਿਸ ਕਾਲ ਦੇ ਸਕਦੇ ਹਨ।

# ਪਿੰਡਾਂ ਦੇ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਦੀ ਕੀਤੀ ਜਾਵੇ ਸਹੀ ਵਰਤੋਂ : ਡਿਪਟੀ ਕਮਿਸ਼ਨਰ

## ਕਿਹਾ, ਪਹਿਲ ਦੇ ਅਧਾਰ 'ਤੇ ਪਿੰਡਾਂ ਦੇ ਵਿਕਾਸ ਕਰਨ ਨੂੰ ਦਿੱਤੀ ਜਾਵੇ ਤਰਜ਼ੀਹ

ਪੰਜਾਬ ਦਾ ਖੁਲਾਸਾ

**ਭਗਤਾ ਭਾਈਕਾ, 27 ਨਵੰਬਰ (ਅਵਤਾਰ ਸਿੰਘ ਮੱਲਾ)**: ਜ਼ਿਲ੍ਹੇ ਦੇ ਪਿੰਡਾਂ ਅੰਦਰ ਹੋਣ ਵਾਲੇ ਵਿਕਾਸ ਕਾਰਜਾਂ ਸਬੰਧੀ ਦਿੱਤੀਆਂ ਜਾਣ ਵਾਲੀਆਂ ਗ੍ਰਾਂਟਾਂ ਦੀ ਸਹੀ ਢੰਗ ਨਾਲ ਵਰਤੋਂ ਕਰਨੀ ਯਕੀਨੀ ਬਣਾਈ ਜਾਵੇ। ਇਹਨਾਂ ਗੱਲਾਂ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਨੇ ਜ਼ਿਲ੍ਹੇ ਅਧੀਨ ਪੈਂਦੇ ਬਲਾਕ ਭਗਤਾ ਅਤੇ ਫੂਲ ਦੇ ਨਵੇਂ ਚੁਣੇ ਸਰਪੰਚਾਂ ਨਾਲ ਮੀਟਿੰਗ ਕਰਕੇ ਉਹਨਾਂ ਨੂੰ ਪਿੰਡਾਂ ਦੇ ਵਿਕਾਸ ਵਿੱਚ ਆਪਣਾ ਲੋੜੀਦਾ ਯੋਗਦਾਨ ਪਾਉਣ ਲਈ ਉਤਸਾਹਿਤ ਕਰਨ ਮੌਕੇ ਕੀਤਾ।



**ਪਿੰਡਾਂ ਅੰਦਰ ਹੋਣ ਵਾਲੇ ਵਿਕਾਸ ਕਾਰਜਾਂ ਸਬੰਧੀ ਸਰਪੰਚਾਂ ਤੋਂ ਕੀਤੀ ਜਾਣਕਾਰੀ ਹਾਸਲ**

ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਨੇ ਨਵੇਂ ਚੁਣੇ ਸਰਪੰਚਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਪਿੰਡਾਂ ਅੰਦਰ ਹੋਣ ਵਾਲੇ ਵਿਕਾਸ ਕਾਰਜਾਂ ਨੂੰ ਪਹਿਲ ਦੇ ਅਧਾਰ 'ਤੇ ਕੀਤਾ ਜਾਵੇਗਾ ਅਤੇ ਪਿੰਡਾਂ ਨੂੰ ਇੱਕ ਨਮੂਨੇ ਵਜੋਂ ਪੇਸ਼ ਕਰਕੇ ਉਭਾਰਿਆ ਜਾਵੇਗਾ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪਿੰਡਾਂ ਅੰਦਰ ਛੱਪੜਾਂ ਦੀ ਸਾਫ-ਸਫਾਈ ਕਰਵਾ ਕੇ ਉਹਨਾਂ ਨੂੰ ਥਾਪਰ ਮਾਡਲ ਦਾ ਰੂਪ ਦਿੱਤਾ ਜਾਵੇਗਾ।

ਇਸ ਮੌਕੇ ਡਿਪਟੀ ਕਮਿਸ਼ਨਰ ਨੇ ਸਰਪੰਚਾਂ ਕੋਲੋਂ ਪਿੰਡਾਂ ਦੀਆਂ ਸਮੱਸਿਆਵਾਂ ਨੂੰ ਵੀ ਸੁਣਿਆ ਅਤੇ ਜਿਨਾਂ ਨੂੰ ਜਲਦ ਹੱਲ ਕਰਨ ਦਾ ਭਰੋਸਾ ਦਵਾਇਆ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਆਪਸੀ ਸਹਿਯੋਗ ਅਤੇ ਭਾਈਚਾਰਕ ਸਾਂਝ ਕਾਇਮ ਰੱਖਦਿਆਂ ਪਿੰਡਾਂ ਦੇ ਵਿਕਾਸ ਕਾਰਜਾਂ ਨੂੰ ਪਹਿਲ ਦੇ ਆਧਾਰ 'ਤੇ ਕਰਨ ਨੂੰ ਤਰਜੀਹ ਦਿੱਤੀ ਜਾਵੇ।

ਇਸ ਮੌਕੇ ਉਹਨਾਂ ਇਹ ਵੀ ਕਿਹਾ ਕਿ ਆਪੋ ਆਪਣੇ ਪਿੰਡਾਂ ਵਿੱਚ ਚੰਗਾ ਕਾਰਜ ਕਰਨ ਵਾਲੀ ਪੰਚਾਇਤ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ ਜਾਵੇਗਾ।

ਇਸ ਮੌਕੇ ਐਸਡੀਐਮ ਰਾਮਪੁਰਾ ਸ਼੍ਰੀ ਗਗਨਦੀਪ ਸਿੰਘ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਸ ਗੁਰਪ੍ਰਤਾਪ ਸਿੰਘ ਗਿੱਲ, ਕਾਰਜਕਾਰੀ ਇੰਜੀਨੀਅਰ ਸ੍ਰੀ ਮਨਪ੍ਰੀਤ ਸਿੰਘ ਅਰਸ਼ੀ ਤੋਂ ਇਲਾਵਾ ਬਲਾਕ ਭਗਤਾ ਤੇ ਫੂਲ ਦੀ ਸਰਪੰਚ ਆਦਿ ਹਾਜਰ ਸਨ।

# ਸਰਵਹਿੱਤਕਾਰੀ ਵਿੱਦਿਆ ਮੰਦਰ ਭੀਖੀ ਦੇ ਵਿਦਆਰਥੀਆਂ ਨੇ ਰਾਸ਼ਟਰ ਪੱਧਰੀ ਗਣਿਤ ਮੇਲੇ ਵਿੱਚ ਪ੍ਰਾਪਤ ਕੀਤਾ ਤੀਸਰਾ ਸਥਾਨ

ਪੰਜਾਬ ਦਾ ਖੁਲਾਸਾ

**ਭੀਖੀ, 27 ਨਵੰਬਰ (ਕਮਲ ਜਿੰਦਲ)**- ਅਖਿਲ ਭਾਰਤੀ ਸਿੱਖਿਆ ਸੰਸਥਾ ਦੁਆਰਾ 19 ਨਵੰਬਰ ਤੋਂ 22 ਨਵੰਬਰ 2024 ਤੱਕ ਉੜੀਸਾ ਵਿੱਚ ਆਯੋਜਿਤ ਕੀਤੇ ਗਏ ਰਾਸ਼ਟਰ ਪੱਧਰੀ ਗਣਿਤ ਮੇਲੇ ਵਿੱਚ ਸਰਵਹਿੱਤਕਾਰੀ ਵਿੱਦਿਆ ਮੰਦਰ ਭੀਖੀ ਦਾ ਪ੍ਰਦਰਸ਼ਨ ਬਹੁਤ ਹੀ ਸ਼ਲਾਘਾਯੋਗ ਰਿਹਾ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਪ੍ਰਿੰਸੀਪਲ ਡਾ?. ਗਗਨਦੀਪ ਪਰਾਸ਼ਰ ਨੇ ਦੱਸਿਆ ਕਿ ਸਾਡੇ ਲਈ ਇਹ ਬੜੇ ਮਾਣ ਵਾਲੀ ਗੱਲ ਹੈ ਕਿ ਇਸ ਰਾਸ਼ਟਰ ਪੱਧਰੀ ਗਣਿਤ ਮੇਲੇ ਵਿੱਚ ਪ੍ਰਸ਼ਨਮੰਚ ਮੁਕਾਬਲਿਆਂ ਵਿੱਚ ਸਕੂਲ ਦੇ ਕਿਸ਼ੋਰ ਵਰਗ ਦੇ ਵਿਦਆਰਥੀਆਂ ਨਿਸ਼ਾਤ, ਪਰਿਆਂਸ਼, ਯਸਿਕ ਦੀ ਟੀਮ ਨੇ ਤੀਸਰਾ ਸਥਾਨ ਪ੍ਰਾਪਤ ਕਰਕੇ ਆਪਣੇ ਮਾਪਿਆਂ ਅਤੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ। ਇਹ ਵੀ ਦੱਸਣ ਯੋਗ ਹੈ ਕਿ ਕਿਸ਼ੋਰ ਵਰਗ ਦੀ ਇਹ ਟੀਮ ਪਿਛਲੇ ਸਾਲ ਪਹਿਲੇ ਸਥਾਨ ਤੇ ਰਹੀ ਸੀ। ਇਸ ਦੇ ਨਾਲ ਹੀ ਵਿਦਆਰਥੀ ਵਿਵੇਕ ਬਾਂਸਲ ਨੇ ਸਾਇੰਸ ਸਿਟੀ ਕਪੂਰਥਲਾ ਵਿੱਚ ਆਯੋਜਿਤ ਰਾਜ ਪੱਧਰੀ ਵਿਗਿਆਨ ਮਾਡਲ ਪ੍ਰਦਰਸ਼ਨੀ ਮੁਕਾਬਲੇ ਵਿੱਚ ਰਾਜ ਭਰ ਦੇ 200 ਵਿਦਆਰਥੀਆਂ ਵਿੱਚੋਂ ਦੂਸਰਾ ਸਥਾਨ ਪ੍ਰਾਪਤ ਕੀਤਾ। ਇਸ ਵਿਦਆਰਥੀ ਨੂੰ 5000 ਰੁਪਏ ਨਗਦ ਰਾਸ਼ੀ ਪੁਰਸਕਾਰ ਨਾਲ ਵੀ ਸਨਮਾਨਿਤ ਕੀਤਾ ਗਿਆ। ਇਹਨਾਂ ਸਾਰੇ ਬੱਚਿਆਂ ਦੀ ਇਸ ਸਫਲਤਾ ਲਈ ਸਕੂਲ ਪ੍ਰਿੰਸੀਪਲ ਡਾ. ਗਗਨਦੀਪ



ਪਰਾਸ਼ਰ ਅਤੇ ਸਕੂਲ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਵੱਲੋਂ ਸਵੇਰ ਦੀ ਸਭਾ ਵਿੱਚ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦੇ ਹੋਏ ਪ੍ਰਿੰਸੀਪਲ ਸਾਹਿਬ ਨੇ ਇਹਨਾਂ ਵਿਦਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਅਜਿਹੇ ਗਣਿਤ ਮੇਲੇ ਬੱਚਿਆਂ ਵਿੱਚ ਸਿੱਖਣ ਦੀ ਸਮਰੱਥਾ ਵਿੱਚ ਵਾਧਾ ਅਤੇ ਚਿੰਤਨ ਸ਼ਕਤੀ ਦਾ ਵਿਕਾਸ ਕਰਦੇ ਹਨ । ਗਣਿਤ ਵਿਸ਼ੇ ਦੇ ਡਰ ਨੂੰ ਦੂਰ ਕਰਕੇ ਗਣਿਤ ਵਿੱਚ ਰੁਚੀ ਪੈਦਾ ਕਰਨਾ ਹੀ ਇਹਨਾਂ ਮੇਲਿਆਂ ਦਾ ਉਦੇਸ਼ ਹੈ । ਜਿਸ ਲਈ ਹਰ ਇੱਕ ਵਿਦਆਰਥੀ ਲਈ ਇਹਨਾਂ ਮੇਲਿਆਂ ਵਿੱਚ ਭਾਗ ਲੈਣਾ ਜਰੂਰੀ ਹੈ ।

# ਕਿਤਾਬ ਕੌਰਨਾਮਾ ਗੁਰਦੁਆਰਾ ਸ਼ਹੀਦ ਸਿੰਘ ਸਿੰਘਣੀ ਲਾਹੌਰ ਵਿਖੇ ਕੀਤੀ ਜਾਰੀ

## ਖਾੜਕੂ ਸੰਘਰਸ਼ ਦੀਆਂ ਸ਼ਹੀਦ ਬੀਬੀਆਂ ਦੀ ਗਾਥਾ ਇਕ ਇਤਿਹਾਸਕ ਦਸਤਾਵੇਜ਼-ਭਾਈ ਖਨਿਆਣ

ਪੰਜਾਬ ਦਾ ਖੁਲਾਸਾ

**ਬਠਿੰਡਾ, 27 ਨਵੰਬਰ (ਸੁਰਿੰਦਰਪਾਲ ਸਿੰਘ)**: ਖਾੜਕੂ ਸੰਘਰਸ਼ ਦੀਆਂ ਸ਼ਹੀਦ ਬੀਬੀਆਂ ਦੀ ਗਾਥਾ ਕਿਤਾਬ "ਕੌਰਨਾਮਾ" ਗੁਰਦੁਆਰਾ ਸ਼ਹੀਦ ਸਿੰਘ ਸਿੰਘਣੀ ਲਾਹੌਰ ਵਿਖੇ ਵਿਦੇਸ਼ੀ ਸਿੱਖ ਸੰਗਤ ਵੱਲੋਂ ਜੈਕਾਰਿਆਂ ਦੀ ਗੂੰਜ ਵਿਚ ਜਾਰੀ ਕੀਤੀ ਗਈ। ਸੰਗਤਾਂ ਨੂੰ ਸੰਬੋਧਨ ਕਰਦਿਆ ਜਰਮਨੀ ਤੋਂ ਪੁੱਜੇ ਸਿੱਖ ਫੈਡਰੇਸ਼ਨ ਦੇ ਆਗੂ ਤੇ ਸ਼ਹੀਦ ਪਰਿਵਾਰਾਂ 'ਚੋਂ ਭਾਈ ਗੁਰਮੀਤ ਸਿੰਘ ਖਨਿਆਣ ਨੇ ਕਿਹਾ ਕਿ ਸ਼ਹੀਦ ਸਿੰਘਣੀ ਦੀ ਇਹ ਵਾਰਤਾ ਇਕ ਇਤਿਹਾਸਕ ਦਸਤਾਵੇਜ਼ ਹੈ। ਉਹਨਾਂ ਕਿਹਾ ਕਿ ਇਹ ਸਮੁੱਚੇ ਅਦਾਰੇ ਤੇ ਪੰਜਾਬ ਵਾਸੀਆਂ ਲਈ ਫ਼ਖ਼ਰ ਵਾਲੀ ਗੱਲ ਹੈ ਕਿ ਇਹ ਕਿਤਾਬ ਉਸ ਮਹਾਨ ਪਵਿੱਤਰ ਅਸਥਾਨ, ਜਿੱਥੇ ਸ਼ਹੀਦ ਸਿੰਘਾਂ ਤੇ ਸਿੰਘਣੀਆਂ ਨੇ ਸ਼ਹਾਦਤਾਂ ਦਿੱਤੀਆਂ, ਉਸ ਥਾਂ ਤੋਂ ਲਹਿੰਦੇ ਪੰਜਾਬ ਦੇ ਪਾਠਕਾਂ ਲਈ ਜਾਰੀ ਕੀਤੀ ਗਈ। ਉਹਨਾਂ ਕਿਹਾ ਕਿ ਲਾਹੌਰ ਇਕ ਉਹ ਇਤਿਹਾਸਕ ਸਥਾਨ ਹੈ ਜਿਥੋਂ ਸਿੱਖ ਰਾਜ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ ਸਿੱਖ ਸਲਤਨਤ ਦੇ ਸਿੱਕੇ ਜਾਰੀ ਹੁੰਦੇ ਸਨ ਤੇ ਨੀਤੀਆਂ ਘੜੀਆਂ



ਜਾਂਦੀਆਂ ਸਨ। ਵਿਦੇਸ਼ੀ ਸਿੱਖਾਂ ਨਾਲ ਪਾਕਿਤਸਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਰਨਲ ਸਕੱਤਰ ਬੀਬੀ ਸਤਵੰਤ ਕੌਰ ਨੇ ਕਿਤਾਬ ਜਾਰੀ ਕਰਨ ਸਮੇਂ ਕਿਹਾ ਕਿ ਇਹਨਾਂ ਖਾੜਕੂ ਸ਼ਹੀਦ ਬੀਬੀਆਂ ਨੇ ਪੁਰਾਤਨ ਸਿੰਘਣੀਆਂ ਵਾਂਗ ਬੰਦ-ਬੰਦ ਕਟਵਾ ਕੇ ਕੁਰਬਾਨੀਆਂ ਦੇ ਕੇ ਕੌਮ ਦੀ ਲੱਜਾ ਰੱਖੀ ਤੇ ਇਸ ਨੂੰ ਇਤਿਹਾਸ ਨੂੰ ਦਸਤਾਵੇਜ਼ ਦੇ ਰੂਪ ਵਿਚ ਲਿਖ ਕੇ ਸਾਂਭਣਾ ਇਕ ਚੰਗਾ ਕਾਰਜ ਹੈ।

ਜਾਰੀ ਪ੍ਰੈਸ ਬਿਆਨ ਵਿੱਚ ਬਾਬਾ ਹਰਦੀਪ ਸਿੰਘ ਮਹਿਰਾਜ ਨੇ ਦੱਸਿਆ ਕਿ ਭਾਈ ਗੁਰਮੀਤ ਸਿੰਘ ਖਨਿਆਣ ਦੇ ਸਹਿਯੋਗ ਤੇ ਭਾਈ ਦਲਜੀਤ ਸਿੰਘ ਬਿੱਟੂ ਦੀ ਅਗਵਾਈ 'ਚ ਸੀਨੀਅਰ ਪੱਤਰਕਾਰ ਤੇ ਲੇਖਕ ਬਲਜਿੰਦਰ ਸਿੰਘ ਵੱਲੋਂ ਲਿਖੀ ਗਈ ਕਿਤਾਬ "ਕੌਰਨਾਮਾ" ਪਹਿਲੀ ਵਾਰ ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ੍ਹ ਦੀ ਬਰਸੀ 'ਤੇ ਉਹਨਾਂ ਦੇ ਇਤਿਹਾਸਕ ਨਗਰ ਤੋਂ ਜਾਰੀ ਕੀਤੀ ਗਈ, ਕਿਤਾਬ ਚਰਚਾ ਵਿਚ ਆਉਂਣ 'ਤੇ ਕਈ ਦੇਸ਼ਾਂ ਵਿਚ ਕਿਤਾਬ ਦੇ ਵੱਖ ਵੱਖ ਐਡੀਸ਼ਨ ਜਾਰੀ ਕੀਤੇ ਗਏ।

ਇਸ ਮੌਕੇ ਸ਼ਹੀਦ ਪਰਿਵਾਰਾਂ 'ਚੋਂ ਤੇ ਜਰਮਨ ਤੋਂ ਸਿੱਖ ਫੈਡਰੇਸ਼ਨ ਦੇ ਆਗੂ ਭਾਈ ਗੁਰਦਿਆਲ ਸਿੰਘ ਲਾਲੀ, ਭਾਈ ਸੁਖਦੇਵ ਸਿੰਘ ਹੇਰਾਂ, ਭਾਈ ਅਮਰਜੀਤ ਸਿੰਘ ਮੰਗੂਪੁਰ, ਭਾਈ ਮੱਖਣ ਸਿੰਘ ਯੂ.ਐਸ.ਏ., ਭਾਈ ਅਵਤਾਰ ਸਿੰਘ ਪੱਡਾ, ਭਾਈ ਪ੍ਰਿਥੀਪਾਲ ਸਿੰਘ ਬੈਲਜੀਅਮ, ਭਾਈ ਹਰੀ ਸਿੰਘ ਖੱਟਰ ਤੇ ਹੋਰ ਸਿੱਖ ਆਗੂ ਵੀ ਮੌਜੂਦ ਸਨ।

# ਸਿਵਲ ਹਸਪਤਾਲ ਫਿਰੋਜ਼ਪੁਰ 'ਚ ਐਕਸਰੇ ਫਿਲਮਾਂ ਖਤਮ ਵਾਲੇ ਬੋਰਡ ਨੇ ਪੰਜਾਬ ਸਰਕਾਰ ਦੀਆਂ ਵਧੀਆਂ ਸਿਹਤ ਸੇਵਾਵਾਂ ਦੀ ਖੋਲੀ ਪੋਲ

**ਐਕਸਰੇ ਫਿਲਮਾਂ ਖਤਮ ਐਕਸਰੇ ਸੇਵਾਵਾਂ ਠੱਪ ਲੋਕ ਪ੍ਰੇਸ਼ਾਨ।**

**ਮਰੀਜਾਂ ਦੇ ਰਿਸ਼ਤੇਦਾਰ ਮਰੀਜਾਂ ਦੇ ਬਾਹਰੋ ਐਕਸਰੇ ਕਰਵਾਉਣ ਲਈ ਹੋਏ ਮਜਬੂਰ।**

**ਸਿਹਤ ਵਿਭਾਗ ਦੇ ਉਚ ਅਮਲੇ ਵਲੋ ਇਸ ਮਸਲੇ ਤੇ ਧਾਰੀ ਚੁੱਪੀ।**

ਪੰਜਾਬ ਦਾ ਖੁਲਾਸਾ

**ਫਿਰੋਜ਼ਪੁਰ, 27 ਨਵੰਬਰ (ਅਸ਼ੋਕ ਭਾਰਦਵਾਜ)** ਸਤਾ ਚ ਆਉਣ ਤੋ ਪਹਿਲਾਂ ਤੇ ਬਾਅਦ ਚ ਪੰਜਾਬ ਸਰਕਾਰ ਵਲੋ ਸਿਹਤ ਸਹੂਲਤਾਂ ਦੇ ਵੱਡੇ ਵੱਡੇ ਦਾਅਵੇ ਕਰਕੇ ਲੱਖਾਂ ਕਰੋੜਾਂ ਰੁਪਏ ਦੀ ਐਡਵਰਟਾਇਸਮੈਟ ਕੀਤੀ ਗਈ ਤੇ ਚੱਲ ਰਹੀ ਹੈ ਪਰ ਇਹ ਦਾਅਵੇ ਸਿਰਫ ਦਾਅਵੇ ਹੀ ਪ੍ਰਤੀਤ ਹੋ ਰਹੇ ਹਨ ਕਿਉਕਿ ਕਿ ਜਮੀਨੀ ਪੱਧਰ ਦਾ ਲੈਵਲ ਸਿਹਤ ਸਹੂਲਤਾਂ ਤੋ ਬਹੁਤ ਦੂਰ ਹੈ। ਜੇਕਰ ਗੱਲ ਕੀਤੀ ਜਾਏ ਸਿਵਲ ਹਸਪਤਾਲ ਫਿਰੋਜ਼ਪੁਰ ਦੀ ਜੋ ਕਿ ਆਪਣੀਆਂ ਨਕਾਮੀਆਂ ਨੂੰ ਲੈ ਕੇ ਹਮੇਸ਼ਾ ਹੀ ਅਖਬਾਰਾਂ ਦੀਆਂ ਸੁਰਖੀਆਂ ਚ ਛਾਇਆ ਰਹਿੰਦਾ ਹੈ। ਆਏ ਦਿਨ ਕੋਈ ਨਾ ਕੋਈ ਨਾਕਾਮੀ ਦੇਖਣ ਨੂੰ ਆਮ ਮਿਲਦੀ ਹੈ। ਹੁਣ ਤਾਜਾ ਹੀ ਮਾਮਲੇ ਚ ਸਿਵਲ ਹਸਪਤਾਲ ਫਿਰੋਜ਼ਪੁਰ ਚ ਐਕਸਰੇ ਵਿਭਾਗ ਚ ਫਿਲਮਾਂ ਖਤਮ ਵਾਲੇ ਨੋਟਿਸ ਨੇ ਪੰਜਾਬ ਸਰਕਾਰ ਦੀਆਂ ਵਧੀਆਂ ਸਿਹਤ ਸੇਵਾਵਾਂ ਦੀ ਪੋਲ ਖੋਲ ਕੇ ਰੱਖ ਦਿੱਤੀ ਹੈ ਇਕੱਤਰ ਜਾਣਕਾਰੀ ਅਨੁਸਾਰ ਪਿਛਲੇ 4 ਦਿਨ ਤੋ ਐਕਸਰੇ ਵਾਲੀਆਂ ਫਿਲਮਾਂ ਖਤਮ ਹੋਣ ਕਾਰਨ ਐਕਸਰੇ ਵਿਭਾਗ ਚ ਐਕਸਰਿਆ ਦਾ ਕੰਮ ਬਿਲਕੁਲ ਠੱਪ ਪਿਆ ਹੈ ਤੇ ਐਕਸਰੇ ਵਿਭਾਗ ਦੇ ਕਰਮਚਾਰੀਆਂ ਵਲੋ ਆਪਣੀ ਖਿੜਕ ਦੇ ਬਾਹਰ " ਐਕਸਰੇ ਦੀਆਂ ਫਿਲਮਾਂ ਨਾ ਹੋਣ ਕਾਰਨ ਐਕਸਰੇ ਨਹੀ ਹੋਰ ਰਹੇ ਵਾਲੇ ਨੋਟਿਸ ਬੋਰਡ ਨੇ ਸਰਕਾਰ ਦੀਆਂ ਵਧੀਆਂ ਸਿਹਤ ਸੇਵਾਵਾਂ ਦੀਆਂ ਪੋਲਾਂ ਖੋਲ ਕੇ ਰੱਖ ਦਿੱਤੀ ਹੈ ਸਿਵਲ ਹਸਪਤਾਲ ਫਿਰੋਜ਼ਪੁਰ ਚ ਐਕਸਰੇ ਨਾ ਹੋਣ ਕਾਰਨ ਮਰੀਜਾਂ ਦੇ ਰਿਸ਼ਤੇਦਾਰਾਂ ਨੂੰ ਬਾਹਰ ਦਾ ਰੁੱਖ ਕਰਨਾ ਪੈ ਰਿਹਾ ਤੇ ਮਰੀਜ਼ ਦੇ ਰਿਸ਼ਤੇਦਾਰ ਵਿਚਾਰੇ ਮਰੀਜ ਨੂੰ ਸਟੇਚਰ ਤੇ ਪਾ ਕੇ ਬਾਹਰੋ ਐਕਸਰੇ ਕਰਵਾਉਣ ਲਈ ਮਜਬੂਰ ਹੋਏ ਪਏ ਹਨ ਕਿਉਕਿ ਮਰੀਜ ਸਟੇਚਰ ਤੇ ਹੋਣ ਦੇ ਨਾਲ ਉਸਦੇ ਨਾਲ ਕੋਈ ਵੀ ਕਲਾਸ 4 ਮੁਲਾਜਮ ਜਾਂਦਾ ਨਹੀ ਤੇ ਮਰੀਜ ਦੇ ਰਿਸ਼ਤੇਦਾਰਾਂ ਆਪਣੇ ਹੀ ਰਿਸਕ ਤੇ ਬਾਹਰੋ ਐਕਸਰੇ ਕਰਵਾ ਰਹੇ ਹਨ। ਜਦੋ ਇਸ ਬਾਬਤ ਐਕਸਰੇ ਵਿਭਾਗ ਇੰਚਾਰਜ ਮੈਡਮ ਰਚਨਾ ਮਿੱਤਲ ਨਾਲ ਰਾਬਤਾ ਕਾਇਮ ਕੀਤਾ ਗਿਆ ਤਾਂ ਉਹਨਾਂ ਵਲੋ ਕੋਈ ਵੀ ਠੋਸ ਜਵਾਬ ਨਹੀ ਮਿਲਿਆ ਤੇ ਜਦੋ ਐਸ ਐਮ ਉ ਨਿਖਿਲ ਗੁਪਤਾ ਹੁਰਾਂ ਨਾਲ ਫੋਨ ਜਰੀਏ ਰਾਬਤਾ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਉਹਨਾਂ ਦੇ ਅਸਿਸਟੈਂਟ ਵਲੋ ਇਹ ਕਹਿ ਕਿ ਫੋਨ ਕੱਟ ਦਿੱਤਾ ਗਿਆ ਕੇ ਉਹ ਉਪਰੇਸ਼ਨ ਥਿਏਟਰ ਚ ਬੀਜੀ ਹਨ ਇਸ ਤੋ ਬਾਅਦ ਸਿਵਲ ਸਰਜਨ ਮੈਡਮ ਰਾਜਵਿੰਦਰ ਕੌਰ ਨਾਲ ਫੋਨ ਤੇ ਰਾਬਤਾ ਕਾਇਮ ਕੀਤਾ ਗਿਆ ਤਾਂ ਉਨ੍ਹਾ ਦੇ ਕਿਸੇ ਜਾਣਕਾਰ ਨੇ ਇਹ ਕਹਿ ਕੇ ਫੋਨ ਕੱਟ ਦਿੱਤਾ ਕਿ ਮੈਡਮ ਹਜੇ ਮੀਟਿੰਗ ਚ ਵਿਅਸਤ ਹਨ ਸੋ ਇਸ ਮਾਮਲੇ ਸੰਬੰਧੀ ਸਿਹਤ ਵਿਭਾਗ ਦੇ ਉਚ ਅਧਿਕਾਰੀਆਂ ਵਲੋ ਕੋਈ ਠੋਸ ਜਵਾਬ ਨਾ ਦੇਣਾ ਵੀ ਇੱਕ ਚਿੰਤਾਂ ਦਾ ਵਿਸ਼ਾ ਹੈ ਤੇ ਇਹੀ ਅੰਦਾਜਾ ਲਗਾਇਆ ਜਾ ਸਕਦਾ ਹੈ ਕਿ ਲੋਕਾਂ ਨੂੰ ਚੰਗੀਆਂ ਸਿਹਤ ਸੇਵਾਵਾਂ ਦੇਣ ਲਈ ਸਿਹਤ ਵਿਭਾਗ ਵੀ ਸੁਸਤ ਹੀ ਰਹਿੰਦਾ ਹੈ।




ਸੋ ਹੁਣ ਦੇਖਣਾ ਇਹ ਹੋਵੇਗਾ ਕਿ ਸਿਵਲ ਹਸਪਤਾਲ ਫਿਰੋਜ਼ਪੁਰ ਚ ਐਕਸਰੇ ਫਿਲਮਾਂ ਕਦੋ ਆਉਦੀਆਂ ਹਨ ਤੇ ਲੋਕਾਂ ਨੂੰ ਆਈ ਹੋਈ ਪ੍ਰੇਸ਼ਾਨੀ ਤੋ ਕਦੋ ਨਿਜਾਤ ਮਿਲੇਗੀ।

# ਮਾੜੇ ਵਕਤ ਨੇ ਸਿਖਾਇਆ ਚੰਗਾ ਸਬਕ

ਮੇਰੀ ਜ਼ਿੰਦਗੀ ਵਿਚ ਇਕ ਅਜਿਹੀ ਘਟਨਾ ਵਾਪਰੀ ਜੋ ਮੈਨੂੰ ਬਹੁਤ ਕੁਝ ਸਿਖਾ ਗਈ। ਉਸ ਨੇ ਮੈਨੂੰ ਚੰਗੇ-ਮਾੜੇ ਦੀ ਪਛਾਣ ਕਰਵਾ ਦਿੱਤੀ ਜਾਂ ਇਹ ਕਹਿ ਲਓ ਕਿ ਮੈਨੂੰ ਆਪਣੇ-ਪਰਾਏ ਦੀ ਪਛਾਣ ਹੋ ਗਈ। ਜੇ ਇਸ ਤੋਂ ਵੀ ਅੱਗੇ ਆਖਾਂ ਤਾਂ ਮੇਰੇ ਚੰਗੇ ਵਕਤ ਨੇ ਦੁਨੀਆ ਨੂੰ ਦੱਸਿਆ ਕਿ ਮੈਂ ਕਿਹੋ ਜਿਹਾ ਹਾਂ ਤੇ ਮੇਰੇ ਮਾੜੇ ਵਕਤ ਨੇ ਮੈਨੂੰ ਦੱਸਿਆ ਕਿ ਦੁਨੀਆ ਕਿਹੋ ਜਿਹੀ ਹੈ। ਗੱਲ 2022 ਦੀ ਹੈ ਜਦੋਂ ਝੂਠ ਨੂੰ ਸੱਚ ਸਾਬਿਤ ਕਰ ਕੇ ਕੁਝ ਲੋਕਾਂ ਵੱਲੋਂ ਮੇਰੇ 'ਤੇ ਪਰਚਾ ਕਰਵਾ ਦਿੱਤਾ ਗਿਆ ਤੇ ਮੈਨੂੰ ਜੇਲ੍ਹ ਜਾਣਾ ਪਿਆ। ਉਨ੍ਹਾਂ ਲੋਕਾਂ ਵੱਲੋਂ ਮੇਰੇ ਖ਼ਿਲਾਫ਼ ਸਾਜ਼ਿਸ਼ ਰਚ ਕੇ ਇਕ ਵੱਡਾ ਹੰਗਾਮਾ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਸ ਵਿਚ ਉਹ ਕਾਫ਼ੀ ਹੱਦ ਤੱਕ ਸਫਲ ਵੀ ਰਹੇ। ਗੁਰਬਾਣੀ 'ਚ ਲਿਖਿਆ ਹੈ ਕਿ ਸੱਚ ਨੇ ਓੜਕ ਸੱਚ ਰਹਿਣਾ ਹੈ ਤੇ ਝੂਠ ਨੇ ਝੂਠ। ਏਸੇ ਲਈ ਆਖਿਆ ਜਾਂਦਾ ਹੈ ਕਿ ਝੂਠ ਦੇ ਪੈਰ ਨਹੀਂ ਹੁੰਦੇ।

ਮਾੜਾ ਵਕਤ ਮੇਰੇ ਲਈ ਵੀ ਸ਼ਾਇਦ ਚੰਗੇ ਲਈ ਹੀ ਆਇਆ ਹੋਵੇਗਾ ਜਿਸ ਨੇ ਮੈਨੂੰ ਜ਼ਿੰਦਗੀ ਦੀ ਕੌੜੀ ਸੱਚਾਈ ਤੋਂ ਵਾਕਫ਼ ਕਰਵਾ ਦਿੱਤਾ। ਭਾਵੇਂ ਇਸ ਮਾੜੇ ਦੌਰ 'ਚ ਮੈਂ ਬਹੁਤ ਕੁਝ ਗੁਆ ਬੈਠਾ ਪਰ ਪਾਇਆ ਵੀ ਬਹੁਤ ਕੁਝ। ਜੋ ਪਾਇਆ, ਉਸ ਵਿਚ ਸਭ ਤੋਂ ਚੰਗਾ ਇਹ ਪਾਇਆ ਕਿ ਮੈਂ ਪਰਮਾਤਮਾ ਨਾਲ ਜੁੜ ਕੇ ਪੰਜ ਬਾਣੀਆਂ ਸਣੇ ਬਾਕੀ ਪਾਠ ਕਰਨੇ ਸਿੱਖ ਲਏ ਜੋ ਯੂਨੀਵਰਸਿਟੀ 'ਚ ਪੜ੍ਹਦੇ ਹੋਣ ਤੋਂ ਬਾਅਦ ਸ਼ਾਇਦ ਮੈਂ ਕਦੇ ਨਾ ਕੀਤੇ ਹੋਣ।

ਸੁਣਿਆ ਹੈ ਕਿ ਮਾੜੇ ਸਮੇਂ 'ਚ ਬੰਦਾ ਰੱਬ ਦੇ ਜ਼ਿਆਦਾ ਨੇੜੇ ਚਲਾ ਜਾਂਦਾ ਕਿਉਂਕਿ ਉਸ ਸਮੇਂ ਉਸ ਨੂੰ ਹੌਸਲੇ ਦੀ ਲੋੜ ਹੁੰਦੀ ਹੈ ਜੋ ਗੁਰਬਾਣੀ ਤੋਂ ਇਲਾਵਾ ਹੋਰ ਕਿਤੋਂ ਨਹੀਂ ਮਿਲਦਾ। ਮਾੜੇ ਵਕਤ 'ਚ ਸਭ ਪਰਾਏ ਹੋ ਜਾਂਦੇ ਹਨ, ਇੱਥੋਂ ਤੱਕ ਕਿ ਰਿਸ਼ਤੇਦਾਰ, ਸੱਜਣ-ਮਿੱਤਰ ਤੇ ਯਾਰ-ਦੋਸਤ ਸਭ ਪਾਸਾ ਵੱਟ ਜਾਂਦੇ ਹਨ। ਉਸ ਵਕਤ ਸਿਰਫ਼ ਤੇ ਸਿਰਫ਼ ਤੁਹਾਡਾ ਪਰਿਵਾਰ ਜਾਂ ਫਿਰ ਵਾਹਿਗੁਰੂ ਤੁਹਾਡੇ ਨਾਲ ਖੜ੍ਹਦਾ ਹੈ। ਹਾਲਾਂਕਿ ਇਹ ਸੱਚ ਹੈ ਕਿ ਵਕਤ ਚੰਗਾ ਹੋਵੇ ਚਾਹੇ ਮਾੜਾ, ਉਹ ਗੁਜ਼ਰ ਹੀ ਜਾਣਾ ਹੁੰਦਾ ਹੈ। ਪਰ ਪਤਾ ਨਹੀਂ ਕਿਉਂ ਮਨੁੱਖੀ ਸੁਭਾਅ ਔਖੇ ਵੇਲੇ ਸਾਥ ਛੱਡਣ ਦਾ ਆਦੀ ਹੈ।

ਏਸੇ ਲਈ ਬਹੁਤੇ ਲੋਕਾਂ ਦੀ ਫ਼ਿਤਰਤ ਔਖੇ ਵੇਲੇ ਸਾਥ ਛੱਡਣਾ ਹੈ ਪਰ ਜਦੋਂ ਕਿਸੇ ਇਨਸਾਨ 'ਤੇ ਆਇਆ ਮਾੜਾ ਵਕਤ ਗੁਜ਼ਰ ਜਾਂਦਾ ਹੈ ਤਾਂ ਉਸ ਨੂੰ ਮਾੜੇ ਵਕਤ 'ਚ ਸਾਥ ਨਾ ਦੇਣ ਵਾਲਿਆਂ 'ਚੋਂ ਸਭ ਤੋਂ ਵੱਧ ਹਿਰਖ ਆਪਣਿਆਂ 'ਤੇ ਹੁੰਦਾ ਹੈ ਜੋ ਹੋਣਾ ਲਾਜ਼ਮੀ ਵੀ ਹੈ। ਜੇ ਮਾੜੇ ਵਕਤ 'ਚ ਤੁਸੀਂ ਕਿਸੇ ਨੂੰ ਹੌਸਲੇ ਦੇ ਦੋ ਸ਼ਬਦ ਇਹ ਆਖ ਦਿਉ ਕਿ ਘਬਰਾਉਣਾ ਨਹੀਂ, ਮੈਂ ਤੇਰੇ ਨਾਲ ਹਾਂ ਤਾਂ ਇਹ ਲਫ਼ਜ਼ ਉਸ ਲਈ ਰੱਬ 'ਤੇ ਕੀਤੇ ਵਿਸ਼ਵਾਸ ਵਾਂਗ ਹੁੰਦੇ ਹਨ।

ਹਾਂ, ਗੱਲ ਕਰ ਰਿਹਾ ਸੀ ਕਿ ਮਾੜੇ ਸਮੇਂ 'ਚ ਬਹੁਤੇ ਲੋਕਾਂ ਨੇ ਮੇਰਾ ਸਾਥ ਛੱਡ ਦਿੱਤਾ। ਮੇਰੇ ਤੇ ਮੇਰੇ ਪਰਿਵਾਰ ਤੋਂ ਪਾਸਾ ਵੱਟ ਲਿਆ ਸਿਰਫ਼ ਇਸ ਕਰਕੇ ਕਿ ਸ਼ਾਇਦ ਸਾਡਾ ਵੀ ਕੋਈ ਨੁਕਸਾਨ ਨਾ ਹੋ ਜਾਵੇ ਜਾਂ ਸਾਨੂੰ ਕੋਈ ਵਗਾਰ ਨਾ ਪਾ ਦੇਵੇ ਪਰ ਕੁਝ ਕੁ ਲੋਕਾਂ ਨੇ ਮੇਰਾ ਡਟ ਕੇ ਸਾਥ ਵੀ ਦਿੱਤਾ। ਮੈਨੂੰ ਹੌਸਲਾ ਦਿੰਦੇ ਰਹਿਣ ਦੇ ਨਾਲ-ਨਾਲ ਉਨ੍ਹਾਂ ਮੇਰੀ ਮਾੜੇ ਵਕਤ 'ਚ ਹਰ ਸੰਭਵ ਮਦਦ ਵੀ ਕੀਤੀ। ਇਹ ਦੋਵੇਂ ਪੱਖ ਮੈਨੂੰ ਸ਼ਾਇਦ ਕਦੇ ਭੁੱਲ ਨਾ ਸਕਣ। ਇਹ ਮੇਰੀ ਜ਼ਿੰਦਗੀ ਦਾ ਹਿੱਸਾ ਬਣ ਕੇ ਮੇਰੇ ਜ਼ਿਹਨ 'ਚ ਰਹਿਣਗੇ।

ਬਾਦਸ਼ਾਹ ਅਕਬਰ ਨੂੰ ਬੀਰਬਲ 'ਤੇ ਬੜਾ ਗੁੱਸਾ ਆਇਆ ਤੇ ਉਸ ਨੇ ਉਸ ਨੂੰ ਫਾਂਸੀ ਦਾ ਹੁਕਮ ਸੁਣਾ ਦਿੱਤਾ ਪਰ ਨਾਲ ਹੀ ਕਹਿ ਦਿੱਤਾ ਕਿ ਫਾਂਸੀ ਮੇਰੀ ਹਾਜ਼ਰੀ 'ਚ ਦਿੱਤੀ ਜਾਵੇ। ਇਸੇ ਦੌਰਾਨ ਇਕ ਦਿਨ ਅਕਬਰ ਸ਼ਿਕਾਰ ਕਰਦਾ ਹੋਇਆ ਜੰਗਲ 'ਚ ਦੂਰ ਨਿਕਲ ਗਿਆ ਜਿੱਥੇ ਕੁਝ ਜੰਗਲੀ ਲੋਕਾਂ ਨੇ ਉਸ ਨੂੰ ਫੜ ਲਿਆ। ਜਦੋਂ ਉਹ ਬਲੀ ਦੇਣ ਲੱਗੇ ਤਾਂ ਉਨ੍ਹਾਂ ਵੇਖਿਆ ਕਿ ਬਾਦਸ਼ਾਹ ਦੀ ਤਾਂ ਇਕ ਉਂਗਲ ਵੱਢੀ ਹੋਈ ਹੈ। ਬਲੀ ਤਾਂ ਸੰਪੂਰਨ ਬੰਦੇ ਦੀ ਚਾਹੀਦੀ ਹੈ। ਇਸ ਲਈ ਉਨ੍ਹਾਂ ਬਾਦਸ਼ਾਹ ਨੂੰ ਛੱਡ ਦਿੱਤਾ। ਬਾਦਸ਼ਾਹ ਨੇ ਸੋਚਿਆ ਕਿ ਬੀਰਬਲ ਸਹੀ ਗੱਲ ਕਹਿੰਦਾ ਸੀ ਕਿ ਵਧੀਆ ਹੋਇਆ। ਜੰਗਲ ਤੋਂ ਵਾਪਸ ਆ ਕੇ ਉਸ ਨੇ ਬੀਰਬਲ ਨੂੰ ਕਿਹਾ ਕਿ ਮੈਂ ਤੇਰੀ ਫਾਂਸੀ ਦੀ ਸਜ਼ਾ ਮਾਫ਼ ਕਰ ਦਿੱਤੀ ਹੈ। ਬੀਰਬਲ ਨੇ ਕਿਹਾ, "ਵਧੀਆ ਹੋਇਆ।" ਅਕਬਰ ਨੇ ਪੁੱਛਿਆ ਕਿ ਉਹ ਕਿਵੇਂ? ਬੀਰਬਲ ਨੇ ਕਿਹਾ, "ਬਾਦਸ਼ਾਹ ਸਲਾਮਤ, ਜੇ ਤੁਸੀਂ ਉਸ ਦਿਨ ਮੈਨੂੰ ਫਾਂਸੀ ਦੀ ਸਜ਼ਾ ਨਾ ਸੁਣਾਈ ਹੁੰਦੀ ਤਾਂ ਮੈਂ ਤੁਹਾਡੇ ਨਾਲ ਹੋਣਾ ਸੀ ਤੇ ਉਨ੍ਹਾਂ ਲੋਕਾਂ ਨੇ ਮੇਰੀ ਬਲੀ ਲੈ ਲੈਣੀ ਸੀ। ਇਸ ਲਈ ਜੋ ਹੁੰਦਾ ਹੈ, ਵਧੀਆ ਹੀ ਹੁੰਦਾ ਹੈ। ਇਨਸਾਨ ਨੂੰ ਹਮੇਸ਼ਾ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਰੱਬ ਜੋ ਕਰਦੈ, ਵਧੀਆ ਹੀ ਕਰਦੈ। ਮੈ ਪਾਠਕਾਂ ਨਾਲ ਉੱਪਰ ਗੱਲ ਸਾਂਝੀ ਕਰ ਰਿਹਾ ਸੀ ਕਿ ਕੁਝ ਸਮਾਂ ਪਹਿਲਾਂ ਕਿਸੇ ਕਾਰਨ ਮੈਨੂੰ ਜੇਲ੍ਹ ਜਾਣਾ ਪੈ ਗਿਆ। ਹਰਿਆਣਾ ਦੀ ਉਸ ਜੇਲ੍ਹ ਅੰਦਰ 2300 ਦੇ ਲਗਪਗ ਹਵਾਲਾਤੀ ਤੇ ਕੈਦੀ ਸਨ ਜਿਨ੍ਹਾਂ ਵਿਚ ਸਰਦਾਰਾਂ ਦੀ ਗਿਣਤੀ ਮਸਾਂ 40-50 ਹੋਵੇਗੀ ਪਰ ਉਨ੍ਹਾਂ ਦੀ ਸਰਦਾਰੀ ਪੂਰੀ ਸੀ।

ਹਰ ਪਾਸੇ ਉਨ੍ਹਾਂ ਦਾ ਦਬਦਬਾ ਸੀ। ਬੈਰਕਾਂ 'ਚ ਜ਼ਿਆਦਤਰ ਪੰਜਾਬੀ ਗਾਣੇ ਵੱਜਦੇ ਸੁਣਾਈ ਦਿੰਦੇ ਸਨ। ਜੇਲ੍ਹ 'ਚ ਰੇਡੀਓ ਤੋਂ ਵੀ ਪੰਜਾਬੀ ਗਾਣੇ ਸੁਣਨ ਨੂੰ ਮਿਲਦੇ ਸਨ। ਖ਼ੈਰ, ਅਗਲੀ ਵਿਸ਼ੇਸ਼ ਗੱਲ ਜੋ ਪਾਠਕਾਂ ਨਾਲ ਸਾਂਝੀ ਕਰਨਾ ਚਾਹੁੰਦਾ ਹਾਂ, ਉਹ ਇਹ ਹੈ ਕਿ ਜੇਲ੍ਹ ਅੰਦਰ ਬਣੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨਾਲ ਸਲਾਹ-ਮਸ਼ਵਰਾ ਕਰ ਕੇ ਅਸੀਂ ਸਾਰਿਆਂ ਨੇ ਜੇਲ੍ਹ ਪ੍ਰਸ਼ਾਸਨ ਤੋਂ ਆਗਿਆ ਲੈ ਲਈ ਤੇ ਬਾਬਾ ਨਾਨਕ ਜੀ ਦੇ ਪ ?ਕਾਸ਼ ਦਿਹਾੜੇ 'ਤੇ ਪ੍ਰਭਾਤ ਫੇਰੀ ਕੱਢਣ ਦਾ ਪ੍ਰੋਗਰਾਮ ਉਲੀਕ ਲਿਆ। ਗੁਰਪੁਰਬ ਵਾਲੇ ਦਿਨ ਤੜਕੇ ਅਸੀਂ ਸਾਰੇ ਗੁਰੂਘਰ ਵਿਚ ਇਕੱਠੇ ਹੋ ਗਏ। ਪ੍ਰਭਾਤ ਫੇਰੀ ਕੱਢੇ ਜਾਣ ਨੂੰ ਲੈ ਕੇ ਸਭ ਅੰਦਰ ਪੂਰਾ ਉਤਸ਼ਾਹ ਸੀ। ਸਭ ਨੇ ਗੁਰੂਘਰ ਵਿਖੇ ਮੱਥਾ ਟੇਕਿਆ, ਅਰਦਾਸ ਕੀਤੀ। ਇਸ ਉਪਰੰਤ ਸੰਗਤਾਂ ਵੱਲੋਂ ਨਿਸ਼ਾਨ ਸਾਹਿਬ ਤੇ ਢੋਲਕੀ-ਛੈਣੇ ਲੈ ਕੇ ਪ੍ਰਭਾਤ ਫੇਰੀ ਦੀ ਸ਼ੁਰੂਆਤ ਕੀਤੀ ਗਈ। ਬੇਸ਼ੱਕ ਸਾਡੇ ਵਿੱਚੋਂ ਕਿਸੇ ਨੂੰ ਪੂਰੇ ਸ਼ਬਦ ਬੋਲਣੇ ਨਹੀਂ ਆਉਂਦੇ ਸਨ। ਸੰਗਤ ਵਿੱਚੋਂ ਕੁਝ ਕੁ ਨੇ ਸ਼ਬਦਾਂ ਦਾ ਉਚਾਰਨ ਕੀਤਾ ਤੇ ਬਾਕੀ ਸੰਗਤ ਵੱਲੋਂ ਮਗਰ-ਮਗਰ ਸ਼ਬਦਾਂ ਨੂੰ ਬੋਲਿਆ ਗਿਆ। ਸਾਰੀਆਂ ਬੈਰਕਾਂ ਦੇ ਬਾਹਰੋਂ-ਬਾਹਰ ਕੱਢੀ ਗਈ ਪ੍ਰਭਾਤ ਫੇਰੀ ਦੌਰਾਨ 'ਜੋ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਵੀ ਛੱਡੇ ਜਾਂਦੇ ਰਹੇ। ਜੇਲ੍ਹ ਅੰਦਰ ਗੂੰਜਦੇ ਜੈਕਾਰਿਆਂ ਦੀ ਗੂੰਜ ਨਾਲ ਇੰਜ ਜਾਪ ਰਿਹਾ ਸੀ ਜਿਵੇਂ ਅਸੀਂ ਜੇਲ੍ਹ 'ਚ ਨਾ ਹੋ ਕੇ ਕਿਸੇ ਗੁਰੂਘਰ 'ਚ ਹੋਈਏ। ਪ੍ਰਭਾਤ ਫੇਰੀ ਦੌਰਾਨ ਬੈਰਕਾਂ ਦੇ ਬਾਹਰ ਹਵਾਲਾਤੀਆਂ ਤੇ ਕੈਦੀਆਂ ਵੱਲੋ ਪ੍ਰਭਾਤ ਫੇਰੀ ਦਾ ਸਵਾਗਤ ਕੀਤਾ ਗਿਆ ਤੇ ਸੰਗਤ ਵਾਸਤੇ ਬਿਸਕੁਟਾਂ ਤੇ ਲੱਡੂਆਂ ਦੇ ਲੰਗਰ ਦੀ ਸੇਵਾ ਕੀਤੀ ਗਈ। ਸੱਚ ਜਾਣਿਓ, ਸਾਨੂੰ ਮਹਿਸੂਸ ਹੀ ਨਹੀਂ ਹੋ ਰਿਹਾ ਸੀ ਕਿ ਅਸੀਂ ਜੇਲ੍ਹ ਦੇ ਅੰਦਰ ਪ੍ਰਭਾਤ ਫੇਰੀ ਕੱਢ ਰਹੇ ਹਾਂ। ਜੇਲ੍ਹ ਸੁਪਰਡੈਂਟ ਅਮਿਤ ਭਾਦੂ, ਉਪ ਜੇਲ੍ਹ ਸੁਪਰਡੈਂਟ ਮੈਡਮ ਤੇ ਚੱਕਰ ਹੌਲਦਾਰ ਰਾਮ ਸਰੂਪ ਸਮੇਤ ਸਾਰੇ ਪ੍ਰਸ਼ਾਸਨ ਵੱਲੋਂ ਸਾਨੂੰ ਪੂਰਾ ਸਹਿਯੋਗ ਦਿੱਤਾ ਗਿਆ। ਜਦਕਿ ਇਸ ਤੋਂ ਪਹਿਲਾਂ ਸਿਵਾਏ ਬਚਪਨ ਨੂੰ ਛੱਡ ਕੇ ਮੈਂ ਆਪਣੇ ਸ਼ਹਿਰ ਅੰਦਰ ਕੱਢੀ ਜਾਣ ਵਾਲੀ ਪ੍ਰਭਾਤ ਫੇਰੀ 'ਚ ਕਦੇ ਸ਼ਾਮਲ ਨਹੀਂ ਹੋਇਆ ਸਾਂ। ਪਰ ਉਸ ਦਿਨ ਲੱਗਾ ਕਿ ਜੇਲ੍ਹ ਅੰਦਰ ਆਉਣਾ ਵੀ ਸ਼ਾਇਦ ਵਧੀਆ ਹੀ ਹੋਇਆ ਹੈ। ਜੇਲ੍ਹ ਅੰਦਰ ਗੁਰੂ ਕਾ ਲੰਗਰ ਲਾਉਣਾ ਤੇ ਨਿਸ਼ਾਨ ਸਾਹਿਬ ਚੜ੍ਹਾਉਣ ਦੀ ਸੇਵਾ ਕਰਨੀ ਵੀ ਸਦਾ ਯਾਦ ਰਹੇਗੀ।

# ਰੇਡੀਐਂਟ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੀ ਮੰਨਤ ਕੰਬੋਜ਼ ਨੇ ਰਾਜ ਪੱਧਰੀ ਮੁਕਾਬਲਿਆਂ ਵਿੱਚ ਫਿਰ ਮਾਰੀ ਬਾਜ਼ੀ, ਜਿੱਤਿਆ ਕਾਂਸੇ ਦਾ ਤਗਮਾ

## ਦੋ- ਦੋ ਵਾਰ ਰਾਜ ਪੱਧਰੀ ਮੁਕਾਬਲਿਆਂ ਵਿੱਚ ਧੂੰਮਾਂ ਮਚਾ ਚੁੱਕੀ ਹੈ ਮੰਨਤ ਕੰਬੋਜ਼

ਪੰਜਾਬ ਦਾ ਖੁਲਾਸਾ

**ਪੰਨੀ ਵਾਲਾ ਫੱਤਾ, 27 ਨਵੰਬਰ (ਬਲਕਰਨ ਜਟਾਣਾ)**- ਪੰਜਾਬ ਸਕੂਲ ਸਿੱਖਿਆ ਬੋਰਡ ਦੇ ਵੱਲੋਂ 68ਵੀ ਰਾਜ ਪੱਧਰੀ ਐਥਲੇਟਿਕਸ ਸਕੂਲੀ ਖੇਡਾਂ ਦਾ ਆਗਾਜ਼ ਕੀਤਾ ਗਿਆ ਹੈ । ਜਿਸ ਦੇ ਤਹਿਤ ਰੈਡੀਐਂਟ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥਣ ਨੇ ਮੰਨਤ ਕੰਬੋਜ਼ ਨੇ ਵੱਡੀਆਂ ਮੱਲਾਂ ਮਾਰੀਆਂ । ਜ਼ਿਕਰਯੋਗ ਹੈ ਕਿ 'ਖੇਡਾਂ ਵਤਨ ਪੰਜਾਬ ਦੀਆਂ' ਰਾਜ ਪੱਧਰੀ ਮੁਕਾਬਲਿਆਂ ਵਿੱਚ ਵੀ ਮੰਨਤ ਕੰਬੋਜ਼ ਨੇ ਕਾਂਸੇ ਦਾ ਤਗਮਾ ਜਿੱਤ ਕੇ ਫਾਜ਼ਿਲਕਾ ਜਿਲ੍ਹੇ ਦਾ ਨਾਮ ਰੌਸ਼ਨ ਕੀਤਾ ਹੈ।ਇਹ ਮੁਕਾਬਲੇ ਪੰਜਾਬ ਰਾਜ ਪੱਧਰੀ ਸਨ ਜਿਹਨਾਂ ਵਿੱਚ ਪੰਜਾਬ ਭਰ ਦੇ ਵੱਖ- ਵੱਖ ਇਲਾਕਿਆਂ ਦੇ ਵਿਦਿਆਰਥੀਆਂ ਨੇ ਸ਼ਿਰਕਤ ਕੀਤੀ। ਇਹ ਮੁਕਾਬਲੇ ਲੁਧਿਆਣਾ ਵਿਖੇ ਕਰਵਾਏ ਗਏ। ਮੁਕਾਬਲੇ ਬਹੁਤ ਫਸਵੇਂ ਸਨ ਜਿਹਨਾਂ ਵਿੱਚ ਚੋਟੀ ਦੇ ਖਿਡਾਰੀਆਂ ਨੇ। ਹਿੱਸਾ ਲਿਆ।ਇਹ ਮੁਕਾਬਲੇ ਅੰਡਰ 17 ਵਰਗਾਂ ਦੇ ਸਨ। ਮੰਨਤ ਕੰਬੋਜ਼ ਨੇ ਪੂਰੇ ਜੋਸ਼ ਦੇ ਨਾਲ ਇਹਨਾਂ ਮੁਕਾਬਲਿਆਂ ਦੌਰਾਨ ਜਿੱਤ ਪ੍ਰਾਪਤ ਕਰਕੇ ਧੂੰਮਾਂ ਪਾਈਆਂ।ਇਸ ਮੌਕੇ ਤੇ ਰੇਡੀਐਂਟ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਪ੍ਰਿੰਸੀਪਲ ਮੈਡਮ ਸ਼੍ਰੀ ਨੀਤੀ ਸਿੰਘ ਨੇ ਬੋਲਿਆ ਬੋਲਦਿਆਂ ਕਿਹਾ ਕਿ ਸਕੂਲ ਦੇ ਵੱਲੋਂ ਵਿਦਿਆਰਥੀ ਦੇ ਲਈ ਹਰ ਪ੍ਰਕਾਰ ਦੀਆਂ ਖੇਡਾਂ ਵਿੱਚ ਭਾਗੀਦਾਰੀ ਦੇਣ ਦੇ ਲਈ ਵਚਨਬੱਧ ਕੀਤਾ ਜਾਂਦਾ ਹੈ । ਇਸ ਮੌਕੇ ਤੇ ਪ੍ਰਿੰਸੀਪਲ ਮੈਡਮ ਦੇ ਵੱਲੋਂ ਚੁਣੇ ਗਏ ਵਿਦਿਆਰਥੀਆਂ ਅਤੇ ਸਰੀਰਕ ਸਿੱਖਿਆ ਅਧਿਆਪਕ ਪ੍ਰਿਅੰਕਾ ਰਾਣੀ ਨੂੰ ਵੀ ਮੁਬਾਰਕਬਾਦ ਅਤੇ ਸੂਬਾ ਪੱਧਰੀ ਇਸ ਟੂਰਨਾਮੈਂਟ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹਨਾਂ ਸੂਬਾ ਪੱਧਰੀ ਮੁਕਾਬਲਿਆਂ ਵਿੱਚ ਛੋਟੇ ਬੱਚਿਆਂ ਵਿੱਚ ਆਪਣੀ ਖੇਡ ਪ੍ਰਤੀ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ।




# ਕਮਲਾ ਨਹਿਰੂ ਕਾਲਜ ਫ਼ਾਰ ਵੂਮੈਨ, ਫਗਵਾੜਾ ਦੀ ਐੱਨਐੱਸਐੱਸ ਯੂਨਿਟ ਵੱਲੋਂ ਰਾਸ਼ਟਰੀ ਸੰਵਿਧਾਨ ਦਿਵਸ ਮਨਾਇਆ ਗਿਆ

ਪੰਜਾਬ ਦਾ ਖੁਲਾਸਾ

**ਫਗਵਾੜਾ, 27 ਨਵੰਬਰ (ਪ੍ਰੀਤ ਕੌਰ ਪ੍ਰੀਤੀ)** ਕਾਲਜ ਪ੍ਰਿੰਸੀਪਲ ਡਾ: ਸਵਿੰਦਰ ਪਾਲ ਦੀ ਯੋਗ ਅਗਵਾਈ ਹੇਠ ਕਮਲਾ ਨਹਿਰੂ ਕਾਲਜ ਫ਼ਾਰ ਵੂਮੈਨ, ਫਗਵਾੜਾ ਦੀ ਐੱਨਐੱਸਐੱਸ ਯੂਨਿਟ ਵੱਲੋਂ 26 ਨਵੰਬਰ, 2024 ਨੂੰ ਰਾਸ਼ਟਰੀ ਸੰਵਿਧਾਨ ਦਿਵਸ ਮਨਾਇਆ ਗਿਆ। ਇਸ ਮੌਕੇ ਸਹੁੰ ਚੁੱਕ ਸਮਾਗਮ ਅਤੇ ਵੱਖ-ਵੱਖ ਮੁਕਾਬਲੇ ਕਰਵਾਏ ਗਏ। ਸਮਾਗਮ ਦੀ ਸ਼ੁਰੂਆਤ ਵਾਈਸ ਪਿੰ੍ਰਸੀਪਲ ਡਾ: ਰੁਮਿੰਦਰ ਕੌਰ, ਐਨਐਸਐਸ ਪ੍ਰੋਗਰਾਮ ਅਫ਼ਸਰ ਮੈਡਮ ਨਿਧੀ ਜੱਸਲ ਅਤੇ ਡਾ: ਲਲਿਤ ਕੁਮਾਰ ਅਤੇ ਐਨਐਸਐਸ ਵਲੰਟੀਅਰਾਂ ਵੱਲੋਂ ਸਹੁੰ ਚੁੱਕ ਸਮਾਗਮ ਨਾਲ ਕੀਤੀ ਗਈ। ਇਸ ਸਮਾਗਮ ਵਿੱਚ ਪੋਸਟਰ ਮੇਕਿੰਗ ਅਤੇ ਸਲੋਗਨ ਲਿਖਣ ਦੇ ਮੁਕਾਬਲੇ ਕਰਵਾਏ ਗਏ। ਵਾਈਸ ਪਿੰ੍ਰਸੀਪਲ ਡਾ: ਰੁਮਿੰਦਰ ਕੌਰ ਨੇ ਵਲੰਟੀਅਰਾਂ ਨੂੰ ਇਸ ਦਿਵਸ ਨੂੰ ਮਨਾਉਣ ਦੀ ਮਹੱਤਤਾ ਬਾਰੇ ਦੱਸਿਆ ਇਸ ਸਮਾਗਮ ਵਿੱਚ ਲਗਭਗ 60 ਐਨਐਸਐਸ ਵਾਲੰਟੀਅਰਾਂ ਨੇ ਭਾਗ ਲਿਆ। ਕਾਲਜ ਪਿੰ੍ਰਸੀਪਲ ਡਾ: ਸਵਿੰਦਰ ਪਾਲ ਨੇ ਐਨ.ਐਸ.ਐਸ ਪ੍ਰੋਗਰਾਮ ਅਫ਼ਸਰ ਮੈਡਮ ਨਿਧੀ ਜੱਸਲ ਅਤੇ ਡਾ: ਲਲਿਤ ਕੁਮਾਰ ਵਲੋਂ ਕੀਤੇ ਗਏ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਭਵਿੱਖ ਵਿਚ ਅਜਿਹੇ ਹੋਰ ਪ੍ਰੋਗਰਾਮ ਕਰਵਾਉਣ ਲਈ ਪ੍ਰੇਰਿਤ ਕੀਤਾ

